
NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED
Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday
Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON
A $40/MO DATA, TALK & TEXT PLAN
chatr™
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ >>

ਬੋਲਿਆ ਰਾਹੁਲ ਬਜਾਜ ਤਾਂ ਹੋਈ ਹਲਚਲ,
ਦਿਲ ਦੀ ਬਾਤ ਉਸ ਖੋਲ੍ਹ ਸੁਣਾਈ ਮਿੱਤਰ।
ਕਹਿੰਦਾ ਡਰਦਾ ਕੋਈ ਖੁੱਲ੍ਹ ਕੇ ਬੋਲਦਾ ਨਹੀਂ,
ਹਰ ਕੋਈ ਬੋਲਦਾ ਜਾਂਦਾ ਘਬਰਾਈ ਮਿੱਤਰ।
ਪਤਾ ਨਹੀਂ ਅਰਥ ਸਰਕਾਰ ਕੀ ਕੱਢ ਲੈਣਾ,
ਹਾਲਤ ਇਹੋ ਜਿਹੀ ਪਈ ਬਣਾਈ ਮਿੱਤਰ।
ਅਮਿਤ ਸ਼ਾਹ ਦੇ ਜੁੜੇ ਸਨ ਦੰਦ ਰਹਿ ਗਏ,
ਹਲਚਲ ਏਦਾਂ ਦੀ ਸਾਹਮਣੇ ਆਈ ਮਿੱਤਰ।
ਖੜੋਤੇ ਪਾਣੀਆਂ ਉੱਪਰ ਜਿਸ ਢੀਮ ਮਾਰੀ,
ਹਿੰਮਤ ਸਿਖਰ ਦੀ ਓਸ ਤਾਂ ਕਰੀ ਮਿੱਤਰ।
ਦੰਦਲ ਕਈਆਂ ਦੀ ਅਜੇ ਤੱਕ ਨਹੀਂ ਟੁੱਟੀ,
ਜਾਂ ਉਹ ਹਓਕੇ ਆ ਜਾਂਵਦੇ ਭਰੀ ਮਿੱਤਰ।

**ਤੀਸ ਮਾਰ ਖਾਂ**

# ਚੋਣਾਂ ਤੋਂ ਪਹਿਲਾਂ ਸਿਰਸਾ ਨੇ ਦਿੱਲੀ ਦੀ ਸਿਆਸਤ ਵਿੱਚ ਔਰੰਗਜ਼ੇਬ ਮੁੱਦਾ ਉਛਾਲਿਆ

### * ਔਰੰਗਜ਼ੇਬ ਲੇਨ ਦੇ ਸਾਈਨ ਬੋਰਡ ਉੱਤੇ ਸਿਰਸਾ ਨੇ ਕਾਲਖ਼ ਫੇਰੀ




ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਵਿਧਾਇਕ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਸੜਕਾਂ ਅਤੇ ਦੇਸ਼ ਦੀਆਂ ਕਿਤਾਬਾਂਵਿੱਚੋਂ ਔਰੰਗਜ਼ੇਬ ਦੇ ਨਾਂ ਨੂੰ ਹਟਾਉਣ ਦੀ ਮੰਗ ਕੀਤੀ ਅਤੇ ਇਸ ਦੇ ਲਈ ਉਹ ਸੜਕਾਂ ਉੱਤੇ ਨਿਕਲ ਆਏ ਹਨ।

ਅੱਜ ਦਿੱਲੀ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਔਰੰਗਜ਼ੇਬ ਲੇਨ ਵਾਲਾ ਸਾਈਨ ਬੋਰਡ ਰੰਗ ਫੇਰ ਕੇ ਕਾਲਾ ਕਰ ਦਿੱਤਾ। ਇਸ ਮੌਕੇ ਉਨ੍ਹਾ ਦੇ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਵੀ ਸਨ। ਇਹਸਾਈਨ ਬੋਰਡ ਕਾਲਾ ਕਰਨ ਪਿੱਛੋਂ ਸਿਰਸਾ ਨੇ ਕਿਹਾ ਕਿ ਔਰੰਗਜ਼ੇਬ ਵੱਲੋਂ ਜ਼ਬਰਦਸਤੀ ਧਰਮ ਬਦਲਵਾਉਣ ਦੇ ਖ਼ਿਲਾਫ਼ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਸ਼ਹੀਦੀ ਦਿੱਤੀ ਸੀ। ਸਿਰਸਾ ਨੇ ਔਰੰਗਜ਼ੇਬ ਨੂੰ ਕਾਤਲ ਦੱਸਦੇ ਹੋਏ ਕਿਹਾ ਕਿ ਸਾਰੇ ਦੇਸ਼ ਦੀਆਂ ਕਿਤਾਬਾਂ ਵਿੱਚਉਸ ਦਾ ਸਿਲੇਬਸ ਹਟਾਇਆ ਜਾਵੇ ਤੇ ਜਿੱਥੇ-ਜਿੱਥੇ ਔਰੰਗਜ਼ੇਬ ਦੇ ਨਾਂ ਉੱਤੇ ਸੜਕਾਂ ਹਨ, ਸਭ ਦਾ ਨਾਂ ਬਦਲ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਔਰੰਗਜ਼ੇਬ ਹਿੰਦੂਆਂ ਦਾ ਜਬਰੀ ਧਰਮ ਤਬਦੀਲ ਕਰਦਾ ਸੀ, ਲੱਖਾਂ ਹਿੰਦੂਆਂ ਦਾ ਕਾਤਲ ਸੀ, ਉਸ ਦੇ ਨਾਂ ਉੱਤੇ ਸੜਕ ਹਿੰਦੂਆਂ ਤੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੈ।

ਵਰਨਣ ਯੋਗ ਹੈ ਕਿ ਸਾਲ 2015 ਵਿੱਚਨਵੀਂ ਦਿੱਲੀ ਨਗਰ ਨਿਗਮ ਨੇ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ ਸਾਬਕਾ ਰਾਸ਼ਟਰਪਤੀ ਡਾ: ਏਪੀਜੇ ਅਬਦੁਲ ਕਲਾਮ ਦੇ ਨਾਂਅ ਉੱਤੇ ਰੱਖ ਦਿੱਤਾ ਸੀ, ਪਰ ਲੇਨ ਦਾ ਨਾਂ ਨਹੀਂ ਬਦਲਿਆਸੀ। ਓਦੋਂਔਰੰਗਜ਼ੇਬ ਰੋਡ ਦਾ ਨਾਂ ਬਦਲਣ ਦਾ ਕੁਝ ਮੁਸਲਿਮ ਸੰਗਠਨਾਂ ਨੇ ਵਿਰੋਧ ਕੀਤਾ ਸੀ ਤੇ ਮੀਡੀਆ ਰਿਪੋਰਟਾਂ ਅਨੁਸਾਰ ਓਦੋਂ ਜਮਾਇਤੇ ਇਸਲਾਮੀ ਹਿੰਦ ਦੇ ਵਫ਼ਦ ਨੇ ਅਪ੍ਰੈਲ 2016 ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਰੋਸ ਕੀਤਾ ਤਾਂ ਕੇਜਰੀਵਾਲ ਨੇ ਔਰੰਗਜ਼ੇਬ ਰੋਡ ਦਾ ਨਾਂ ਬਦਲਣ ਉੱਤੇ ਅਫਸੋਸ ਪ੍ਰਗਟ ਕੀਤਾ ਅਤੇ ਕਿਹਾ ਸੀ ਕਿ ਫ਼ੈਸਲਾ ਨਵੀਂ ਦਿੱਲੀ ਨਗਰ ਨਿਗਮ ਦਾ ਹੈ।ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਮਹੇਸ਼ ਗਿਰੀ ਨੇ ਇਸ ਤੋਂ ਪਹਿਲਾਂ ਸਾਲ 2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚਿੱਠੀ ਲਿਖ ਕੇ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ ਮਰਹੂਮ ਡਾਕਟਰ ਏਪੀਜੇ ਅਬਦੁਲ ਕਲਾਮ ਦੇ ਨਾਂ ਉੱਤੇ ਰੱਖਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਸੀ ਕਿ ਸਮਾਂ ਆ ਗਿਆ ਹੈ ਕਿ ਇਤਿਹਾਸ ਦੀਆਂ ਭੁੱਲਾਂ ਸੁਧਾਰੀਆਂ ਜਾਣ। ਮਹੇਸ਼ ਗਿਰੀ ਦੀ ਚਿੱਠੀ ਦੇ ਇਕ ਮਹੀਨੇ ਪਿੱਛੋਂ 28 ਅਗਸਤ 2015 ਨੂੰ ਇਸ ਦਾ ਨਾਂ ਬਦਲ ਦਿੱਤਾ ਗਿਆ ਸੀ।

ਸਮਝਿਆ ਜਾਂਦਾ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਇਹ ਮੁੱਦਾ ਇਕ ਵਾਰ ਫਿਰ ਉਛਾਲਿਆ ਜਾ ਸਕਦਾ ਹੈ, ਜਿਸ ਦੀ ਸ਼ੁਰੂਆਤ ਅਕਾਲੀ ਦਲ ਦੇ ਆਗੂ ਅਤੇ ਭਾਜਪਾ ਦੇ ਮੌਜੂਦਾ ਵਿਧਾਇਕਮਨਜਿੰਦਰ ਸਿੰਘ ਸਿਰਸਾ ਨੇ ਕਰ ਦਿੱਤੀ ਹੈ। ਉਹ ਦੋਵਾਂ ਪਾਰਟੀਆਂ ਦੇ ਅਹੁਦੇਦਾਰ ਹੋਣ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੀ ਹਨ।

# ਅਮਰੀਕਾ ਵਿੱਚ ਤੂਫਾਨ ਕਾਰਨ ਜਹਾਜ਼ ਤਬਾਹ, ਨੌਂ ਮੌਤਾਂ



ਵਾਸ਼ਿੰਗਟਨ, 1 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਜਾਣ ਕਾਰਨ ਇਸ ਵਿੱਚ ਦੋ ਬੱਚਿਆਂ ਸਣੇ ਨੌਂ ਲੋਕਾਂ ਦੀ ਮੌਤ ਹੋ ਗਈ ਹੈ। ਹਾਦਸਾ ਸ਼ਨੀਵਾਰ ਰਾਤ ਦੱਖਣੀ ਡਕੋਟਾ ਵਿੱਚ ਹੋਇਆ। ਜਹਾਜ਼ ਵਿੱਚ 12 ਲੋਕ ਸੀ, ਜਿਨ੍ਹਾਂ ਵਿੱਚੋਂ ਤਿੰਨ ਗੰਭੀਰ ਜ਼ਖ਼ਮੀ ਹੋਏ ਹਨ।ਜਹਾਜ਼ ਨੇ ਚੈਂਬਰਲੇਨ ਤੋਂ ਉਡਾਣ ਭਰੀ ਸੀ। ਸਾਰੇ ਯਾਤਰੀ ਇਡਾਹੋ ਫਾਲਜ਼ ਜਾ ਰਹੇ ਸੀ। ਹਾਦਸੇ ਦਾ ਕਾਰਨ ਬਰਫੀਲਾ ਤੂਫਾਨ ਮੰਨਿਆ ਜਾ ਰਿਹਾ ਹੈ।

ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਅਧਿਕਾਰੀ ਪੀਟਰ ਨਡਸਨ ਨੇ ਕਿਹਾ ਕਿ ਬਰਫੀਲੇ ਤੂਫਾਨ ਦੀ ਚੇਤਾਵਨੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਮੌਸਮ ਖਰਾਬ ਹੋਣ ਕਾਰਨ ਘਟਨਾ ਸਥਾਨ ਉੱਤੇਜਾਣ ਵਿੱਚ ਦਿੱਕਤਾਂ ਆਈਆਂ ਹਨ। ਬਰੂਲ ਕਾਊਂਟੀ ਦੀ ਅਟਾਰਨੀ ਥਰੈਸਾ ਮੌਲ ਰਾਸੌਵ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਦੋ ਬੱਚੇ ਤੇ ਪਾਈਲਟ ਵੀ ਸਨ।ਏਜੰਸੀ ਦੇ ਮੁਤਾਬਿਕ ਜਹਾਜ਼ ਵਿੱਚ 12 ਲੋਕ ਸਨ। ਜਹਾਜ਼ ਨੇ ਚੈਂਬਰਲੇਨ ਤੋਂ ਉਡਾਨ ਭਰੀ ਸੀ ਤੇ ਸਾਰੇ ਪੈਸੰਜਰ ਇਦਾਹੋ ਫਾਲਸ ਜਾ ਰਹੇ ਸਨ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ — Pain-Care — Ext. Use Only — $9.99
Joint Support — $19.99
ਮਰਦਾਂ ਲਈ — He-Oil — For Men Only — $9.99
Stress-Care — Feel Relaxed
ਔਰਤਾਂ ਲਈ — Chest Massage Oil — $14.99
GNR Herbal Products
GLOBAL NATURAL REMEDIES

# ਇਰਾਕ ਦੀ ਪਾਰਲੀਮੈਂਟ ਵੱਲੋਂ ਪ੍ਰਧਾਨ ਮੰਤਰੀ ਦਾ ਅਸਤੀਫ਼ਾ ਪ੍ਰਵਾਨ



ਬਗ਼ਦਾਦ, 1 ਦਸੰਬਰ, (ਪੋਸਟ ਬਿਊਰੋ)- ਇਰਾਕ ਦੀ ਪਾਰਲੀਮੈਂਟ ਨੇ ਅੱਜ ਪ੍ਰਧਾਨ ਮੰਤਰੀ ਆਦਿਲ ਅਬਦੁੱਲ ਮੇਹਦੀ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ। ਇਸ ਪਿੱਛੋਂ ਕੈਬਨਿਟ ਕੰਮ ਚਲਾਊ ਸਰਕਾਰ ਬਣ ਕੇ ਰਹਿ ਗਈ ਹੈ। ਸਪੀਕਰ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਬਰਹਮ ਸਲੇਹ ਨੂੰ ਨਵਾਂ ਪ੍ਰਧਾਨ ਮੰਤਰੀ ਨਾਮਜ਼ਦ ਕਰਨ ਦੀ ਅਪੀਲ ਕਰਨਗੇ। ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਬੇਭਰੋਸਗੀ ਮਤੇ ਦਾ ਸਮਰਥਨ ਕਰਨ ਦੇ ਸੰਕੇਤ ਅਗੇਤੇ ਹੀ ਦੇ ਦਿੱਤੇ ਸਨ।

ਵਰਨਣ ਯੋਗ ਹੈ ਕਿ ਇਸ ਦੇਸ਼ ਵਿਚ ਹਿੰਸਾ ਦੀਆਂ ਵੱਧਦੀਆਂ ਵਾਰਦਾਤਾਂ ਦੇ ਕਾਰਨ ਸ਼ੀਆ ਧਾਰਮਿਕ ਆਗੂ ਅਲੀ ਸਿਸਤਾਨੀ ਦੇ ਦਖਲ ਪਿੱਛੋਂ ਪ੍ਰਧਾਨ ਮੰਤਰੀ ਮੇਹਦੀ ਨੇ ਬੀਤੇ ਸ਼ੁੱਕਰਵਾਰ ਕਿਹਾ ਸੀ ਕਿ ਉਹ ਪਾਰਲੀਮੈਂਟ ਨੂੰ ਅਸਤੀਫ਼ਾ ਸੌਂਪ ਦੇਣਗੇ। ਇਸੇ ਸੰਬੰਧ ਵਿਚ ਪਾਰਲੀਮੈਂਟ ਦਾ ਸੈਸ਼ਨਐਤਵਾਰ ਦੁਪਹਿਰ ਬਾਅਦ ਸ਼ੁਰੂ ਹੋਇਆ ਤੇ ਕੁਝ ਮਿੰਟਾਂ ਵਿੱਚ ਪ੍ਰਧਾਨ ਮੰਤਰੀ ਦਾ ਅਸਤੀਫ਼ਾ ਪ੍ਰਵਾਨ ਹੋ ਗਿਆ। ਇਸ ਤੋਂ ਪਹਿਲਾਂ ਦੋ ਮਹੀਨਿਆਂ ਤੋਂ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲਿਸ ਦੀ ਕਾਰਵਾਈ ਵਿਚ ਚਾਰ ਸੌ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋਣ ਦੇ ਕੁਝ ਦੇਰ ਪਹਿਲਾਂ ਵੀ ਇਕ ਪ੍ਰਦਰਸ਼ਨਕਾਰੀ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚ ਮਾਰੇ ਗਏ ਲੋਕਾਂ ਪ੍ਰਤੀ ਇਕਜੁਟਤਾ ਲਈ ਐਤਵਾਰ ਨੂੰ ਸਾਰੇ ਦੇਸ਼ ਵਿਚ ਜਲੂਸ ਕੱਢੇ ਗਏ। ਸੁੰਨੀ ਬਹੁ ਗਿਣਤੀ ਵਾਲੇ ਇਲਾਕੇ ਵਿਚ ਵੀ ਇਹ ਜਲੂਸ ਦੇਖੇ ਗਏ, ਜਦਕਿ ਪਹਿਲੇ ਇਨ੍ਹਾਂ ਇਲਾਕਿਆਂ ਵਿਚ ਲੋਕ ਏਦਾਂ ਦੇ ਪ੍ਰਦਰਸ਼ਨਾਂ ਵਿਚ ਸ਼ਾਮਲ ਨਹੀਂ ਹੁੰਦੇ ਸਨ। ਪ੍ਰਦਰਸ਼ਨਕਾਰੀ ਅਕਤੂਬਰ ਤੋਂ ਸਰਕਾਰ ਦੀ ਬਰਖਾਸਤਗੀ ਦੀ ਮੰਗ ਲਈ ਰਾਜਧਾਨੀ ਬਗ਼ਦਾਦ ਅਤੇ ਸ਼ੀਆ ਬਹੁ ਗਿਣਤੀ ਵਾਲੇ ਇਲਾਕੇ ਵਿਚ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਦੋਸ਼ ਸੀ ਕਿ ਸਰਕਾਰ ਭ੍ਰਿਸ਼ਟ ਤੇ ਅਸਫਲ ਹੋਣ ਦੇ ਨਾਲ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ ਉੱਤੇ ਕੰਮ ਕਰ ਰਹੀ ਹੈ।ਦੇਸ਼ ਵਿਚ ਪਿਛਲੇ ਕੁਝ ਦਿਨਾਂ ਵਿਚ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਤੇ ਵੱਡੀ ਗਿਣਤੀ ਵਿਚ ਲੋਕਾਂ ਦੇ ਮਰਨ ਪਿੱਛੋਂ ਸਾਰੇ ਦੇਸ਼ ਵਿਚ ਪ੍ਰਦਰਸ਼ਨਾਂ ਲਈ ਇਕਜੁਟਤਾ ਹੈ। ਰੋਸ ਕਰਦੇ ਲੋਕਾਂ ਦੀ ਮੌਤ ਦਾ ਦੋਸ਼ੀ ਮੰਨ ਕੇ ਅਦਾਲਤ ਨੇ ਇਕ ਪੁਲਿਸ ਅਫਸਰ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਦੋ ਮਹੀਨਿਆਂ ਤੋਂ ਚੱਲਦੇ ਪ੍ਰਦਰਸ਼ਨ ਦੌਰਾਨ ਕਿਸੇ ਪੁਲਿਸ ਵਾਲੇ ਨੂੰ ਇਹ ਪਹਿਲੀ ਸਜ਼ਾ ਹੈ। ਦੋ ਨਵੰਬਰ ਨੂੰ ਦੱਖਣੀ ਸ਼ਹਿਰ ਵਿਚ ਸੱਤ ਲੋਕਾਂ ਦੀ ਮੌਤ ਦੇ ਕੇਸ ਵਿਚ ਪੁਲਿਸ ਮੁਖੀ ਨੂੰ ਸਜ਼ਾ ਸੁਣਾਈ ਗਈ ਹੈ।

# ਸੁਲਤਾਨਪੁਰ ਲੋਧੀ ਤੋਂ ਕੌਮਾਂਤਰੀ ਕਬੱਡੀ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼

### * ਪਹਿਲੇ ਦਿਨ ਦੇ ਮੁਕਾਬਲੇ ਇੰਗਲੈਂਡ, ਕੈਨੇਡਾ ਤੇ ਅਮਰੀਕਾ ਨੇ ਜਿੱਤੇ

ਸੁਲਤਾਨਪੁਰ ਲੋਧੀ, 1 ਦਸੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਅੱਜ ਸੁਲਤਾਨਪੁਰ ਲੋਧੀ ਦੇ ਗੁਰੂ ਨਾਨਕ ਦੇਵ ਸਟੇਡੀਅਮ ਤੋਂਸ਼ੁਰੂ ਹੋ ਗਿਆ। ਇਸ ਮੈਗਾ ਟੂਰਨਾਮੈਂਟ ਦਾ ਉਦਘਾਟਨ ਪੰਜਾਬ ਦੇ ਖੇਡਾਂ ਤੇ ਯੁਵਕ ਮਾਮਲਿਆਂ ਦੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕੀਤਾ। ਉਨ੍ਹਾਂ ਨੇ ਟੂਰਨਾਮੈਂਟ ਵਿਚ ਹਿੱਸਾ ਲੈ ਰਹੀਆਂ ਅੱਠ ਟੀਮਾਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ ਅਤੇ ਇਨ੍ਹਾਂ ਟੀਮਾਂ ਦੇ ਕਪਤਾਨਾਂ ਨਾਲ ਜਾਣ-ਪਛਾਣ ਵੀ ਕੀਤੀ।

ਇਸ ਮੌਕੇ ਆਪਣੇ ਭਾਸ਼ਣ ਵਿਚ ਖੇਡਾਂ ਦੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਰਵਾਇਤੀ ਤੇ ਵਿਰਾਸਤੀ ਖੇਡਾਂ ਨਾਲ ਜੋੜਨਾ ਤੇ ਨਸ਼ਿਆਂ ਤੋਂ ਦੂਰ ਰਹਿਣ ਨੂੰ ਪ੍ਰੇਰਤ ਕਰਨਾ ਹੈ। ਉਨ੍ਹਾਂ ਕਿਹਾ ਕਿ ਕਬੱਡੀ ਪੰਜਾਬ ਦੀ ਮਾਂ ਖੇਡ ਹੈ ਤੇ ਰਾਜ ਸਰਕਾਰ ਇਨ੍ਹਾਂ ਟੂਰਨਾਮੈਂਟਾਂ ਰਾਹੀ ਇਸ ਖੇਡ ਨੂੰ ਪ੍ਰਫੁਲਿੱਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਚਿਰਾਂ ਤੋਂ ਉਡੀਕੇ ਜਾ ਰਹੇ ਤੇ 10 ਦਸੰਬਰ ਤੱਕ ਚੱਲਣ ਵਾਲੇ ਇਸ ਟੂਰਨਾਮੈਂਟ ਦੌਰਾਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਮੈਚ ਹੋਣਗੇ, ਜਿਨ੍ਹਾਂ ਵਿਚ ਸ਼ਾਮਲ ਅੱਠ ਟੀਮਾਂ ਵਿਚ ਭਾਰਤ ਦੇ ਨਾਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਸ੍ਰੀਲੰਕਾ, ਨਿਊਜ਼ੀਲੈਂਡ ਅਤੇ ਕੀਨੀਆ ਸ਼ਾਮਲ ਹਨ। ਇਨ੍ਹਾਂ ਟੀਮਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ, ਪੂਲ 'ਏ' ਵਿਚ ਭਾਰਤ, ਇੰਗਲੈਂਡ, ਆਸਟ੍ਰੇਲੀਆ ਤੇ ਸ੍ਰੀਲੰਕਾ ਹਨ ਅਤੇ ਪੂਲ 'ਬੀ' ਵਿਚ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ ਤੇ ਕੀਨੀਆ ਰੱਖੇ ਗਏ ਹਨ। ਇਨ੍ਹਾਂ ਟੀਮਾਂ ਦੇ ਮੈਚ ਸੁਲਤਾਨਪੁਰ ਲੋਧੀ ਤੋਂ ਇਲਾਵਾ ਅੰਮ੍ਰਿਤਸਰ, ਫ਼ਿਰੋਜ਼ਪੁਰ, ਬਠਿੰਡਾ, ਪਟਿਆਲਾ, ਅਨੰਦਪੁਰ ਸਾਹਿਬ ਵਿਖੇ ਹੋਣਗੇ ਤੇ ਫਾਈਨਲ ਮੈਚ 10 ਦਸੰਬਰ ਨੂੰ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਹੋਵੇਗਾ, ਜਿਸ ਵਿਚ ਪਹਿਲੇ ਸਥਾਨਵਾਲੀ ਟੀਮ ਨੂੰ 25 ਲੱਖ, ਦੂਸਰੇ ਸਥਾਨਵਾਲੀ ਟੀਮ ਨੂੰ 15 ਲੱਖ ਰੁਪਏ ਅਤੇ ਤੀਸਰੇ ਸਥਾਨਵਾਲੀ ਟੀਮ ਨੂੰ 10 ਲੱਖ ਰੁਪਏ ਇਨਾਮ ਦਿੱਤਾ ਜਾਵੇਗਾ।

ਅੱਜ ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਸਟੇਡੀਅਮ ਵਿੱਚਹੋਏ ਟੂਰਨਾਮੈਂਟ ਦੇ ਤਿੰਨ ਲੀਗ ਮੈਚਾਂ ਵਿੱਚੋਂ ਪਹਿਲਾ ਮੈਚ ਇੰਗਲੈਂਡ ਤੇ ਸ੍ਰੀਲੰਕਾ ਦੀਆਂ ਟੀਮਾਂ ਵਿਚਾਲੇ ਸੀ, ਜਿਸ ਵਿਚ ਇੰਗਲੈਂਡ ਨੇ ਇਕਪਾਸੜ ਮੁਕਾਬਲੇ ਵਿਚ ਸ੍ਰੀਲੰਕਾ ਨੂੰ 66-21 ਨਾਲ ਮਾਤ ਦਿੱਤੀ। ਦੂਜਾ ਮੈਚ ਕੈਨੇਡਾ ਤੇ ਕੀਨੀਆ ਵਿਚਾਲੇ ਹੋਇਆ ਤਾਂ ਕੈਨੇਡਾ ਨੇ ਕੀਨੀਆ ਨੂੰ 57-30 ਅੰਕਾਂ ਦੇ ਫ਼ਰਕ ਨਾਲ ਹਰਾ ਦਿੱਤਾ। ਤੀਸਰਾ ਮੈਚ ਅਮਰੀਕਾ ਅਤੇ ਨਿਊਜ਼ੀਲੈਂਡ ਵਿਚਾਲੇ ਸੀ, ਜਿਸ ਦੇ ਬੇਹੱਦ ਰੋਮਾਂਚਕ ਮੁਕਾਬਲੇ ਵਿਚ ਅਮਰੀਕਾ ਨੇ ਨਿਊਜ਼ੀਲੈਂਡ ਨੂੰ 48-42 ਅੰਕਾਂ ਨਾਲ ਹਰਾਇਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਭਾਰਤੀ-ਅਮਰੀਕੀ ਵੱਲੋਂ ਪਤਨੀ ਤੇ ਬੱਚਿਆਂ ਦੀ ਹੱਤਿਆ

ਫਰਾਂਸਿਸਕੋ, 1 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿੱਚ ਪਿਛਲੇ ਮਹੀਨੇ ਭਾਰਤੀ ਮੂਲ ਦੇ ਆਈ ਟੀ ਮਾਹਿਰ ਵੱਲੋਂ ਕਤਲਾਂ ਕੀਤੇ ਲੋਕਾਂ ਦੀ ਪਛਾਣ ਉਸ ਦੀ ਪਤਨੀ ਤੇ ਤਿੰਨ ਬੱਚਿਆਂ ਵਜੋਂ ਹੋਈ ਹੈ। ਸ਼ੰਕਰ ਨਾਗੱਪਾ ਹੰਗੁੜ (53) ਨੂੰ ਅਕਤੂਬਰ ਵਿੱਚ ਉਦੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਨਾਟਕੀ ਢੰਗ ਨਾਲ ਆਪਣੀ ਕਾਰ ਵਿੱਚ ਇੱਕ ਲਾਸ਼ ਲੈ ਕੇ ਉਤਰੀ ਕੈਲੀਫੋਰਨੀਆ ਦੇ ਪੁਲਸ ਸਟੇਸ਼ਨ ਪਹੁੰਚਿਆ ਸੀ। ਉਸ ਨੇ ਮੰਨਿਆ ਸੀ ਕਿ ਉਸ ਨੇ 350 ਕਿਲੋਮੀਟਰ ਦੂਰ ਆਪਣੇ ਅਪਾਰਟਮੈਂਟ ਵਿੱਚ ਤਿੰਨ ਜਣਿਆਂ ਦੀ ਹੱਤਿਆ ਕੀਤੀ ਹੈ। ਉਸ ਵੇਲੇ ਪੁਲਸ ਨੇ ਸਾਰੇ ਮ੍ਰਿਤਕਾਂ ਦੇ ਨਾਂ ਦੱਸਣ ਤੋਂ ਇਨਕਾਰ ਕੀਤਾ ਅਤੇ ਏਨਾ ਕਿਹਾ ਸੀ ਕਿ ਸਾਰੇ ਮ੍ਰਿਤਕ ਇਸ ਦੋਸ਼ੀ ਦੇ ਪਰਵਾਰ ਦੇ ਜੀਅ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਕਿਸਾਨਾਂ ਤੇ ਪਿੰਡ ਵਾਸੀਆਂ ਨੂੰ ਸਾਹਿਤ ਨਾਲ ਜੋੜਨ ਲਈ ਸਹਿਕਾਰੀ ਸੁਸਾਇਟੀਆਂ ਵਿੱਚ ਮਿੰਨੀ ਲਾਇਬ੍ਰੇਰੀਆਂ ਬਣਾਈਆਂ ਜਾਣਗੀਆਂ: ਰੰਧਾਵਾ

## *ਰੰਧਾਵਾ ਤੇ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ 'ਇਹ ਜੋ ਸਮਸੇਰ ਸੰਧੂ' ਪੁਸਤਕ ਲੋਕ ਅਰਪਣ

ਚੰਡੀਗੜ੍ਹ, 1 ਦਸੰਬਰ, (ਗਿਆਨ ਸਿੰਘ) ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਪੰਜਾਬੀ ਸਾਹਿਤ, ਸੰਗੀਤ, ਸੱਭਿਆਚਾਰ ਤੇ ਪੱਤਰਕਾਰੀ ਖੇਤਰ ਦੀ ਨਾਮਵਰ ਸਖਸੀਅਤ ਸਮਸੇਰ ਸੰਧੂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਉਤੇ ਝਾਤ ਪਾਉਂਦੀ ਪੁਸਤਕ 'ਇਹ ਜੋ ਸਮਸੇਰ ਸੰਧੂ' ਸੁੱਕਰਵਾਰ ਨੂੰ ਲੋਕ ਅਰਪਣ ਕੀਤੀ ਗਈ। ਰਿਲੀਜ ਸਮਾਗਮ ਸਮਾਗਮ ਦੇ ਮੁੱਖ ਮਹਿਮਾਨ ਸ. ਰੰਧਾਵਾ, ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਸਰਵਣ ਸਿੰਘ, ਸਮਸੇਰ ਸੰਧੂ, ਪੁਸਤਕ ਦੇ ਸੰਪਾਦਕ ਕੰਵਲਜੀਤ, ਨਿੰਦਰ ਘੁਗਿਆਣਵੀ ਤੇ ਦਿਲਸੇਰ ਸਿੰਘ ਚੰਦੇਲ ਵੱਲੋਂ ਇਹ ਪੁਸਤਕ ਰਿਲੀਜ ਕੀਤੀ ਗਈ। ਪੰਜਾਬ ਕਲਾ ਪਰਿਸਦ ਦੇ ਸਹਿਯੋਗ ਨਾਲ ਅਦਬੀ ਪੰਜਾਬੀ ਸੱਥ ਰੋਜ ਗਾਰਡਨ ਵੱਲੋਂ ਪੰਜਾਬ ਕਲਾ ਭਵਨ ਦੇ ਵਿਹੜੇ ਇਹ ਸਮਾਗਮ ਉਸ ਵੇਲੇ ਪ੍ਰਭਾਵਸਾਲੀ ਬਣ ਗਿਆ ਜਦੋਂ ਪੁਸਤਕ ਲੋਕ ਅਰਪਣ ਦੇ ਸਮਾਗਮ ਨੇ ਸਾਹਿਤਕ, ਪੱਤਰਕਾਰੀ, ਗਾਇਕੀ, ਗੀਤਕਾਰੀ ਤੇ ਫਲਿਮ ਜਗਤਾਂ ਬਾਰੇ ਰੱਖੇ ਗਏ ਅਨਮੋਲ ਵਿਚਾਰਾਂ ਅਤੇ ਡੂੰਘੀ ਚਰਚਾ ਸਕਦਾ ਸੈਮੀਨਾਰ ਦਾ ਰੂਪ ਧਾਰ ਲਿਆ।

ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਪੰਜਾਬ ਦੀ ਤਰੱਕੀ ਲਈ ਸਾਹਿਤਕ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਜਸੀ ਜੀਵਨ ਵਿੱਚ ਵਿਚਰਦਿਆਂ ਸਾਹਿਤਕ ਮਹਿਫਲਾਂ ਵਿੱਚ ਪਹੁੰਚ ਕੇ ਉਨ੍ਹਾਂ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਰਾਜਨੀਤਿਕ ਲੋਕਾਂ ਨੂੰ ਕਿਤਾਬਾਂ ਪੜ੍ਹਨੀਆਂ ਸਭ ਤੋਂ ਜਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਬੱਚੇ ਦੇ ਹੱਥ ਵਿੱਚ ਪੁਸਤਕ ਹੋਣੀ ਚਾਹੀਦੀ ਹੈ। ਸਕੂਲੀ ਬੱਚਿਆਂ ਵਾਸਤੇ ਸਕੂਲੀ ਤੇ ਪੰਚਾਇਤ ਭਵਨ ਦੀਆਂ ਲਾਇਬ੍ਰੇਰੀਆਂ ਨੂੰ ਸੰਗਿਾਰਨ ਦੀ ਲੋੜ ਹੈ। ਉਨ੍ਹਾਂ ਐਲਾਨ ਕੀਤਾ ਕਿ ਸਹਿਕਾਰਤਾ ਸਪਤਾਹ ਦੌਰਾਨ ਇਕ ਦਿਨ ਦਿਨ ਸਾਹਿਤਕਾਰੀ ਨੂੰ ਸਮਰਪਿਤ ਹੋਵੇਗਾ ਜਿਸ ਦਿਨ ਸਾਹਿਤਕ ਸੈਮੀਨਾਰ, ਗੋਸਟੀਆਂ, ਕਵੀ ਦਰਬਾਰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 3000 ਸਹਿਕਾਰੀ ਸੁਸਾਇਟੀਆਂ ਵਿੱਚ ਪੁਸਤਕਾਂ ਪਹੁੰਚਾ ਕੇ ਉੱਥੇ ਮਿੰਨੀ ਲਾਇਬ੍ਰੇਰੀਆਂ ਬਣਾਈਆਂ ਜਾਣਗੀਆਂ।

ਉਨ੍ਹਾਂ ਸੰਧੂ ਦੇ ਗੀਤਾਂ ਬਾਰੇ ਨਿੱਜੀ ਜਜਬਾਤ ਸਾਂਝੇ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਦੀ ਮਾਤਾ ਦੇ ਦੇਹਾਂਤ ਤੋਂ ਬਾਅਦ ਇਕ ਦਿਨ ਸਮਸੇਰ ਸੰਧੂ ਦੇ ਲਿਖੇ ਗੀਤ 'ਪੇਕੇ ਹੁੰਦੇ ਮਾਂਵਾਂ ਨਾਲ' ਸੁਣ ਕੇ ਉਨ੍ਹਾਂ ਦੀਆਂ ਭੈਣਾਂ ਰੋਣ ਲੱਗ ਗਈਆਂ। ਉਸ ਦਿਨ ਤੋਂ ਬਾਅਦ ਉਨ੍ਹਾਂ ਆਪਣੀਆਂ ਭੈਣਾਂ ਦੇ ਭਰਾ ਨਹੀਂ ਸਗੋਂ ਮਾਂ ਬਣ ਕੇ ਰਿਸਤਾ ਨਿਭਾਇਆ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਸਰਵਣ ਸਿੰਘ ਨੇ ਬੋਲਦਿਆਂ ਸਮਸੇਰ ਸੰਧੂ ਦੇ ਜੀਵਨ ਉਤੇ ਨਿਵੇਕਲੀਆਂ ਗੱਲਾਂ ਕਰਦਿਆਂ ਉਸ ਨੂੰ ਗੀਤਕਾਰੀ ਦਾ ਦਾਰਾ ਦੱਸਿਆ। ਉਨ੍ਹਾਂ ਕਿਹਾ ਸੰਧੂ ਭਾਵੇਂ ਮਕਬੂਲ ਗੀਤਕਾਰ ਹੈ ਪ੍ਰੰਤੂ ਉਸ ਵੱਲੋਂ ਮੁੱਢਲੇ ਦੌਰ ਵਿੱਚ ਲਿਖੀਆਂ ਕਹਾਣੀਆਂ ਕਾਰਨ ਉਹ ਸਮਰੱਥ ਕਹਾਣੀਕਾਰਾਂ ਵਿੱਚ ਮੋਹਰੀ ਕਤਾਰ ਵਿੱਚ ਆਉਂਦਾ ਹੈ। ਉਨ੍ਹਾਂ ਆਪਣੀ ਉਦਾਹਰਨ ਦਿੰਦਿਆ ਦੱਸਿਆ ਕਿ ਪੰਜਾਬੀ ਵਿੱਚ ਲਿਖਣ ਵਾਲੇ ਲੇਖਕਾਂ ਦੀ ਵੁੱਕਤ ਵੀ ਹੋਰਨਾਂ ਭਾਸਾਵਾਂ ਦੇ ਲੇਖਕਾਂ ਤੋਂ ਘੱਟ ਨਹੀਂ ਸਗੋਂ ਪੰਜਾਬੀ ਭਾਸਾ ਨੂੰ ਪਿਆਰ ਕਰਨ ਵਾਲੇ ਕੁੱਲ ਦੁਨੀਆਂ ਵਿੱਚ ਬੈਠੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੁਸਤਕ ਸੱਭਿਆਚਾਰ ਪੈਦਾ ਕਰਨ ਦੀ ਲੋੜ ਹੈ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਨਵੀਂ ਪੀੜ੍ਹੀ ਨੂੰ ਪੁਸਤਕਾਂ ਨਾਲ ਜੋੜਨ ਦੀ ਲੋੜ ਹੈ। ਉਨ੍ਹਾਂ ਸਬਦ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਉਤੇ ਜੋਰ ਦਿੱਤਾ।

ਸਮਸੇਰ ਸੰਧੂ ਨੇ ਨਾਮੀ ਸਾਇਰਾਂ ਦੇ ਸੇਅਰ ਸੁਣਾਉਂਦਿਆਂ ਸਮਾਗਮ ਨੂੰ ਕਵੀ ਦਰਬਾਰ ਵਿੱਚ ਤਬਦੀਲ ਕਰ ਦਿੱਤਾ। ਉਨ੍ਹਾਂ ਆਪਣੇ ਵਿਦਿਆਰਥੀ ਜੀਵਨ ਵਿੱਚ ਸੁਣਾਈਆਂ ਕਵਿਤਾਵਾਂ ਤੋਂ ਲੈ ਕੇ ਮਕਬੂਲ ਗੀਤਾਂ ਦੇ ਮੁਖੜੇ ਵੀ ਸੁਣਾਏ।

ਮੰਚ ਸੰਚਾਲਨ ਕਰਦਿਆਂ ਨਿੰਦਰ ਘੁਗਿਆਣਵੀ ਨੇ ਦੱਸਿਆ ਕਿ ਚੇਤਨਾ ਪ੍ਰਕਾਸਨ ਵੱਲੋਂ ਛਾਪੀ ਇਹ ਪੁਸਤਕ ਸਮਸੇਰ ਸੰਧੂ ਨੂੰ ਜਾਣਨ ਵਾਲੇ ਹਰ ਛੋਟੀ-ਵੱਡੀ ਉਮਰ ਦੇ ਸਾਹਿਤਕ, ਸੱਭਿਆਚਾਰਕ, ਪੱਤਰਕਾਰੀ, ਫਲਿਮੀ, ਸੰਗੀਤ ਦੀ ਦੁਨੀਆਂ ਨਾਲ ਜੁੜੇ ਸੱਜਣਾਂ ਵੱਲੋਂ ਲਿਖੇ ਲੇਖਾਂ ਦਾ ਸ੍ਰੰਗਹਿ ਹੈ। ਇਸ ਪੁਸਤਕ ਰਾਹੀਂ ਸਮਸੇਰ ਸੰਧੂ ਦੇ ਬਚਪਨ ਤੋਂ ਲੈ ਕੇ ਹਰ ਪੱਖ ਬਾਰੇ ਜਾਣਕਾਰੀ ਮਿਲੇਗੀ ਜਿਸ ਵਿੱਚ ਵਿਦਿਆਰਥੀ ਜੀਵਨ ਵਿੱਚ ਸਾਹਿਤਕ ਰੁੱਚੀਆਂ ਵੱਲ ਝੁਕਾਅ, ਜਵਾਨੀ ਵੇਲੇ ਇਨਕਲਾਬੀ ਸਾਇਰ ਪਾਸ, ਸੁਰਜੀਤ ਪਾਤਰ, ਪ੍ਰਸਿੱਧ ਗੀਤਕਾਰ ਤੇ ਗਾਇਕ ਦੀਦਾਰ ਸੰਧੂ, ਜਗਦੇਵ ਸਿੰਘ ਜੱਸੋਵਾਲ, ਪ੍ਰਿੰਸੀਪਲ ਸਰਵਣ ਸਿੰਘ, ਗੁਰਭਜਨ ਗਿੱਲ ਨਾਲ ਦੋਸਤੀ ਦੀਆਂ ਯਾਦਾਂ, ਚੜ੍ਹਦੀ ਉਮਰੇ ਲਿਖੀਆਂ ਚਰਚਿਤ ਕਹਾਣੀਆਂ, ਸਿੱਖ ਨੈਸਨਲ ਕਾਲਜ ਬੰਗਾ ਦੀ ਪ੍ਰੋਫੈਸਰੀ ਤੋਂ ਪੰਜਾਬੀ ਟ੍ਰਿਬਿਊਨ ਦੀ ਪੱਤਰਕਾਰੀ ਵੱਲ ਜਾਣਾ, ਕਬੱਡੀ ਤੇ ਕੁਸਤੀ ਖਿਡਾਰੀਆਂ ਬਾਰੇ ਲਿਖੇ ਲੇਖ ਅਤੇ ਫੇਰ ਸੁਰਜੀਤ ਬਿੰਦਰਖੀਆ ਨਾਲ ਜੋੜੀ ਬਣਾ ਕੇ ਸੰਗੀਤ ਦੀ ਦੁਨੀਆ ਤੱਕ ਛਾ ਜਾਣ ਤੱਕ ਦੇ ਕਿੱਸੇ ਇਸ ਕਿਤਾਬ ਨੂੰ ਪੜ੍ਹਨਯੋਗ ਬਣਾਉਂਦੇ ਹਨ।

ਇਸ ਤੋਂ ਪਹਿਲਾ ਅਦਬੀ ਸੱਥ ਰੋਜ ਗਾਰਡਨ ਦੇ ਸਰਪ੍ਰਸਤ ਦਿਲਸੇਰ ਸਿੰਘ ਚੰਦੇਲ ਨੇ ਜੀ ਆਇਆ ਆਖਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸੱਥ ਬਣਨ ਤੋਂ ਬਾਅਦ ਇਹ ਪਲੇਠਾ ਸਮਾਗਮ ਹੈ ਜਿਸ ਵਿੱਚ ਇਹ ਅਹਿਮ ਪੁਸਤਕ ਲੋਕ ਅਰਪਣ ਕੀਤੀ ਗਈ। ਨਵਦੀਪ ਸਿੰਘ ਗਿੱਲ ਨੇ ਸਮਸੇਰ ਸੰਧੂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਉਤੇ ਝਾਤ ਪਾਉਂਦਿਆਂ ਉਨ੍ਹਾਂ ਨੂੰ ਸਰਕਾਂਗੀ ਸਖਸੀਅਤ ਦੱਸਿਆ। ਮਲਕੀਤ ਸਿੰਘ ਔਜਲਾ ਨੇ ਬੋਲਦਿਆਂ ਸਮਸੇਰ ਸੰਧੂ ਤੇ ਸੁਰਜੀਤ ਬਿੰਦਰਖੀਆ ਵਿਚਾਲੇ ਸਾਂਝਾਂ ਬਾਰੇ ਕਾਵਿ-ਮਈ ਢੰਗ ਨਾਲ ਜਾਣਕਾਰੀ ਦਿੱਤੀ।



ਰਿਲੀਜ਼ ਸਮਾਗਮ ਦੌਰਾਨ ਸ਼ਮਸ਼ੇਰ ਸੰਧੂ ਦੇ ਜੀਵਨ ਉਤੇ ਝਾਤ ਪਾਉਂਦੀ ਪੁਸਤਕ ਦੀ ਪੁਸਤਕ ਲੋਕ ਅਰਪਣ ਕਰਦੇ ਹੋਏ ਰੰਧਾਵਾ।


ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ।

# ਗੌਡਸੇ ਮਾਮਲੇ ਵਿਚ ਸਾਧਵੀ ਪ੍ਰੱਗਿਆ ਨੂੰ ਲੋਕ ਸਭਾ ਵਿੱਚ ਦੂਜੀ ਵਾਰ ਮੁਆਫ਼ੀ ਮੰਗਣੀ ਪੈ ਗਈ

## *ਪ੍ਰੱਗਿਆ ਨੂੰ ਅੱਤਵਾਦੀ ਕਹਿਣ ਦੀ ਮੁਆਫੀ ਨਹੀਂ ਮੰਗਾਂਗਾ: ਰਾਹੁਲ

ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਪ੍ਰੱਗਿਆ ਸਿੰਘ ਠਾਕੁਰ ਨੇ ਲੋਕ ਸਭਾ ਵਿੱਚ ਬੁੱਧਵਾਰ ਦੀ ਆਪਣੀ ਵਿਵਾਦ ਪੂਰਨ ਟਿੱਪਣੀ ਉੱਤੇ ਵਿਰੋਧੀ ਦਲਾਂ ਦੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਲਈ ਅੜੇ ਰਹਿਣ ਕਾਰਨ ਸ਼ੁੱਕਰਵਾਰ ਨੂੰ ਸਦਨ ਵਿੱਚ ਮੁੜ ਬਿਆਨ ਦਿੱਤਾ ਤੇ ਕਿਹਾ ਕਿ ਨਾਥੂਰਾਮ ਗੌਡਸੇ ਨੂੰ ਦੇਸ਼ ਭਗਤ ਉਸ ਨੇ ਨਹੀਂ ਕਿਹਾ ਸੀ, ਫਿਰ ਵੀ ਕਿਸੇ ਨੂੰ ਠੇਸ ਪਹੁੰਚੀ ਹੋਵੇ ਤਾਂ ਉਹ ਮੁਆਫ਼ੀ ਚਾਹੁੰਦੀ ਹੈ।

ਭੋਪਾਲ ਤੋਂ ਭਾਜਪਾ ਦੀ ਲੋਕ ਸਭਾ ਮੈਂਬਰ ਪ੍ਰੱਗਿਆ ਸਿੰਘ ਠਾਕੁਰ ਵੱਲੋਂ ਬੀਤੇ ਬੁੱਧਵਾਰ ਲੋਕ ਸਭਾ ਵਿੱਚ ਬਹਿਸ ਦੇ ਦੌਰਾਨ ਕੀਤੀ ਟਿੱਪਣੀ ਵਾਸਤੇ ਉਨ੍ਹਾਂ ਤੋਂ ਮੁਆਫ਼ੀ ਮੰਗਣ ਦੀ ਮੰਗ ਕਰਦੇ ਵਿਰੋਧੀ ਮੈਂਬਰਾਂ ਨੇ ਸ਼ੁੱਕਰਵਾਰ ਨੂੰ ਸਦਨ ਵਿੱਚ ਭਾਰੀ ਹੰਗਾਮਾ ਕੀਤਾ। ਇਸ ਤੋਂ ਪਹਿਲਾਂ ਪ੍ਰੱਗਿਆ ਸਿੰਘ ਨੇ ਜ਼ੀਰੋ ਆਵਰ ਇਸ ਬਾਰੇ ਸਦਨ ਵਿੱਚ ਮੁਆਫ਼ੀ ਮੰਗੀ ਤੇ ਨਾਲ ਇਹ ਕਿਹਾ ਸੀ ਕਿ ਉਨ੍ਹਾਂ ਦਾ ਬਿਆਨ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਸਾਧਵੀ ਪ੍ਰੱਗਿਆ ਸਿੰਘ ਦੇ ਮੁਆਫ਼ੀ ਵਾਲੇ ਇਸ ਬਿਆਨ ਉੱਤੇ ਵਿਰੋਧੀ ਧਿਰਾਂ ਦੇ ਆਗੂ ਸੰਤੁਸ਼ਟ ਨਹੀਂ ਹੋਏ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਦੀ ਮੰਗ ਉੱਤੇ ਅੜੇ ਰਹੇ। ਲੋਕ ਸਭਾ ਸਪੀਕਰ ਬਿਰਲਾ ਨੇ ਇਸ ਵਿਸ਼ੇ ਦਾ ਹੱਲ ਕੱਢਣ ਲਈ ਦੁਪਹਿਰ ਦੇ ਖਾਣੇ ਵਿੱਚ ਸਾਰੇ ਦਲਾਂ ਦੇ ਨੇਤਾਵਾਂ ਦੀ ਬੈਠਕ ਬੁਲਾਈ ਸੀ, ਜਿਸ ਤੋਂ ਬਾਅਦ ਸੈਸ਼ਨ ਸ਼ੁਰੂ ਹੋਣ ਉੱਤੇ ਭਾਜਪਾ ਪਾਰਲੀਮੈਂਟ ਮੈਂਬਰ ਪ੍ਰੱਗਿਆ ਨੇ ਫਿਰ ਬਿਆਨ ਦਿੱਤਾ ਤੇ ਕਿਹਾ, 'ਮੈਂ 27 ਨਵੰਬਰ ਨੂੰ ਐੱਸ ਪੀ ਜੀ ਬਿੱਲ ਉੱਤੇ ਚਰਚਾ ਦੇ ਦੌਰਾਨ ਨਾਥੂਰਾਮ ਗੌਡਸੇ ਨੂੰ ਦੇਸ਼ ਭਗਤ ਨਹੀਂ ਕਿਹਾ, ਨਾਂ ਉਸ ਦਾ ਨਾਂਅ ਲਿਆ ਸੀ, ਫਿਰ ਵੀ ਕਿਸੇ ਨੂੰ ਠੇਸ ਪਹੁੰਚੀ ਹੋਵੇ ਤਾਂ ਮੈਂ ਮੁਆਫ਼ੀ ਚਾਹੁੰਦੀ ਹਾਂ।' ਇਸ ਤੋਂ ਬਾਅਦ ਸਦਨ ਦੀ ਬੈਠਕ ਠੀਕ ਤਰ੍ਹਾਂ ਚੱਲ ਸਕੀ।



ਦੂਸਰੇ ਪਾਸੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਸਾਧਵੀ ਪ੍ਰੱਗਿਆ ਵਿਰੁੱਧ ਦਿੱਤੇ ਆਪਣਾ ਬਿਆਨ ਵਾਪਸ ਨਹੀਂ ਲੈਣਗੇ। ਉਨ੍ਹਾਂ ਕਿਹਾ ਕਿ ਮੈਂ ਸਥਿਤੀ ਸਾਫ਼ ਕਰ ਦਿੱਤੀ ਹੈ, ਮੈਂ ਬਿਆਨ ਉੱਤੇ ਕਾਇਮ ਹਾਂ ਤੇ ਮੁਆਫ਼ੀ ਨਹੀਂ ਮੰਗਾਂਗਾ। ਰਾਹੁਲ ਦਾ ਇਹ ਬਿਆਨ ਉਦੋਂ ਆਇਆ, ਜਦੋਂ ਪ੍ਰੱਗਿਆ ਨੂੰ ਅੱਤਵਾਦੀ ਕਹੇ ਜਾਣ ਉੱਤੇ ਭਾਜਪਾ ਨੇ ਉਨ੍ਹਾਂ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਗੌਡਸੇ ਦੇ ਮੁੱਦੇ ਉੱਤੇ ਸਦਨ ਵਿੱਚ ਸਾਧਵੀ ਪ੍ਰੱਗਿਆ ਦੇ ਮੁਆਫ਼ੀ ਮੰਗਣ ਪਿੱਛੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਡਾਕਟਰ ਨਿਸ਼ੀਕਾਂਤ ਦੂਬੇ ਨੇ ਰਾਹੁਲ ਗਾਂਧੀ ਬਾਰੇ ਕਿਹਾ ਕਿ ਉਨ੍ਹਾਂ ਵਿਰੁੱਧ ਮਰਿਆਦਾ ਮਤਾ ਲਿਆਉਣਾ ਚਾਹੀਦਾ ਹੈ। ਨਿਸ਼ੀਕਾਂਤ ਨੇ ਰਾਹੁਲ ਦੇ ਬਿਆਨ ਨੂੰ ਮਹਾਤਮਾ ਗਾਂਧੀ ਦੇ ਕਤਲ ਤੋਂ ਵੀ ਵੱਧ ਭੈੜਾ ਦੱਸ ਕੇ ਸ਼ਿਵ ਸੈਨਾ ਨੂੰ ਨਾਲ ਵੀ ਲਪੇਟਦੇ ਹੋਏ ਕਿਹਾ ਕਿ ਕਾਂਗਰਸ ਸੱਤਾ ਅਤੇ ਲਾਲਚ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਤੇ ਮਹਾਰਾਸ਼ਟਰ ਵਿੱਚ ਉਸ ਸ਼ਿਵ ਸੈਨਾ ਨਾਲ ਸਰਕਾਰ ਬਣਾ ਲਈ ਹੈ, ਜਿਸ ਨੇ ਆਪਣੇ ਅਖ਼ਬਾਰ 'ਸਾਮਨਾ' ਵਿੱਚ ਗੌਡਸੇ ਨੂੰ ਦੇਸ਼ ਭਗਤ ਲਿਖਿਆ ਹੋਇਆ ਸੀ।

# ਪਾਰਲੀਮੈਂਟ ਦੀ ਬਹਿਸ ਵਿੱਚ ਐੱਮ ਪੀ ਨੇ ਪ੍ਰੇਮਿਕਾ ਨੂੰ ਪ੍ਰਪੋਜ਼ ਕਰ ਦਿੱਤਾ

ਰੋਮ, 1 ਦਸੰਬਰ, (ਪੋਸਟ ਬਿਊਰੋ)- ਆਮ ਕਰ ਕੇ ਵੇਖਿਆ ਗਿਆ ਹੈ ਕਿ ਨੌਜਵਾਨ ਆਪਣੀ ਗਰਲ ਫਰੈਂਡ ਨੂੰ ਪ੍ਰਪੋਜ਼ ਕਰਨ ਲਈ ਅਨੋਖੇ ਤਰੀਕੇ ਵਰਤਦੇ ਹਨ। ਇਟਲੀ ਦੇ ਇਕ ਪਾਰਲੀਮੈਂਟ ਮੈਂਬਰ ਨੇ ਜਿਸ ਤਰ੍ਹਾਂ ਆਪਣੀ ਗਰਲ ਫਰੈਂਡ ਨੂੰ ਪ੍ਰਪੋਜ਼ ਕੀਤਾ, ਉਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ। ਅਸਲ ਵਿਚ ਇਟਲੀ ਦੇ ਪਾਰਲੀਮੈਂਟ ਮੈਂਬਰ ਫਲੇਵਿਓ ਡੀ ਮੁਰੋ ਨੇ ਪਾਰਲੀਮੈਂਟ ਵਿੱਚ ਬਹਿਸ ਦੇ ਦੌਰਾਨ ਦਰਸ਼ਕ ਗੈਲਰੀ ਵਿਚ ਬੈਠੀ ਆਪਣੀ ਗਰਲ ਫਰੈਂਡ ਐਲੀਸਾ ਡੀ ਲਿਓ ਨੂੰ ਪ੍ਰਪੋਜ਼ ਕਰ ਦਿੱਤਾ। ਇਸ ਬਾਰੇ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਪਾਰਲੀਮੈਂਟ ਮੈਂਬਰ ਫਲੇਵਿਓ ਨੇ ਹਾਊਸ ਦੇ ਅੰਦਰੋਂ ਪ੍ਰਪੋਜ਼ ਕਰਨ ਬਾਰੇ ਕਿਹਾ ਕਿ ਉਨ੍ਹਾਂ ਦੀ ਗਰਲ ਫਰੈਂਡ ਪੂਰੇ ਰਾਜਨੀਤਕ ਕਰੀਅਰ ਵਿਚ ਉਨ੍ਹਾਂ ਨਾਲ ਰਹੀ ਸੀ। ਉਹ ਨਿੱਜੀ ਤੇ ਰਾਜਸੀ ਜੀਵਨ ਵਿਚ ਉਸ ਦੀ ਸਭ ਤੋਂ ਕਰੀਬੀ ਹੈ। ਸਪੀਕਰ ਨੇ ਬਹਿਸ ਦੌਰਾਨ ਏਦਾਂ ਕਰਨਾ ਗਲਤ ਦੱਸਿਆ, ਪਰ ਗਰਲ ਫਰੈਂਡ ਨੇ ਪਾਰਲੀਮੈਂਟ ਮੈਂਬਰ ਦੇ ਪ੍ਰਪੋਜ਼ਲ ਨੂੰ ਸਵੀਕਾਰ ਕਰ ਲਿਆ। ਫਲੇਵਿਓ ਤੇ ਐਲੀਸਾ 6 ਸਾਲ ਤੋਂ ਇਟਲੀ ਦੇ ਵੇਂਟੀਮਿਗਲੀਆ ਵਿਚ ਇਕੱਠੇ ਰਹਿੰਦੇ ਹਨ। ਪਾਰਲੀਮੈਂਟ ਮੈਂਬਰ ਫਲੇਵਿਓ ਨੇ ਪਿਛਲੇ ਸਾਲ ਮਾਰਚ ਵਿਚ ਹੇਠਲੇ ਸਦਨ ਦੀ ਚੋਣ ਜਿੱਤੀ ਸੀ। ਸਦਨ ਦੇ ਸਪੀਕਰ ਰੌਬਰਟੋ ਫਿਕੋ ਨੇ ਕਿਹਾ, 'ਮਿਸਟਰ ਪਾਰਲੀਮੈਂਟ ਮੈਂਬਰ, ਤੁਹਾਡੇ ਇਸ ਕਦਮ ਤੋਂ ਮੈਂ ਥੋੜ੍ਹਾ ਪ੍ਰਭਾਵਤ ਜ਼ਰੂਰ ਹਾਂ ਅਤੇ ਮੈਂ ਤੁਹਾਨੂੰ ਸਮਝਦਾ ਹਾਂ, ਪਰ ਮੈਂ ਕਾਰਵਾਈ ਦੌਰਾਨ ਤੁਹਾਡੀ ਦਖਲ ਅੰਦਾਜ਼ੀ ਦੀ ਪ੍ਰਸ਼ੰਸਾ ਨਹੀਂ ਕਰ ਸਕਦਾ।' 33 ਸਾਲਾ ਫਲੇਵਿਓ ਡੀ ਮੁਰੋ ਲੀਗ ਪਾਰਟੀ ਵੱਲੋਂ ਪਾਰਲੀਮੈਂਟ ਮੈਂਬਰ ਹਨ। ਉਨ੍ਹਾਂ ਵੱਲੋਂ ਗਰਲ ਫਰੈਂਡ ਨੂੰ ਪ੍ਰਪੋਜ਼ ਕਰਨ ਵੇਲੇ ਸਦਨ ਵਿਚ ਭੂਚਾਲ ਦੇ ਬਾਅਦ ਮੁੜ ਉਸਾਰੀ ਦੀ ਬਹਿਸ ਹੋ ਰਹੀ ਸੀ। ਇਸੇ ਦੌਰਾਨ ਫਲੇਵਿਓ ਆਪਣੀ ਸੀਟ ਤੋਂ ਉੱਠੇ ਅਤੇ ਗਰਲ ਫਰੈਂਡ ਨੂੰ ਵਿਆਹ ਲਈ ਪ੍ਰਪੋਜ਼ ਕਰ ਦਿੱਤਾ। ਇਹ ਸੁਣ ਕੇ ਦੋ ਪਾਰਲੀਮੈਂਟ ਮੈਂਬਰਾਂ ਨੇ ਸੀਟ ਤੋਂ ਉੱਠ ਕੇ ਫਲੇਵਿਓ ਦੀ ਤਾਰੀਫ ਕੀਤੀ ਅਤੇ ਗਲੇ ਲਾ ਲਿਆ। ਦੂਸਰੇ ਪਾਸੇ ਐਲੀਸਾ ਨੇ ਪ੍ਰਪੋਜ਼ਲ ਸਵੀਕਾਰ ਕਰ ਲਈ ਹੈ।

# ਸੁਪਰੀਮ ਕੋਰਟ ਦੇ ਹੁਕਮਾਂ ਪਿੱਛੋਂ ਕਿਸਾਨਾਂ ਦੇ ਮੁਆਵਜ਼ੇ ਰੁਕੇ

ਚੰਡੀਗੜ੍ਹ, 1 ਦਸੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਪਿਛਲੇ ਦਿਨੀਂ ਆਏ ਆਦੇਸ਼ਾਂ ਦੇ ਬਾਅਦ ਉਨ੍ਹਾਂ ਕਿਸਾਨਾਂ ਨੂੰ ਮਿਲਣ ਵਾਲੀ ਮੁਆਵਜ਼ਾ ਰਾਸ਼ੀ ਫਿਲਹਾਲ ਰੁਕ ਗਈ ਹੈ, ਜਿਨ੍ਹਾਂ ਨੇ ਪਰਾਲੀ ਨਹੀਂ ਸੀ ਸਾੜੀ। ਅੱਗੋਂ ਕਿਹਾ ਜਾ ਰਿਹਾ ਹੈ ਕਿ ਨਵੀਂਆਂ ਅਰਜ਼ੀਆਂ ਦੇਣ ਵਾਲਿਆਂ ਦੀ ਵੈਰੀਫਿਕੇਸ਼ਨ ਹੋਣ ਤੱਕ ਮੁਆਵਜ਼ਾ ਨਹੀਂ ਮਿਲੇਗਾ।

ਅਸਲ ਵਿੱਚ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਨਾ ਦੇਣ ਨੂੰ ਸਰਕਾਰ ਦੇ ਆਰਥਿਕ ਸੰਕਟ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪੰਜਾਬ ਦੇ ਖੇਤੀ ਵਿਭਾਗ ਦਾ ਅੰਦਾਜ਼ਾ ਹੈ ਕਿ ਇਸ ਸਾਲ ਜਿਨ੍ਹਾਂ ਕਿਸਾਨਾਂ ਨੇ ਪਰਾਲੀ ਨਹੀਂ ਸਾੜੀ, ਜੇ ਉਨ੍ਹਾਂ ਸਭ ਕਿਸਾਨਾਂ ਨੂੰ ਮਆਵਜ਼ਾ ਦੇਣੀ ਪਿਆ ਤਾਂ ਲਗੱਭਗ ਸੌ ਕਰੋੜ ਰੁਪਏ ਖਰਚ ਹੋਣਗੇ, ਪਰ ਸਰਕਾਰ ਦੀ ਵਿੱਤੀ ਹਾਲਤ ਏਦਾਂ ਦੀ ਹੋ ਗਈ ਹੈ ਕਿ ਤਨਖਾਹ ਵੀ ਸਮੇਂ 'ਤੇ ਰਿਲੀਜ਼ ਕਰਨ 'ਚ ਦਿੱਕਤਾਂ ਆ ਰਹੀਆਂ ਹਨ। ਵਰਨਣ ਯੋਗ ਕਿ 25 ਨਵੰਬਰ ਨੂੰ ਸੁਪਰੀਮ ਕੋਰਟ ਨੇ ਪਰਾਲੀ ਬਾਰੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਇੱਕ ਵਿਆਪਕ ਨੀਤੀ ਬਣਾਉਣ ਨੂੰ ਕਿਹਾ ਹੈ, ਪਰ ਇਸ ਵਿੱਚ ਉਨ੍ਹਾਂ ਨੇ ਮੁਆਵਜ਼ੇ ਦੇ ਕੋਈ ਸਾਫ ਨਿਰਦੇਸ਼ ਨਹੀਂ ਦਿੱਤੇ, ਇਸ ਲਈ ਮੁਆਵਜ਼ਾ ਕੌਣ ਦੇਵੇਗਾ, ਇਸ ਬਾਰ ਸ਼ੱਕ ਬਣਿਆ ਹੋਇਆ ਹੈ। ਪਤਾ ਲੱਗਾ ਹੈ ਕਿ ਅਗਲੇ ਸਾਲ ਪਾਰਲੀ ਬਾਰੇ ਕੋਈ ਦਿੱਕਤਾ ਨਾ ਆਉਣ ਲਈ ਕੇਂਦਰ ਸਰਕਾਰ ਛੇਤੀ ਹੀ ਸਬੰਧਤ ਰਾਜਾਂ ਦੀ ਇੱਕ ਬੁਲਾਉਣ ਦੀ ਤਿਆਰੀ ਕਰ ਰਹੀ ਹੈ।

ਇਸ ਦੌਰਾਨ ਪੰਜਾਬ ਦੇ ਐਡੀਸ਼ਨਲ ਚੀਫ ਸਕੱਤਰ ਵਿਸ਼ਵਜੀਤ ਖੰਨਾ ਨੇ ਉਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ, ਜਿਨ੍ਹਾਂ ਮੁਤਾਬਕ ਸਰਕਾਰ ਨੇ ਮੁਆਵਜ਼ਾ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦੀਆਂ ਅਰਜ਼ੀਆਂ ਦੀ ਜਾਂਚ ਚੱਲ ਰਹੀ ਹੈ, ਇਸ ਦੇ ਲਈ ਨਿਯਮ ਵੀ ਨਵੇਂ ਬਣਾ ਦਿੱਤੇ ਗਏ ਹਨ। ਉਨ੍ਹਾਂ ਨੇ ਮੰਨਿਆ ਕਿ ਪਿਛਲੀਆਂ ਅਰਜ਼ੀਆਂ ਵਿੱਚ ਸੰਗਰੂਰ ਅਤੇ ਫਾਜ਼ਿਲਕਾ ਵਿੱਚ ਕੁਝ ਜਾਅਲੀ ਕੇਸ ਪਤਾ ਲੱਗੇ ਸਨ। ਕਿਉਂਕਿ ਉਹ ਸ਼ੁਰੂਆਤ ਸੀ, ਇਸ ਲਈ ਕੁਝ ਦਿੱਕਤਾਂ ਆਈਆਂ ਸਨ, ਅੱਗੇ ਤੋਂ ਇਸ ਤਰ੍ਹਾਂ ਹੋਣ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਦਿੱਤਾ ਹੈ।

# ਲਾੜਾ ਲਾੜੀ ਨੂੰ ਸਾਈਕਲ ਉੱਤੇ ਬਿਠਾ ਕੇ ਲੈ ਆਇਆ

ਬਠਿੰਡਾ, 1 ਦਸੰਬਰ, (ਪੋਸਟ ਬਿਊਰੋ)- ਨਵੀਂਆਂ ਪਿਰਤਾਂ ਪਾਉਣ ਦੇ ਇਸ ਦੌਰ ਵਿੱਚ ਫਿਰ ਇੱਕ ਨੌਜਵਾਨ ਨੇ ਆਪਣੀ ਕਿਸਮ ਦੀ ਪਿਰਤ ਪਾਈ ਹੈ। ਉਹ ਸਾਈਕਲ 'ਤੇ ਨਵੀਂ ਲਾੜੀ ਨੂੰ ਵਿਆਹ ਕੇ ਲੈ ਆਇਆ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਰਾਮਨਗਰ ਦੇ ਨੌਜਵਾਨ ਗੁਰਬਖਸ਼ੀਸ਼ ਸਿੰਘ ਗੱਗੀ ਨਾਂ ਦਾ ਵਿਆਹ ਪਿੰਡ ਵੀਰ ਖੁਰਦ ਦੀ ਰਮਨਦੀਪ ਕੌਰ ਨਾਲ ਹੋਇਆ ਹੈ। ਉਹ ਸਾਈਕਲ ਉੱਤੇ ਹੀ ਵਿਆਹ ਕਰਵਾਉਣ ਗਿਆ ਅਤੇ ਸਾਈਕਲ 'ਤੇ ਹੀ ਲਾੜੀ ਨੂੰ ਬਿਠਾ ਕੇ ਲੈ ਆਇਆ। ਇਸ ਤਰ੍ਹਾਂ ਉਸ ਨੇ ਫਜ਼ੂਲ ਖਰਚੀ ਅਤੇ ਦਾਜ ਪ੍ਰਥਾ ਨੂੰ ਰੋਕਣ ਦੇ ਨਾਲ ਵਾਤਾਵਰਨ ਨੂੰ ਬਚਾਉਣ ਦਾ ਹੋਕਾ ਵੀ ਦਿੱਤਾ ਹੈ। ਵਾਤਾਵਰਨ ਪ੍ਰੇਮੀ ਗੁਰਬਖਸ਼ੀਸ਼ ਸਿੰਘ ਨੇ ਬਰਾਤ ਲਈ ਕੋਈ ਗੱਡੀ ਨਹੀਂ ਸਜਾਈ, ਸਗੋਂ ਮਾਂ ਬੋਲੀ 'ਚ ਆਪਣਾ ਅਤੇ ਜੀਵਨ ਸਾਥਣ ਦਾ ਨਾਂ ਲਿਖ ਕੇ ਤਖਤੀ ਲਾਈ ਅਤੇ ਪ੍ਰਦੂਸ਼ਣ ਬਚਾਉਣ ਦਾ ਹੋਕਾ ਦਿੰਦਾ ਸਾਈਕਲ 'ਤੇ ਪਿੰਡ ਠੂਠੀਆਂ ਵਾਲੀ ਗੁਰਦੁਆਰਾ ਸਾਹਿਬ ਜਾ ਪੁੱਜਿਆ ਅਤੇ ਉਥੇ ਆਨੰਦ ਕਾਰਜ ਕਰਵਾ ਲਏ। ਗੁਰਬਖਸ਼ੀਸ਼ ਸਿੰਘ ਗੱਗੀ ਪੁੱਤਰ ਸ਼ਿੰਦਰ ਸਿੰਘ ਵਾਸੀ ਰਾਮਨਗਰ ਨੇ ਕਿਹਾ ਕਿ ਵਿਆਹ ਤੋਂ ਪਹਿਲਾਂ ਦਾਜ ਦੇ ਸੌਦੇ ਹੋਣੇ ਸ਼ੁਰੂ ਹੋਣ ਲੱਗੇ ਜਾਂਦੇ ਹਨ ਤੇ ਲੱਖਾਂ ਰੁਪਏ ਫਜ਼ੂਲ ਹੀ ਵਿਆਹਾਂ 'ਤੇ ਖਰਚ ਕੀਤੇ ਜਾਂਦੇ ਹਨ। ਬਾਅਦ ਵਿੱਚ ਲੋਕ ਏਨਾ ਪੈਸਾ ਫੂਕ ਕੇ ਪਛਤਾਉਂਦੇ ਹਨ ਪਰ ਵੇਖੋ-ਵੇਖੀ ਅਜਿਹਾ ਕਰਦੇ ਹਨ। ਸਮਾਜ ਵਿੱਚ ਦਾਜ ਤੇ ਫਜ਼ੂਲ ਖਰਚੀ ਦੀਆਂ ਵਧ ਰਹੀਆਂ ਇਨ੍ਹਾਂ ਕੁਰੀਤੀਆਂ ਨੂੰ ਰੋਕਣਾ ਹੈ। ਇਹ ਸੁਨੇਹਾ ਦੇਣ ਲਈ ਉਸ ਨੇ ਸਾਦਾ ਵਿਆਹ ਕੀਤਾ ਤੇ 20 ਕਿਲੋਮੀਟਰ ਸਾਈਕਲ ਚਲਾ ਕੇ ਲਾੜੀ ਨੂੰ ਵਿਆਹ ਕੇ ਲਿਆਇਆ। ਗੱਗੀ ਨੇ ਦੱਸਿਆ ਕਿ ਉਸ ਕੋਲ 25 ਏਕੜ ਜ਼ਮੀਨ ਹੈ, ਪਰ ਉਸ ਨੇ ਆਪਣੀ ਫੋਕੀ ਟੌਹਰ ਪਾਸੇ ਰੱਖੀ ਅਤੇ ਆਪਣਾ ਤੇ ਕੁੜੀ ਵਾਲਿਆਂ ਦੇ ਘਰ ਦਾ ਖਿਆਲ ਰੱਖਿਆ। ਉਹ ਆਨੰਦ ਕਾਰਜ ਕਰਵਾ ਕੇ ਲਾੜੀ ਨਾਲ ਸਿੱਧੇ ਗੁਰਦੁਆਰਾ ਸਾਹਿਬ ਤੋਂ ਆਪਣੇ ਘਰ ਵੱਲ ਆਇਆ ਅਤੇ ਲੜਕੀ ਵਾਲਿਆਂ ਦੇ ਘਰ ਵੀ ਨਹੀਂ ਗਿਆ।

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
Inderjit Singh
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

South Dundas $299,000 — 23 Plaza Dr: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.
COBOURG $349,000 — Durham/King : 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.
MISSISSAUGA $399,000 — Photo Not Available — 777 Dundas St W: Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.
SHELBURNE $399,999 — Centre/Jelly: This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.
TORONTO $435,000 — Kingston/Guildwood: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.
BRAMPTON $459,000 — 7800 Hurontario : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.
BRANTFORD $499,000 — 639 Colborne St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.
VAUGHAN $643,000 — Jane St & Hwy 7: Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.
BRAMPTON $649,000 — Photo Not Available — Bruce Beer & Williams Pkwy: Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.
BRAMPTON $655,000 — Bovaird/ Heart Lake : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.
OSHAWA $659,000 — Photo Not Available — Simcoe St/Highway 407 : Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit
TORONTO $899,900 — Kennedy & Kingston: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.
BRAMPTON $899,900 — Edenbrook Hill/Sandalwood Pkwy: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.
Mississauga $1,995,000 — Qew And Hurontario:Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .
TORONTO $2,249,000 — Glencairn And Bathurst: A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,
TORONTO $3,537,500 — 2010 Kipling Ave: Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.
*Canadian punjabi post assumes no responsibility for the accuracy of any information shown. Copyright Ppost 2019

## ਸੀ ਬੀ ਆਈ ਨੇ ਰੇਲਟੈੱਲ ਡਾਇਰੈਕਟਰ ਦੇ ਖਿਲਾਫ ਕੇਸ ਕੀਤਾ



ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਸੀ ਬੀ ਆਈ ਨੇ ਰੇਲਟੈੱਲ ਦੇ ਡਾਇਰੈਕਟਰ ਆਸ਼ੂਤੋਸ਼ ਵਸੰਤ ਅਤੇ ਨਿੱਜੀ ਕੰਪਨੀ ਯੂਨਾਈਟਿਡ ਟੈਲੀਕਾਮ ਦੇ ਨਾਲ ਹੀ ਅਮਰੀਕੀ ਕੰਪਨੀ ਇਨਫਿਨੇਰਾ ਉੱਤੇ ਕੇਸ ਦਰਜ ਕੀਤਾ ਹੈ।

ਇਸ ਜਾਂਚ ਏਜੰਸੀ ਨੇ ਕੱਲ੍ਹ ਇਥੇ ਦੱਸਿਆ ਕਿ 2012 ਵਿੱਚ ਅਧਿਕਾਰੀਆਂ ਦੀ ਅਮਰੀਕਾ ਯਾਤਰਾ ਦੌਰਾਨ ਉਨ੍ਹਾਂ ਦੇ ਅਪਰਾਧਕ ਵਿਹਾਰ ਦੇ ਬਾਰੇ ਇਹ ਕੇਸ ਦਰਜ ਕੀਤਾ ਗਿਆ ਹੈ। ਰੇਲਟੈੱਲ ਦੇ ਡਾਇਰੈਕਟਰ ਆਸ਼ੂਤੋਸ਼ ਵਸੰਤ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 2012 ਵਿੱਚ ਸਾਨ ਫਰਾਂਸਿਸਕੋ ਤੋਂ ਹੁੰਦੇ ਹੋਏ ਸ਼ਿਕਾਗੋ ਦੀ ਸਰਕਾਰੀ ਯਾਤਰਾ ਦੇ ਲਈ ਏਅਰ ਇੰਡੀਆ ਵਿੱਚ ਬਿਜ਼ਨਸ ਸ਼੍ਰੇਣੀ ਦੀ ਟਿਕਟ ਬੁਕ ਕੀਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸਾਨ ਫਰਾਂਸਿਸਕੋ ਤੋਂ ਸ਼ਿਕਾਗੋ ਜਾਂਦੇ ਹੋਏ ਉਨ੍ਹਾਂ ਨੇ ਅਮਰੀਕਾ ਏਅਰਵੇਜ ਦੀ ਇਕੋਨਾਮੀ ਸ਼੍ਰੇਣੀ ਦੀ ਟਿਕਟ ਵਰਤੀ ਸੀ, ਪਰ ਰੇਲਟੈੱਲ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ ਨੇ ਵਸੰਤ ਦੇ ਕਹਿਣ ਉੱਤੇ ਇਨਵਾਇਸ ਐਂਡ ਈ ਟਿਕਟ ਦਿਖਾਉਣ ਪਿੱਛੋਂ ਟ੍ਰੈਵਲ ਏਜੰਸੀ ਨੂੰ ਭੁਗਤਾਨ ਕੀਤਾ ਸੀ। ਅਧਿਕਾਰੀਆਂ ਮੁਤਾਬਕ ਵਸੰਤ ਨੇ ਇਕੋਨਾਮੀ ਕਲਾਸ ਵਿੱਚ ਸਫਰ ਕੀਤਾ, ਪ੍ਰੰਤੂ ਬਿਲ ਬਿਜ਼ਨਸ ਕਲਾਸ ਦਾ ਦਿੱਤਾ। ਸੀ ਬੀ ਆਈ ਨੇ ਕਿਹਾ ਕਿ ਉਨ੍ਹਾਂ ਨੇ ਟਿਕਟ ਖ੍ਰੀਦ ਵਿੱਚ ਕੀਤੀ ਧੋਖਾਧੜੀ ਨੂੰ ਛਿਪਾਉਣ ਲਈ ਯਾਤਰਾ ਕੋਈ ਦਸਤਾਵੇਜ਼ ਨਹੀਂ ਪੇਸ਼ ਕੀਤਾ ਸੀ। ਰੇਲਟੈੱਲ ਦਾ ਮੁੱਢ 2000 ਵਿੱਚ ਇੱਕ ਮਿਨੀਰਤਨ ਕੰਪਨੀ ਵਜੋਂ ਬੱਝਾ ਸੀ। ਇਹ ਟ੍ਰੇਨ ਕੰਟਰੋਲ ਅਤੇ ਭਾਰਤੀ ਰੇਲਵੇ ਦੀ ਸੁਰੱਖਿਆ ਪ੍ਰਣਾਲੀ ਨੂੰ ਆਧੁਨਿਕ ਕਰਨ ਲਈ ਦੇਸ਼ ਵਿਆਪੀ ਬ੍ਰਾਡਬੈਂਡ, ਟੈਲੀ ਕਮਿਊਨੀਕੇਸ਼ਨ ਅਤੇ ਮਲਟੀਮੀਡੀਆ ਨੈੱਟਵਰਕ ਨੂੰ ਚਲਾਉਂਦੀ ਹੈ।

# ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨੀ ਮੰਤਰੀ ਦੇ ਖੁਲਾਸੇ ਮਗਰੋਂ ਕੈਪਟਨ ਅਮਰਿੰਦਰ ਵੱਲੋਂ ਨਵਜੋਤ ਸਿੱਧੂ ਨੂੰ ਸਮਝਾਉਣੀ

ਚੰਡੀਗੜ੍ਹ, 1 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਰੇਲਵੇ ਮੰਤਰੀ ਦੇ ਬਿਆਨ ਤੋਂ ਬਾਅਦ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾਪਾਕਿਸਤਾਨ ਵਿਚਲੇ ਕਰਤਾਰ-ਪੁਰ ਸਾਹਿਬ ਦੇ ਲਈ ਲਾਂਘਾ ਖੋਲ੍ਹਣ ਪਿੱਛੇ ਉਥੋਂਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦਾ ਦਿਮਾਗ ਹੋਣ ਬਾਰੇ ਓਥੋਂ ਦੇ ਰੇਲਵੇ ਮੰਤਰੀ ਵੱਲੋਂ ਕੀਤੇ ਖੁਲਾਸੇ ਨੇ ਇਸ ਪਿੱਛੇ ਉਨ੍ਹਾਂ ਦੇ ਨਾਪਾਕ ਇਰਾਦਿਆਂ ਨੂੰ ਜ਼ਾਹਰ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਰੇਲਮੰਤਰੀ ਨੇ ਇੱਕ ਦਿਨ ਪਹਿਲਾਂ ਇਹ ਗੱਲ ਸਾਫ ਸ਼ਬਦਾਂ ਵਿੱਚ ਕਹੀ ਸੀ ਕਿ ਇਹ ਲਾਂਘਾ ਖੋਲ੍ਹਣ ਪਿੱਛੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਨੇਕ-ਨੀਤੀ ਨਹੀਂ, ਸਗੋਂ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਵੱਡੀ ਚਾਲ ਸੀ, ਜਿਹੜੀ ਭਾਰਤ ਨੂੰ ਲੰਮਾ ਸਮਾਂ ਦੁਖੀ ਕਰਦੀ ਰਹੇਗੀ। ਉਸ ਦੇ ਇਸ ਖੁਲਾਸੇ ਉੱਤੇ ਗੰਭੀਰ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ



ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਪਾਕਿਸਤਾਨੀ ਰੇਲ ਮੰਤਰੀ ਨੇ ਇਸ ਲਾਂਘੇ ਪਿੱਛੇ ਪਾਕਿ-ਸਤਾਨ ਦੇ ਇਰਾਦੇ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ, ਜਦਕਿ ਭਾਰਤ ਨੂੰ ਆਸ ਸੀ ਕਿ ਇਹ ਪੁਲ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀ ਦੇ ਪ੍ਰਤੀਕ ਵਜੋਂ ਉਭਰੇਗਾ। ਉਨ੍ਹਾ ਨੇ ਰੇਲ ਮੰਤਰੀ ਰਾਸ਼ਿਦ ਦੀ ਟਿੱਪਣੀ ਨੂੰ ਭਾਰਤ ਦੀ ਸੁਰੱਖਿਆ ਤੇ ਅਖੰਡਤਾ ਵਿਰੁੱਧ ਖੁੱਲ੍ਹਾਤੇ ਸਪੱਸ਼ਟ ਖਤਰਾ ਦੱਸ ਕੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਕਿ ਉਹ ਕਿਸੇ ਤਰ੍ਹਾਂ ਦੀ ਗਲਤਫਹਿਮੀ ਵਿੱਚ ਨਾ ਰਹਿਣ।

ਇਸ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਵੀ ਕਿਹਾ ਕਿ ਉਹ ਇਮਰਾਨ ਖਾਨ ਸਰਕਾਰ ਨਾਲ ਸੰਪਰਕ ਦੌਰਾਨ ਵਧੇਰੇ ਸਾਵਧਾਨੀ ਵਰਤਣ ਤੇ ਓਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਆਪਣੀ ਨਿੱਜੀ ਸਾਂਝ ਦਾ ਰਾਜਸੀ ਫੈਸਲੇ ਉੱਤੇਕੋਈ ਪ੍ਰਭਾਵ ਨਾ ਪੈਣ ਦੇਣ, ਕਿਉਂਕਿ ਇਹ ਭਾਰਤ ਦੇ ਹਿੱਤਾਂ ਲਈ ਘਾਤਕ ਸਿੱਧ ਹੋ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਗੱਲ ਸਾਫਹੈਅਤੇ ਖਾਸ ਤੌਰ ਉੱਤੇ ਇਹ ਚਾਲ ਸਾਫ ਹੋ ਗਈ ਹੈ ਕਿ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵੇਲੇ ਨਵਜੋਤ ਸਿੰਘ ਸਿੱਧੂ ਕੋਲ ਲਾਂਘਾ ਖੋਲ੍ਹਣਦੇ ਫੈਸਲੇ ਦਾ ਖੁਲਾਸਾ ਜਨਰਲਬਾਜਵਾ ਨੇ ਕੀਤਾ ਸੀ, ਇਮਰਾਨ ਖਾਨ ਨੇ ਓਦੋਂ ਅਜੇ ਅਹੁਦਾ ਵੀ ਨਹੀਂ ਸੰਭਾਲਿਆ ਸੀ, ਪਰ ਫੌਜਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਇਸ ਬਾਰੇ ਨਵਜੋਤ ਸਿੰਘ ਸਿੱਧੂ ਨਾਲ ਗੱਲ ਛੋਹ ਲਈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਲਾਂਘੇ ਦੇ ਫੈਸਲੇ ਪਿੱਛੇ ਜਨਰਲ ਬਾਜਵਾ ਦਾ ਦਿਮਾਗ ਨਹੀਂ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨੂੰ ਤਾੜਨਾ ਕਰਦਿਆਂ ਕਿਹਾ ਕਿ ਲਾਂਘਾ ਖੋਲ੍ਹਣ ਦੇਅਸੀਂ ਧੰਨਵਾਦੀ ਹਾਂ, ਪਰ ਉਹ ਸਾਡੇ ਇਸ ਧੰਨਵਾਦ ਨੂੰ ਸਾਡੀ ਕਮਜ਼ੋਰੀ ਸਮਝਣ ਦੀ ਭੁੱਲ ਨਾ ਕਰਨ, ਪਾਕਿ-ਸਤਾਨ ਦੀ ਸਰਹੱਦਾਂ ਤੇ ਲੋਕਾਂ ਉੱਤੇ ਹਮਲੇ ਦੀ ਕਿਸੇ ਵੀ ਕੋਸ਼ਿਸ਼ ਦਾ ਭਾਰਤ ਮੂੰਹ ਤੋੜਵਾਂ ਜਵਾਬ ਦੇਵੇਗਾ। ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਕਹਿ ਚੁੱਕੇ ਹਨ ਕਿ ਸਿੱਖ ਹੋਣ ਦੇ ਨਾਤੇ ਕਰਤਾਰਪੁਰ ਲਾਂਘਾ ਖੁੱਲਣ ਦੀ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ, ਪਰ ਨਾਲ ਹੀ ਸਾਡੇ ਦੇਸ਼ ਨੂੰ ਦਰਪੇਸ਼ ਖਤਰੇ ਨੂੰ ਅਣਗੌਲੇਨਹੀਂ ਕੀਤਾ ਜਾ ਸਕਦਾ।

# ਊਧਵ ਠਾਕਰੇ ਦਾ ਧੜੱਲੇਦਾਰ ਐਲਾਨ; ਮੈਂ ਤਾਂ ਹਿੰਦੂਤਵ ਕਦੀ ਨਹੀਂ ਛੱਡਾਂਗਾ

ਮੁੰਬਈ, 1 ਦਸੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਅੱਜ ਐਤਵਾਰ ਨੂੰ ਵਿਧਾਨ ਸਭਾ ਵਿੱਚ ਐਲਾਨ ਕੀਤਾ ਕਿ ਉਹ ਹਿੰਦੂਤਵ ਦੀ ਵਿਚਾਰਧਾਰਾ ਨੂੰ ਕਦੇ ਨਹੀਂ ਛੱਡਣਗੇ। ਉਨ੍ਹਾਂ ਦਾ ਇਹ ਬਿਆਨ ਉਸ ਰਾਜ ਦੀ ਸਰਕਾਰ ਚਲਾ ਰਹੇ ਗੱਠਜੋੜ ਮਹਾਰਾਸ਼ਟਰ ਵਿਕਾਸ ਅਘਾੜੀ ਵਿਚਲੇ ਕਾਂਗਰਸ ਅਤੇ ਐੱਨ ਸੀ ਪੀਦੇ ਲਈ ਪਰੇਸ਼ਾਨੀ ਦਾ ਕਾਰਨਹੋ ਸਕਦਾ ਹੈ। ਉਂਜ ਸਰਕਾਰ ਚਲਾਉਣ ਲਈ ਤਿੰਨਾਂ ਪਾਰਟੀਆਂ ਦੇਘੱਟੋ-ਘੱਟ ਸਾਂਝਾ ਪ੍ਰੋਗਰਾਮ (ਸੀ ਐੱਮ ਪੀ) ਦੀ ਭੂਮਿਕਾ ਵਿੱਚ ਖ਼ਾਸ ਤੌਰ ਉੱਤੇ 'ਸੈਕੂਲਰ' ਸ਼ਬਦ ਲਿਖਿਆ ਗਿਆ ਹੈ।



ਅੱਜ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਬੋਲਦਿਆਂ ਮੁੱਖ ਮੰਤਰੀ ਅਤੇ ਸ਼ਿਵਸੈਨਾ ਦੇ ਮੁਖੀ ਊਧਵ ਠਾਕਰੇ ਨੇ ਕਿਹਾ ਕਿ ਮੈਂ ਹਾਲੇ ਵੀ ਹਿੰਦੂਤਵ ਦੀ ਵਿਚਾਰਧਾਰਾ ਨਾਲ ਹਾਂ, ਇਸ ਤੋਂ ਮੈਨੂੰ ਵੱਖ ਨਹੀਂ ਕੀਤਾ ਜਾ ਸਕਦਾ। ਭਾਜਪਾ ਨੇਤਾ ਤੇ ਸਾਬਕਾ ਮੁੱਖ ਮੰਤਰੀ ਦੇਵੇਂ-ਦਰ ਫੜਨਵੀਸ ਉੱਤੇ ਵਿਅੰਗ ਕਰਦੇ ਹੋਏ ਊਧਵ ਠਾਕਰੇ ਨੇ ਕਿਹਾ:"ਕੀਤੇ ਵਾਅਦੇ ਉੱਤੇ ਅਮਲ ਕਰਨਾ ਹੀ ਮੇਰੇ ਹਿੰਦੂਤਵ ਦਾ ਹਿੱਸਾ ਹੈ। 'ਜੈ ਸ੍ਰੀ ਰਾਮ' ਬੋਲਣਾ ਤੇ ਬਚਣ ਦਾ ਪਾਲਣ ਨਾ ਕਰਨਾ ਹਿੰਦੂਤਵ ਨਹੀਂਹੁੰਦਾ। ਮੈਂ ਕੱਲ੍ਹ ਵੀ ਹਿੰਦੂਤਵ ਦਾ ਪਾਲਣ ਕਰਦਾ ਸੀ, ਅੱਜ ਵੀ ਕਰਦਾ ਹਾਂ ਤੇ ਅੱਗੇ ਵੀ ਕਰਦਾ ਰਹਾਂਗਾ।" ਸ਼ਿਵਸੈਨਾ ਦੇ ਮੁਖੀ ਊਧਵ ਠਾਕਰੇ ਦਾ ਇਸ਼ਾਰਾ ਦੇਵੇਂਦਰ ਫੜਨਵੀਸ ਦੇ ਉਸ ਬਿਆਨ ਵੱਲ ਸੀ ਕਿ ਭਾਜਪਾ ਨੇ ਮੁੱਖ ਮੰਤਰੀ ਦਾ ਅਹੁਦਾ ਸਾਂਝਾ ਕਰਨ ਦਾ ਵਾਅਦਾ ਕਦੇ ਵੀ ਨਹੀਂ ਕੀਤਾ ਸੀ।ਇਸ ਤੋਂ ਪਹਿਲਾਂ ਅੱਜ ਵਿਧਾਨ ਸਭਾ ਦੇ ਨਵੇਂ ਸਪੀਕਰ ਚੁਣੇ ਨਾਨਾ ਪਟੋਲੇ ਨੇ ਭਾਜਪਾ ਨੇਤਾ ਦੇਵੇਂਦਰ ਫੜਨਵੀਸ ਨੂੰ ਵਿਰੋਧੀ ਧਿਰ ਦਾ ਨੇਤਾ ਐਲਾਨਿਆ।

ਊਧਵ ਠਾਕਰੇ ਨੇ ਦੇਵੇਂਦਰ ਫੜਨਵੀਸ ਉੱਤੇ ਵਿਅੰਗ ਕਰਦਿਆਂ ਕਿਹਾ ਕਿ ਜਿਹੜੇ ਲੋਕ ਵਿਰੋਧ ਚਾਹੁੰਦੇ ਹੀ ਨਹੀਂ ਸਨ, ਉਨ੍ਹਾਂ ਨਾਲ ਸਹੀ ਇਨਸਾਫ਼ ਹੋਇਆ ਹੈ ਕਿ ਖੁਦ ਅਸਰਦਾਰ ਵਿਰੋਧੀ ਦੀ ਭੂਮਿਕਾ ਵਿੱ-ਚਹੋਣਗੇ।ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਫੜਨਵੀਸ ਨੂੰ ਵਿਰੋਧੀ ਧਿਰ ਦਾ ਨੇਤਾ ਕਹਿ ਕੇ ਨਹੀਂ, ਜ਼ਿੰਮੇਵਾਰ ਨੇਤਾ ਕਹਿ ਕੇ ਬੁਲਾਵਾਂਗੇ। ਉਨ੍ਹਾਂ ਨੇ ਕਿਹਾ ਕਿ ਜੇ ਤੁਸੀਂ ਸਾਡੇ ਲਈ ਚੰਗੇ ਹੁੰਦੇ ਤਾਂ ਇਹ ਨਾ ਹੁੰਦਾ। ਮੈਂ ਆਪਣੇ ਘਰਬੈਠਾ ਟੀਵੀ ਦੇਖਦਾ ਹੁੰਦਾ ਤੇ ਤੁਸੀਂ ਇੱਥੇ ਹੁੰਦੇ। ਊਧਵ ਠਾਕਰੇ ਨੇ ਕਿਹਾ ਕਿ ਉਨ੍ਹਾਂ ਨੇ ਫੜਨਵੀਸ ਤੋਂ ਬਹੁਤ ਕੁਝ ਸਿੱਖਿਆ ਹੈ ਤੇ ਹਮੇਸ਼ਾ ਮਿੱਤਰ ਬਣੇ ਰਹਿਣਗੇ।

# ਪਾਕਿਸਤਾਨ ਸਰਕਾਰ ਵੱਲੋਂ ਮੁਸ਼ੱਰਫ ਕੇਸ ਦੀ ਜਾਣਕਾਰੀ ਦੇਣ ਤੋਂ ਇਨਕਾਰ



ਇਸਲਾਮਾਬਾਦ, 1 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਸਾਬਕਾ ਰਾਸ਼ਟਰਪਤੀ ਅਤੇ ਫੌਜ ਦੇ ਸਾਬਕਾ ਮੁਖੀ ਜਨਰਲ ਪਰਵੇਜ਼ ਮੁਸ਼ੱਰਫ ਦੇ ਵਿਰੁੱਧ ਦੇਸ਼ ਧ੍ਰੋਹ ਦੇ ਦੋਸ਼ ਵਿਚ ਕੇਸ ਚਲਾਉਣ ਦੇ ਮੁਖਤਾਰਨਾਮੇ ਵਾਲੀ ਕਾਨੂੰਨੀ ਟੀਮ ਦੇ ਵੇਰਵੇ ਦੀ ਮੰਗ ਕਰਨ ਵਾਲੀ ਇਕ ਅਰਜ਼ੀ ਰੱਦ ਕਰ ਦਿੱਤੀ ਹੈ।

ਜੀਓ ਨਿਊਜ਼ ਟੀ ਵੀ ਚੈਨਲ ਦੇ ਮੁਤਾਬਕ ਕਾਨੂੰਨ ਮੰਤਰਾਲੇ ਨੇ ਸ਼ੁੱਕਰਵਾਰ ਜਨਰਲ ਮੁਸ਼ੱਰਫ ਨਾਲ ਜੁੜੇ ਵੇਰਵੇ ਨੂੰ ਗੁਪਤ ਦੱਸ ਕੇ ਇਸ ਦੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਇਸ ਦੀ ਫੀਸ ਵਾਪਸ ਕਰ ਦਿੱਤੀ। ਪਾਕਿਸਤਾਨੀ ਨਾਗਰਿਕ ਮੁਖਤਾਰ ਅਹਿਮਦ ਅਲੀ ਨੇ ਆਰ ਟੀ ਆਈ ਕਾਨੂੰਨ ਵਜੋਂ ਜਾਣੇ ਜਾਂਦੇ ਸੂਚਨਾ ਅਧਿਕਾਰ ਐਕਟ 2017 ਹੇਠ ਇਸ ਦਾ ਵੇਰਵਾ ਮੰਗਿਆ ਸੀ ਤੇ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਜਨਤਾ ਜਿਹੜਾ ਟੈਕਸ ਭਰਦੀ ਹੈ, ਉਸ ਦੀ ਵਰਤੋਂ ਕਿਹੜੀ ਸੋਚ ਨਾਲ ਮੰਤਰਾਲੇ ਵੱਲੋਂ ਕੀਤੀ ਜਾਂਦੀ ਹੈ। ਜੀਓ ਨਿਊਜ਼ ਨੇ ਮੁਖਤਾਰ ਅਹਿਮਦ ਅਲੀ ਦੇ ਹਵਾਲੇ ਨਾਲ ਕਿਹਾ ਕਿ ਮੰਤਰਾਲੇ ਨੇ ਉਨ੍ਹਾਂ ਨੂੰ ਇਹ ਜਾਣਕਾਰੀ ਲੈਣ ਦੇ ਅਯੋਗ ਕਰਾਰ ਦੇ ਦਿੱਤਾ। ਮੰਤਰਾਲੇ ਨੇ ਜਵਾਬ ਵਿਚ 1993 ਵਿਚ ਜਾਰੀ ਇਕ ਕੈਬਨਿਟ ਡਿਵੀਜ਼ਨ ਨੋਟੀਫਿਕੇਸ਼ਨ ਦਾ ਜ਼ਿਕਰ ਕਰ ਕੇ ਇਨਕਾਰ ਕੀਤਾ ਤੇ ਕਿਹਾ ਹੈ ਕਿ ਮੰਤਰਾਲਾ ਗੁਪਤ ਸੂਚਨਾਵਾਂ ਦੇਣ ਦਾ ਪਾਬੰਦ ਨਹੀਂ ਅਤੇ ਉਸ ਨੂੰ ਇਸ ਤੋਂ ਛੋਟ ਹੋਈ ਮਿਲੀ ਹੈ। ਮੰਤਰਾਲੇ ਨੇ ਕਿਹਾ, 'ਇਹ ਗੁਪਤ ਮਾਮਲਿਆਂ ਨਾਲ ਸਬੰਧਤ ਹੈ, ਇਸ ਲਈ ਇਸ ਪੱਖੋਂ ਤੁਹਾਡੀ ਅਪੀਲ ਰੱਦ ਕੀਤੀ ਜਾਂਦੀ ਹੈ।'

ਇਕ ਮਹੀਨਾ ਪਹਿਲਾਂ ਅਲੀ ਨੇ ਇਸ ਅਰਜ਼ੀ ਵਿਚ 4 ਸਵਾਲਾਂ ਦੇ ਜਵਾਬ ਮੰਗੇ ਸਨ। ਉਨ੍ਹਾਂ ਨੇ ਵਕੀਲਾਂ ਦੀ ਟੀਮ ਦੇ ਮੈਂਬਰਾਂ ਦੀ ਸੂਚੀ ਤੇ ਸੰਵਿਧਾਨ ਦੀ ਧਾਰਾ 6 ਹੇਠ ਮੁਸ਼ੱਰਫ ਦੇ ਕੇਸ ਲਈ ਕਾਨੂੰਨੀ ਫਰਮਾਂ ਤੇ ਉਨ੍ਹਾਂ ਨੂੰ ਭੁਗਤਾਨ ਕੀਤੀ ਫੀਸ ਨਾਲ ਸਬੰਧਤ ਸੂਚਨਾ ਦੇਣ ਨੂੰ ਕਿਹਾ ਸੀ। ਇਸ ਦੇ ਨਾਲ ਮੁਖਤਾਰ ਅਹਿਮਦ ਅਲੀ ਨੇ ਹੋਰ ਖਰਚ, ਜਿਵੇਂ ਯਾਤਰਾ, ਅਸਥਾਈ ਰਿਹਾਇਸ਼, ਭੋਜਨ ਆਦਿ ਦਾ ਵੀ ਵੇਰਵਾ ਮੰਗਿਆ ਸੀ। ਮੰਤਰਾਲੇ ਦੀ ਨਾਂਹ ਸੁਣਨ ਦੇ ਬਾਅਦ ਅਲੀ ਨੇ ਸਰਕਾਰ ਦੇ ਵਿਰੁੱਧ ਬਿਨੈਕਾਰਾਂ ਵੱਲੋਂ ਦਰਜ ਕੀਤੀਆਂ ਗਈਆਂ ਸ਼ਿਕਾਇਤਾਂ ਨਾਲ ਨਜਿੱਠਣ ਲਈ ਆਰ ਟੀ ਆਈ ਕਾਨੂੰਨ ਦੇ ਤਹਿਤ ਬਣੀ ਇਕ ਅਪੀਲ ਅਥਾਰਟੀ ਪਾਕਿਸਤਾਨ ਸੂਚਨਾ ਕਮਿਸ਼ਨ ਨਾਲ ਸੰਪਰਕ ਕੀਤਾ ਹੈ।

# ਸੁਪਰੀਮ ਕੋਰਟ ਨੇ ਝੂਠ ਬੋਲਣ ਵਾਲਿਆਂ ਦਾ ਕੇਸ ਸੁਣਨ ਤੋਂ ਨਾਂਹ ਕਰ ਦਿੱਤੀ

ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਅਦਾਲਤ 'ਚ ਕੀਤੀ ਗਲਤ ਬਿਆਨੀ ਕਿੰਨੀ ਭਾਰੀ ਪੈ ਸਕਦੀ ਹੈ ਇਸ ਦੀ ਮਿਸਾਲ ਇਸ ਕੇਸ 'ਚ ਦੇਖਣ ਨੂੰ ਮਿਲੀ, ਜਿਸ 'ਚ ਸੁਪਰੀਮ ਕੋਰਟ ਨੇ ਚਾਰ ਸਾਲ ਤੋਂ ਪੈਂਡਿੰਗ ਅਰਜ਼ੀ ਮਨਜ਼ੂਰ ਕਰਦਿਆਂ ਤਲਾਕ ਦੀ ਡਿਕਰੀ ਮਨਜ਼ੂਰ ਕਰਨ ਦਾ ਹੇਠਲੀ ਅਦਾਲਤ ਦਾ 21 ਫਰਵਰੀ 2006 ਦਾ ਹੁਕਮ ਰੱਦ ਕਰ ਦਿੱਤਾ ਤੇ 15 ਫਰਵਰੀ 1989 ਨੂੰ ਹੋਇਆ ਵਿਆਹ ਬਹਾਲ ਕਰ ਦਿੱਤਾ ਸੀ। ਇਸ ਦੇ ਖਿਲਾਫ ਪਤੀ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਇਸ ਤੋਂ ਇਲਾਵਾ ਉਹ ਮਹਿਲਾ ਵੀ ਸੁਪਰੀਮ ਕੋਰਟ ਪੁੱਜੀ ਸੀ ਜਿਸ ਨਾਲ ਪਤੀ ਨੇ ਦੂਜੀ ਵਾਰ ਵਿਆਹ ਕਰ ਲਿਆ ਸੀ, ਪਰ ਓਥੇ ਜਾ ਕੇ ਗੱਲ ਹੋਰ ਹੀ ਨਿਕਲ ਆਈ।



ਸੁਪਰੀਮ ਕੋਰਟ ਵਿੱਚ ਸੁਣਵਾਈ ਵਾਲੇ ਬੈਂਚ ਵਿੱਚੋਂ ਜਸਟਿਸ ਆਰ ਐਫ ਨਰੀਮਨ, ਜਸਟਿਸ ਅਨਿਰੁੱਧ ਬੋਸ ਅਤੇ ਜਸਟਿਸ ਵੀ ਰਾਮਸੁਬਰਾਮਣੀਅਮ ਨੇ ਇਸ ਕੇਸ ਵਿੱਚਲੇ ਪਤੀ ਅਤੇ ਦੂਜੀ ਪਤਨੀ ਦੋਵਾਂ ਦੀਆਂ ਪਟੀਸ਼ਨਾਂ ਅਦਾਲਤ 'ਚ ਝੂਠਾ ਬੋਲਣ ਅਤੇ ਗਲਤ ਬਿਆਨੀ ਕਰਨ ਕਰ ਕੇ ਰੱਦ ਕਰ ਕੇ ਆਪਣੇ ਹੁਕਮ 'ਚ ਕਿਹਾ ਕਿ ਇਸ ਮਾਮਲੇ 'ਚ ਪਟੀਸ਼ਨਰ ਨੇ ਝੂਠ ਬੋਲਿਆ ਹੈ ਤੇ ਇਸ ਹਾਲਤ 'ਚ ਇਹ ਅਦਾਲਤ ਦੀ ਧਾਰਾ-136 ਹੇਠ ਵਿਸ਼ੇਸ਼ ਇਜਾਜ਼ਤ ਪਟੀਸ਼ਨ 'ਤੇ ਸੁਣਵਾਈ ਦੀ ਇਜਾਜ਼ਤ ਦੇਣ ਦੇ ਆਪਣੇ ਅਧਿਕਾਰ ਦੀ ਵਰਤੋਂ ਦੇ ਹੱਕਦਾਰ ਨਹੀਂ।

ਅਸਲ ਵਿੱਚ ਇਸ ਕੇਸ 'ਚ ਪਤੀ-ਪਤਨੀ ਦੋਵੇਂ ਡਾਕਟਰ ਹਨ। ਪਤੀ ਇਸ ਸਮੇਂ ਪ੍ਰਸਿੱਧ ਡਾਕਟਰ ਤੇ ਲਖਨਊ 'ਚ ਇੱਕ ਵੱਡੇ ਹਸਪਤਾਲ ਦਾ ਮਾਲਿਕ ਹੈ। ਦੋਵਾਂ ਦਾ ਵਿਆਹ 15 ਫਰਵਰੀ 1989 ਨੂੰ ਕਾਨਪੁਰ 'ਚ ਹੋਇਆ ਸੀ। ਕਰੀਬ 13 ਸਾਲ ਬਾਅਦ 26 ਅਕਤੂਬਰ 2002 ਨੂੰ ਪਤੀ ਨੇ ਪਤਨੀ 'ਤੇ ਵਧੀਕੀ ਦਾ ਦੋਸ਼ ਲਾ ਕੇ ਫੈਮਿਲੀ ਕੋਰਟ 'ਚ ਤਲਾਕ ਦਾ ਕੇਸ ਕਰ ਦਿੱਤਾ। ਤਲਾਕ ਮੰਗਦਿਆਂ ਪਤੀ ਨੇ ਦੋਸ਼ ਲਾਇਆ ਕਿ ਪਤਨੀ ਉਸ ਨਾਲ ਮਾਰਕੁੱਟ ਤੇ ਮਾੜਾ ਵਿਹਾਰ ਕਰਦੀ ਹੈ।

## ਹੜਤਾਲ ਉੱਤੇ ਜਾਣ ਲਈ 14 ਦਿਨ ਦਾ ਨੋਟਿਸ ਦੇਣਾ ਹੋਵੇਗਾ

ਮੁੰਬਈ, 1 ਦਸੰਬਰ, (ਪੋਸਟ ਬਿਊਰੋ)- ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਦੇ ਕਰਮਚਾਰੀ ਆਪਣੀਆਂ ਮੰਗਾਂ ਦੇ ਲਈ ਅਚਾਨਕ ਹੜਤਾਲ 'ਤੇ ਨਹੀਂ ਜਾ ਸਕਣਗੇ। ਭਾਰਤ ਵਿੱਚ ਅਗਲੇ ਦਿਨਾਂ 'ਚ ਹੜਤਾਲ ਕਰਨ ਬਾਰੇ ਨਿਯਮਾਂ ਦੇ ਵਿੱਚ ਮੋਦੀ ਸਰਕਾਰ ਵੱਡੇ ਬਦਲਾਅ ਕਰਨ ਦੀ ਤਿਆਰੀ 'ਚ ਹੈ।

ਕੇਂਦਰੀ ਕਿਰਤ ਮੰਤਰੀ ਸੰਤੋਸ਼ ਗੰਗਵਾਰ ਨੇ ਰਾਜ ਸਭਾ ਵਿੱਚ ਕਿਹਾ ਕਿ ਨਵੇਂ ਕਾਨੂੰਨ ਅਨੁਸਾਰ ਹੜਤਾਲ ਕਰਨ ਤੋਂ 14 ਦਿਨ ਪਹਿਲਾਂ ਕਰਮਚਾਰੀ ਨੂੰ ਆਪਣੇ ਅਦਾਰੇ ਨੂੰ ਇਸ ਦੀ ਜਾਣਕਾਰੀ ਦੇਣਾ ਜ਼ਰੂਰੀ ਹੋਵੇਗਾ। ਅਸਲ 'ਚ ਅਦਾਲਤ ਦੇ ਆਦੇਸ਼ ਅਤੇ ਹੋਰ ਐਮਰਜੈਂਸੀ ਸਥਿਤੀਆਂ ਦੇ ਕਰਨ ਵਿਕਾਸ ਯੋਜਨਾਵਾਂ ਦੇ ਕੰਮ 'ਚ ਰੁਕਾਵਟ ਪੈਂਦੀ ਹੈ। ਇਸ ਨਾਲ ਕੰਮ-ਕਾਜ 'ਚ ਮਜ਼ਦੂਰਾਂ ਨੂੰ ਰੋਜ਼ੀ-ਰੋਟੀ ਦੀ ਪ੍ਰੇਸ਼ਾਨੀ ਹੁੰਦੀ ਅਤੇ ਵਿਕਾਸ ਯੋਜਨਾਵਾਂ ਦਾ ਕੰਮ ਰੁਕਣ ਕਾਰਨ ਉਨ੍ਹਾਂ ਦੀ ਲਾਗਤ ਵੀ ਵਧਦੀ ਹੈ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲ ਵਿੱਚ ਸੱਤਰ ਲੱਖ ਦੇ ਘਪਲੇ ਤੋਂ ਸਿਆਸਤ ਭਖੀ

ਨਵੀਂ ਦਿੱਲੀ, 1 ਦਸੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਐੱਮ ਸੀ) ਨੇ ਅਪਾਣੇ ਪਿਛਲੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੇ ਸਮੇਂ ਦੌਰਾਨ ਗੁਰੂ ਹਰਿਕ੍ਰਿਸ਼ਨ ਜੀ ਪਬਲਿਕ ਸਕੂਲ ਦੀ ਪੰਜਾਬੀ ਬਾਗ ਬ੍ਰਾਂਚ ਵਿੱਚ ਸੱਤਰ ਲੱਖ ਰੁਪਏ ਦਾ ਘਪਲਾ ਹੋਣ ਦਾ ਦਾਅਵਾ ਕੀਤਾ ਹੈ। ਦੂਸਰੇ ਪਾਸੇ ਮਨਜੀਤ ਸਿੰਘ ਜੀ ਕੇ ਦੀ ਅਗਵਾਈ ਵਾਲੀ ਜਾਗੋ ਪਾਰਟੀ ਦੇ ਬੁਲਾਰੇ ਗੁਰਵਿੰਦਰਪਾਲ ਸਿੰਘ ਨੇ ਦਿੱਲੀ ਪੁਲਸ ਵਿੱਚ ਇਸ ਦੀ ਸ਼ਿਕਾਇਤ ਕਰਨ ਦੀ ਗੱਲ ਕਹੀ ਅਤੇ ਗੁਰਦੁ-ਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਬਚਾਅ ਕੀਤਾ ਹੈ।

ਇਸ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ, ਸਕੂਲ ਦੇ ਚੇਅਰਮੈਨ ਸਰਬਜੀਤ ਸਿੰਘ ਵਿਰਕ ਅਤੇ ਮੈਨੇਜਰ ਮਨਜੀਤ ਸਿੰਘ ਔਲਖ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਦਾਅਵਾ ਕੀਤਾ ਹੈ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੇ ਸਮੇਂ ਦੌਰਾਨ ਇਹ ਘਪਲਾ ਗੁਰੂ ਹਰਿਕ੍ਰਿਸ਼ਨ ਜੀ ਪਬਲਿਕ ਸਕੂਲ ਪੰਜਾਬੀ ਬਾਗ ਵਿੱਚ ਹੋਇਆ ਹੈ ਤੇ ਮਨਜੀਤ ਸਿੰਘ ਜੀ ਕੇ ਦੇ ਖਾਸ ਸਾਥੀ ਹਰਜੀਤ ਸਿੰਘ ਦੀ ਪਤਨੀ ਜਤਿੰ-ਦਰਪਾਲ ਕੌਰ ਇਸ ਵਿੱਚ ਸ਼ਾਮਲ ਸੀ, ਜਿਹੜੀ ਇਸ ਸਕੂਲ ਦੀ ਦਫਤਰ ਸੁਪਰਵਾਈਜ਼ਰ ਸੀ। ਕਮੇਟੀ ਨੇ ਦਾਅਵਾ ਕੀਤਾ ਹੈ ਕਿ ਜਤਿੰਦਰਪਾਲ ਕੌਰ ਨੇ ਸਕੂਲ ਦੀ ਸੱਤਰ ਲੱਖ ਰੁਪਏ ਦੀ ਰਕਮ ਬੈਂਕ ਵਿੱਚ ਜਮ੍ਹਾ ਨਹੀਂ ਕਰਵਾਈ, ਪਰ ਬੈਂਕ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਵਾਊਚਰਾਂ ਉੱਤੇ ਮੋਹਰ ਲਵਾ ਕੇ ਰਕਮ ਬੈਂਕ ਵਿੱਚ ਜਮ੍ਹਾ ਹੋਣ ਬਾਰੇ ਦੱਸਦੀ ਰਹੀ। ਸਾਰਾ ਪੈਸਾ ਉਹ ਖੁਦ ਹੜੱਪ ਗਈ। ਕਾਹਲੋਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਘਪਲਾ ਉਸੇ ਪੁਰਾਣੇ ਢੰਗ ਨਾਲ ਕੀਤਾ ਗਿਆ, ਜਿਸ ਤਰ੍ਹਾਂ ਦਿੱਲੀ ਕਮੇਟੀ ਨੇ 51 ਲੱਖ ਰੁਪਏ ਦੀਆਂ ਨਕਲੀ ਰਸੀਦਾਂ ਲਾ ਕੇ ਕੀਤਾ ਸੀ।

ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸਾਰੀ ਖੇਡ ਆਡਿਟ ਦੌਰਾਨ ਬਾਹਰ ਆਈ। ਘਪਲੇ ਤੋਂ ਇੰਝ ਲੱਗਦਾ ਹੈ ਕਿ ਸਾਬਕਾ ਪ੍ਰਧਾਨ ਤੇ ਉਨ੍ਹਾਂ ਦੇ ਨੇੜਲਿਆਂ ਨੇ ਮਿਲ ਕੇ ਦਿੱਲੀ ਕਮੇਟੀ ਤੇ ਉਸ ਦੇ ਅਦਾਰਿਆਂ ਦਾ ਨੁਕਸਾਨ ਕੀਤਾ ਹੈ। ਇਸ ਦੇ ਬਾਅਦ ਜਤਿੰਦਰਪਾਲ ਕੌਰ ਵਿਰੁੱਧ ਸਕੂਲ ਪ੍ਰਬੰਧਕਾਂ ਨੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਦੂਸਰੇ ਪਾਸੇ ਜਾਗੋ ਪਾਰਟੀ ਨੇ ਕਿਹਾ ਹੈ ਕਿ ਉਹ ਵੀ ਦਿੱਲੀ ਪੁਲਸ ਨੂੰ ਸ਼ਿਕਾਇਤ ਦੇਣਗੇ। ਗੁਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਜਾ ਰਹੀ ਸ਼ਿਕਾਇਤ ਵਿੱਚ ਸਭ ਦੋਸ਼ੀਆਂ ਦੇ ਨਾਂਅ ਲਿਖੇ ਜਾਣਗੇ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਗੁਰੂ ਹਰਿਕ੍ਰਿਸ਼ਨ ਸਕੂਲ ਦੀ ਸੋਸਾਇਟੀ ਦੇ ਚੇਅਰਮੈਨ ਮਨਜਿੰ-ਦਰ ਸਿੰਘ ਸਿਰਸਾ, ਸਕੂਲ ਦੇ ਚੇਅਰਮੈਨ ਸਰਬਜੀਤ ਸਿੰਘ ਵਿਰਕ, ਸਕੂਲ ਦੇ ਮੈਨੇਜਰ, ਪ੍ਰਿੰਸੀਪਲ, ਅਕਾਊਂਟੈਂਟ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਖਜ਼ਾਨਚੀ ਨੂੰ ਵੀ ਇਸ ਦੇ ਮੁੱਖ ਦੋਸ਼ੀ ਬਣਾਇਆ ਜਾਏਗਾ। ਉਨ੍ਹਾ ਦੱਸਿਆ ਕਿ ਪੰਜਾਬੀ ਬਾਗ ਸਕੂਲ ਵਿੱਚ ਨਕਦ ਜਮ੍ਹਾ ਹੋਣ ਵਾਲੀ ਫੀਸ ਨੂੰ ਬੈਂਕ ਦੇ ਕੁਝ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਸਕੂਲ ਸਟਾਫ ਨੇ ਸਕੂਲ ਸੋਸਾਇਟੀ ਦੇ ਖਾਤੇ ਵਿੱਚ ਪੂਰਾ ਜਮ੍ਹਾ ਕਰਾਇਆ, ਪਰ ਰਿਕਾਰਡ ਵਿੱਚ ਪੂਰੇ ਪੈਸੇ ਜਮ੍ਹਾ ਹੋਏ ਦੱਸੇ। ਖਾਤੇ ਵਿੱਚ ਪੈਸੇ ਘੱਟ ਜਮ੍ਹਾ ਹੋਣ ਕਾਰਨ ਹਿਸਾਬ ਨਹੀਂ ਮਿਲਿਆ। ਦਿੱਲੀ ਕਮੇਟੀ ਵੱਲੋਂ ਇਸ ਘਪਲੇ ਵਿੱਚ ਮਨਜੀਤ ਸਿੰਘ ਜੀ ਕੇ ਨੂੰ ਘਸੀਟਣ ਦੀ ਕੋਸ਼ਿਸ਼ ਦੀ ਨਿੰਦਾ ਕਰਦੇ ਹੋਏ ਗੁਰਵਿੰਦਰ ਸਿੰਘ ਨੇ ਕਿਹਾ ਕਿ ਜੀ ਕੇ ਨੇ ਪਿਛਲੇ ਸਾਲ ਅਕਤੂਬਰ ਵਿੱਚ ਖੁਦ ਨੂੰ ਕਮੇਟੀ ਦੇ ਅਧਿਕਾਰਤ ਕੰਮਾਂ ਤੋਂ ਲਾਂਭੇ ਕਰ ਲਿਆ ਸੀ ਅਤੇ ਇਹ ਘਪਲਾ ਇਸ ਸਾਲ ਮਾਰਚ ਤੱਕ ਜਾਰੀ ਰਿਹਾ। ਸਕੂਲ ਦੇ ਆਰਥਿਕ ਪ੍ਰਬੰਧਾਂ ਨੂੰ ਵੇਖਣ ਦੀ ਜ਼ਿੰਮੇਵਾਰੀ ਸਕੂਲ ਦੇ ਚੇਅਰਮੈਨ, ਮੈਨੇਜਰ, ਪ੍ਰਿੰਸੀਪਲ ਅਤੇ ਅਕਾਊਂਟੈਂਟ ਦੀ ਹੁੰਦੀ ਹੈ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਟਰੂਡੋ ਦੀ ਵਜ਼ਾਰਤ ਵਿੱਚੋਂ ਬਰੈਂਪਟਨ ਦੀ ਗੈਰ-ਮੌਜੂਦਗੀ ਕਿਉਂ?

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਬਰੈਂਪਟਨ ਨਿਵਾਸੀਆਂ ਵੱਲੋਂ ਲਿਬਰਲ ਪਾਰਟੀ ਨਾਲ ਨਿਭਾਈ ਵਫ਼ਾ ਬਦੌਲਤ ਇੱਥੇ ਤੋਂ ਘੱਟ ਤੋਂ ਘੱਟ ਇੱਕ ਮੈਂਬਰ ਪਾਰਲੀਮੈਂਟ ਨੂੰ ਫੈਡਰਲ ਵਜ਼ਾਰਤ ਵਿੱਚ ਸਥਾਨ ਦਿੱਤਾ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਸਾਢੇ 6 ਲੱਖ ਤੋਂ ਵੱਧ ਆਬਾਦੀ ਵਾਲੇ ਇਸ ਸ਼ਹਿਰ ਦੇ ਦੁੱਖ ਸੁੱਖ ਸਰਕਾਰ ਦੇ ਗਲਿਆਰਿਆਂ ਵਿੱਚ ਪਹੁੰਚਾਉਣ ਵਾਲੀ ਕਿਸੇ ਵੀ ਆਵਾਜ਼ ਦਾ ਲਗਾਤਾਰ ਗੈਰ-ਹਾਜ਼ਰ ਹੋਣਾ ਹੈਰਾਨੀਜਨਕ ਗੱਲ ਹੈ।

ਵਜ਼ਾਰਤ ਚੁਣਨ ਵੇਲੇ ਪ੍ਰਧਾਨ ਮੰਤਰੀਆਂ ਨੂੰ ਕਈ ਗੱਲਾਂ ਦਾ ਖਿਆਲ ਰੱਖਣਾ ਪੈਂਦਾ ਹੁੰਦਾ ਹੈ। ਮਿਸਾਲ ਵਜੋਂ ਜੋ ਮੰਤਰੀ ਪਹਿਲਾਂ ਵਜ਼ਾਰਤ ਵਿੱਚ ਸਨ, ਉਹਨਾਂ ਨੂੰ ਜਲਦੀ ਕੀਤਿਆਂ ਬਾਹਰ ਨਹੀਂ ਰੱਖਿਆ ਜਾ ਸਕਦਾ। ਇਹ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ ਕਿ ਕੈਨੇਡਾ ਦੇ ਹਰ ਖੇਤਰ ਨੂੰ ਸਹੀ ਨੁਮਾਇੰਦਗੀ ਮਿਲੇ, ਮਿਸਾਲ ਵਜੋਂ ਬੇਸ਼ੱਕ ਪੱਛਮੀ ਕੈਨੇਡਾ ਵਿੱਚੋਂ ਲਿਬਰਲ ਐਮ ਪੀ ਨਹੀਂ ਚੁਣੇ ਗਏ ਪਰ ਉਸ ਇਲਾਕੇ ਨੂੰ ਨੁਮਾਇੰਦਗੀ ਦੇਣਾ ਲਾਜ਼ਮੀ ਹੈ। ਇਹ ਕੈਨੇਡਾ ਦੀ ਏਕਤਾ ਅਤੇ ਅਖੰਡਤਾ ਦੇ ਨਾਲ ਜੁੜੀ ਗੱਲ ਹੈ। ਵਜ਼ਾਰਤ ਵਿੱਚ ਲਏ ਜਾਣ ਵਾਲੇ ਵਿਅਕਤੀ ਦਾ ਅਨੁਭਵ ਵੀ ਮਾਅਨੇ ਰੱਖਦਾ ਹੈ ਤਾਂ ਜੋ ਉਹ ਦਿੱਤੀ ਜਾਣ ਵਾਲੀ ਜੁੰਮੇਵਾਰੀ ਨਾਲ ਇਨਸਾਫ ਕਰ ਸਕੇ।

ਕੋਈ ਸ਼ੱਕ ਨਹੀਂ ਕਿ ਮਿਸੀਸਾਗਾ-ਮਾਲਟਨ ਤੋਂ ਮੈਂਬਰ ਪਾਰਲੀਮੈਂਟ ਨਵਦੀਪ ਬੈਂਸ ਨੂੰ ਇੱਕ ਸਤਕਾਰਤ ਦਰਜ਼ਾ ਵਜ਼ਾਰਤ ਵਿੱਚ ਦਿੱਤਾ ਗਿਆ ਹੈ ਪਰ ਜਦੋਂ ਗੱਲ ਖੇਤਰੀ ਨੁਮਾਇੰਦਗੀ ਦੀ ਆਉਂਦੀ ਹੈ ਤਾਂ ਬਰੈਂਪਟਨ ਦੀਆਂ ਵਿਸ਼ੇਸ਼ ਲੋੜਾਂ ਅਤੇ ਆਸ਼ਾਵਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਤਰਕ ਨਾਲ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਬਰੈਂਪਟਨ ਤੋਂ ਚੁਣੇ ਗਏ ਐਮ ਪੀਆਂ ਕੋਲ ਅਨੁਭਵ ਦੀ ਕਮੀ ਹੈ। ਰੂਬੀ ਸਹੋਤਾ ਇੱਕ ਅਨੁਭਵੀ ਵਕੀਲ ਹੈ ਅਤੇ ਦੂਜੀ ਵਾਰ ਇੱਥੇ ਤੋਂ ਚੁਣ ਕੇ ਪਾਰਲੀਮੈਂਟ ਵਿੱਚ ਪੁੱਜੀ ਹੈ। ਵੈਸੇ ਵੀ ਪਿਛਲੀ ਵਾਰ ਜਦੋਂ ਬਰਦੀਸ਼ ਚੱਗੜ ਜਾਂ ਮਰੀਅਮ ਮੁਨਸਫ਼ ਆਦਿ ਨੂੰ ਵਜ਼ੀਰ ਬਣਾਇਆ ਗਿਆ ਸੀ ਤਾਂ ਉਹਨਾਂ ਕੋਲ ਕਿਹੜਾ ਕੋਈ ਪਿਛਲਾ ਅਨੁਭਵ ਸੀ?

ਚਰਚਾ ਇਹ ਵੀ ਚੱਲਦੀ ਹੈ ਕਿ ਬਰੈਂਪਟਨ ਨੂੰ ਅਣਗੌਲਿਆ ਕੀਤੇ ਜਾਣ ਵਿੱਚ ਇੱਥੇ ਤੋਂ ਚੁਣੇ ਗਏ ਸਾਰੇ ਐਮ ਪੀਆਂ ਦਾ ਸਿੱਖ ਹੋਣਾ ਵੀ ਹੈ। ਟਰੂਡੋ ਹੋਰਾਂ ਦੀ ਵਜ਼ਾਰਤ ਵਿੱਚ ਪਹਿਲਾਂ ਹੀ ਤਿੰਨ ਸਿੱਖ ਵਜ਼ੀਰ ਨਵਦੀਪ ਬੈਂਸ, ਹਰਜੀਤ ਸਿੰਘ ਸੱਜਣ ਅਤੇ ਬਰਦੀਸ਼ ਚੱਗੜ ਹਨ। ਕੀ ਇਹ ਬਰੈਂਪਟਨ ਵਾਸੀਆਂ ਦਾ ਕਸੂਰ ਹੈ ਕਿ ਇੱਥੇ ਮੌਜੂਦ ਸਾਰੇ ਹਲਕਿਆਂ ਚੋਂ ਸਿੱਖ ਉਮੀਦਵਾਰ ਚੁਣ ਕੇ ਭੇਜੇ ਗਏ ਹਨ? ਸੋ ਜਿਹੜੀ ਗੱਲ ਬਰੈਂਪਟਨ ਨਿਵਾਸੀਆਂ ਦੇ ਹੱਕ ਵਿੱਚ ਜਾਣੀ ਚਾਹੀਦੀ ਸੀ, ਉਸ ਸਗੋਂ ਉਸਦੇ ਹਿੱਤਾਂ ਦੇ ਵਿਰੋਧ ਵਿੱਚ ਭੁਗਤ ਰਹੀ ਹੈ?

ਇਸ ਸਾਲ ਚੋਣ ਪ੍ਰਚਾਰ ਦੇ ਦਿਨਾਂ ਵਿੱਚ ਪੰਜਾਬੀ ਪੋਸਟ ਵਿੱਚ ਕਈ ਲੜੀਵਾਰ ਆਰਟੀਕਲ ਲਿਖ ਕੇ ਜੱਗ ਜ਼ਾਹਰ ਕੀਤਾ ਗਿਆ ਸੀ ਕਿ ਕਿਸ ਤਰਾਂ ਕੰਜ਼ਰਵੇਟਿਵ ਪਾਰਟੀ ਨੇ ਬਰੈਂਪਟਨ ਵਿੱਚ ਪਾਰਟੀ ਉਮੀਦਵਾਰ ਚੁਣਨ ਵੇਲੇ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਨੂੰ ਅੱਖੋਂ ਪਰੋਖੇ ਕੀਤਾ। ਕਈ ਕੇਸਾਂ ਵਿੱਚ ਚੋਣ ਬਾਰੇ ਨੇਮਾਂ ਦੀਆਂ ਧੱਜੀਆਂ ਵੀ ਉਡਾਈਆਂ। ਫੈਡਰਲ ਟੋਰੀਆਂ ਨੇ ਇਸਦਾ ਖਾਮਿਆਜ਼ਾ ਵੀ ਖੂਬ ਭੁਗਤਿਆ। ਸਮੁੱਚੇ ਗਰੇਟਰ ਟੋਰਾਂਟੋ ਏਰੀਆ ਵਿੱਚੋਂ ਜੇ ਕਿਧਰੇ ਕੰਜ਼ਰਵੇਟਿਵਾਂ ਦਾ ਸੀਟ ਜਿੱਤਣ ਦਾ ਚਾਂਸ ਬਣ ਸਕਦਾ ਸੀ, ਉਹ ਬਰੈਂਪਟਨ ਸੀ ਪਰ ਉਹਨਾਂ ਨੇ ਖੁਦ ਪੈਰੀਂ ਕੁਹਾੜਾ ਮਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਕੀ ਕਿਸੇ ਨੂੰ ਚੇਤਾ ਹੈ ਕਿ ਉਹ ਕਿਹੜਾ ਸਾਲ ਸੀ ਜਦੋਂ ਬਰੈਂਪਟਨ ਤੋਂ ਕੋਈ ਵਿਅਕਤੀ ਕੈਨੇਡਾ ਦੀ ਫੈਡਰਲ ਸਰਕਾਰ ਵਿੱਚ ਮੰਤਰੀ ਰਿਹਾ ਸੀ? ਇਹ ਤੱਥ ਇਸ ਲਈ ਜ਼ਿਆਦਾ ਪਰੇਸ਼ਾਨ ਕਰਨ ਵਾਲਾ ਹੈ ਕਿ ਇਸ ਸ਼ਹਿਰ ਨੂੰ ਕੈਨੇਡਾ ਦੀ ਸਿਆਸੀ ਪ੍ਰਯੋਗਸ਼ਾਲਾ ਕਿਹਾ ਜਾਂਦਾ ਹੈ। ਰਾਜਨੀਤਕ ਸਾਇੰਸਦਾਨਾਂ ਦਾ ਖਿਆਲ ਹੈ ਕਿ ਜੋ ਸਿਆਸੀ ਰੁਝਾਨ ਬਰੈਂਪਟਨ ਵਿੱਚ ਪਾਇਆ ਜਾਂਦਾ ਹੈ, ਤਕਰੀਬਨ ਉਹ ਹੀ ਪਰਵਾਸੀਆਂ ਦੇ ਪ੍ਰਭਾਵ ਵਾਲੀਆਂ ਰਾਈਡਿੰਗਾਂ ਵਿੱਚ ਪਾਇਆ ਜਾਂਦਾ ਹੈ।

ਕੋਈ ਸ਼ੱਕ ਨਹੀਂ ਕਿ ਹਰ ਖੇਤਰ ਨੂੰ ਵਜ਼ਾਰਤ ਵਿੱਚ ਨੁਮਾਇੰਦਗੀ ਦੇਣਾ ਨਾਮੁਮਕਿਨ ਕੰਮ ਹੈ ਅਤੇ ਵਜ਼ਾਰਤ ਚੁਣਨਾ ਜਿੱਥੇ ਪ੍ਰਧਾਨ ਮੰਤਰੀ ਦਾ ਅਧਿਕਾਰ ਹੈ, ਉੱਥੇ ਉਸ ਲਈ ਇਹ ਵੱਡੀ ਸਿਰਦਰਦੀ ਵੀ ਹੈ। ਹਾਲਾਂਕਿ ਜਸਟਿਨ ਟਰੂਡੋ ਮਲਟੀਕਲਚਰਿਜ਼ਮ ਨੂੰ ਮਜ਼ਬੂਤ ਕਰਨ ਲਈ ਮਸ਼ਹੂਰ ਹੈ ਪਰ ਬਰੈਂਪਟਨ ਵਿੱਚ ਪਾਈ ਜਾਂਦੀ ਐਥਨਿਕ ਵੰਨ-ਸੁਵੰਨਤਾ ਇਸਦੀ ਕਮਜ਼ੋਰੀ ਬਣ ਗਈ ਜਾਪਦੀ ਹੈ। ਇਸ ਕਮਜ਼ੋਰੀ ਦੇ ਚੱਲਦੇ ਇਹ ਆਸ ਕਰਨੀ ਮੁਸ਼ਕਲ ਹੈ ਕਿ ਨੇੜ ਭੱਵਿਖ ਵਿੱਚ ਇੱਥੇ ਤੋਂ ਕੋਈ ਮੈਂਬਰ ਪਾਰਲੀਮੈਂਟ ਵਜ਼ਾਰਤੀ ਕੁਰਸੀ ਉੱਤੇ ਸੁਸ਼ੋਭਿਤ ਹੋ ਸਕੇਗਾ।

## ਫੈਡਰਲ ਸਰਕਾਰ ਨਾਲ ਸਬੰਧਾਂ ਬਾਰੇ ਸਾਂਝੇ ਏਜੰਡੇ ਸਬੰਧੀ ਅੱਜ ਮੀਟਿੰਗ ਕਰਨਗੇ ਪ੍ਰੀਮੀਅਰਜ਼

...ਪੰਨਾ 1 ਦਾ ਬਾਕੀ

ਪਰ ਸੋਮਵਾਰ ਨੂੰ ਹੋਣ ਜਾ ਰਹੀ ਇਸ ਮੀਟਿੰਗ ਦੌਰਾਨ ਉਹ ਆਮ ਰਾਇ ਹਾਸਲ ਕਰਨ ਲਈ ਵਿਚਾਰ ਵਾਸਤੇ ਤਿੰਨ ਮੁੱਦੇ ਰੱਖਣਗੇ। ਪਹਿਲਾ ਮੁੱਦਾ ਹੋਵੇਗਾ ਵਿੱਤੀ ਸਥਿਰਤਾ ਪ੍ਰੋਗਰਾਮ, ਜਿਸ ਤਹਿਤ ਆਰਥਿਕ ਗਿਰਾਵਟ ਨਾਲ ਜੂਝ ਰਹੀਆਂ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਆਰਥਿਕ ਮਦਦ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ, ਵਿੱਚ ਸੋਧ ਕਰਨਾ। ਉਹ ਫੈਡਰਲ ਕਾਰਬਨ ਟੈਕਸ ਬਾਰੇ ਵੀ ਵਿਚਾਰ ਵਟਾਂਦਰਾ ਕਰਨਾ ਚਾਹੁੰਦੇ ਹਨ ਤੇ ਇਹ ਵੀ ਵਿਚਾਰਨਾ ਚਾਹੁੰਦੇ ਹਨ ਕਿ ਨਵੇਂ ਫੈਡਰਲ ਐਨਵਾਇਰਮੈਂਟਲ ਅਸੈੱਸਮੈਂਟ ਲੈਜਿਸਲੇਸ਼ਨ, ਜਿਸ ਨੂੰ ਬਿੱਲ ਸੀ-69 ਅਤੇ ਇਸ ਦੇ ਵੱਡੇ ਆਲੋਚਕ ਜਿਵੇਂ ਕਿ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੱਲੋਂ "ਨੋ ਮੋਰ ਪਾਈਪਲਾਈਨ ਬਿੱਲ" ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਕਿਸ ਤਰ੍ਹਾਂ ਲਾਗੂ ਕੀਤਾ ਜਾਵੇ।

ਇਸ ਮੀਟਿੰਗ ਤੋਂ ਪਹਿਲਾਂ ਮੋਅ ਨੇ ਆਖਿਆ ਕਿ ਅਕਤੂਬਰ ਵਿੱਚ ਹੋਈਆਂ ਚੋਣਾਂ ਤੋਂ ਬਾਅਦ ਆਏ ਨਤੀਜਿਆਂ ਦੇ ਮੱਦੇਨਜ਼ਰ ਹੀ ਇਸ ਤਰ੍ਹਾਂ ਦੀ ਮੀਟਿੰਗ ਰੱਖੀ ਗਈ ਹੈ। ਇਹ ਵੀ ਲੱਗਦਾ ਹੈ ਕਿ ਹਰ ਕੋਈ ਇਸ ਮੀਟਿੰਗ ਵਿੱਚ ਸਪਸ਼ਟ ਤੇ ਨਿਰਪੱਖ ਗੱਲਬਾਤ ਦਾ ਨਜ਼ਰੀਆ ਲੈ ਕੇ ਆਵੇਗਾ। ਮੋਅ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਦੇਸ਼ ਦੇ ਵੱਖ ਵੱਖ ਪ੍ਰੋਵਿੰਸਾਂ ਦੇ ਪ੍ਰੀਮੀਅਰਜ਼ ਹੋਣ ਨਾਤੇ ਅਸੀਂ ਇੱਕ ਦੋ ਮੁੱਦਿਆਂ ਉੱਤੇ ਸਾਂਝੀ ਰਾਇ ਕਾਇਮ ਕਰਨ ਵਿੱਚ ਕਾਮਯਾਬ ਹੋਵਾਂਗੇ। ਇਸ ਦੇ ਨਾਲ ਹੀ ਅਸੀਂ ਆਪਣੀ ਫੈਡਰਲ ਸਰਕਾਰ ਨੂੰ ਥੋੜ੍ਹੀ ਸੇਧ ਦੇ ਸਕਾਂਗੇ।

ਇੱਥੇ ਦੱਸਣਾ ਬਣਦਾ ਹੈ ਕਿ ਕੇਨੀ ਦੀ ਮਦਦ ਨਾਲ ਮੋਅ ਨੇ ਇਹ ਮੰਗ ਕੀਤੀ ਸੀ ਕਿ ਟਰੂਡੋ ਈਕੁਅਲਾਈਜਿੰਗ ਫਾਰਮੂਲੇ ਨੂੰ ਬਦਲਣ। ਇਹ ਅਜਿਹਾ ਪ੍ਰੋਗਰਾਮ ਹੈ ਜਿਹੜਾ ਫੈਡਰਲ ਟਰਾਂਸਫਰਜ਼ ਰਾਹੀਂ ਪ੍ਰੋਵਿੰਸਾਂ ਦੀ ਖਰਚੇ ਦੀ ਸਮਰੱਥਾ ਨੂੰ ਕੁੱਝ ਮਾਪਦੰਡਾਂ ਰਾਹੀਂ ਸੰਤੁਲਿਤ ਕਰਨ ਲਈ ਘੜਿਆ ਗਿਆ ਹੈ। ਪਿਛਲੇ ਹਫਤੇ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਡਵਾਈਟ ਬਾਲ ਨੇ ਇਹ ਚੇਤਾਵਨੀ ਦਿੱਤੀ ਸੀ ਕਿ ਇਹ ਸੱਭ ਨਹੀਂ ਚੱਲਣ ਵਾਲਾ। ਇਸ ਤੋਂ ਸਿੱਧਾ ਭਾਵ ਇਹ ਹੈ ਕਿ ਇੱਕ ਪ੍ਰੋਵਿੰਸ ਤੋਂ ਲੈ ਕੇ ਦੂਜੀ ਪ੍ਰੋਵਿੰਸ ਨੂੰ ਦੇ ਦੇਣਾ ਤੇ ਇਸ ਤਰ੍ਹਾਂ ਕੌਮੀ ਏਕਤਾ ਹਾਸਲ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਆਖਿਆ ਕਿ ਅਜਿਹਾ ਵੀ ਨਹੀਂ ਹੋ ਸਕਦਾ ਕਿ ਪ੍ਰੋਵਿੰਸ ਆਪਸ ਵਿੱਚ ਇਸ ਗੱਲ ਲਈ ਲੜੀ ਜਾਣ ਕਿ ਅਸੀਂ ਤੁਹਾਨੂੰ ਥੋੜ੍ਹਾ ਹਿੱਸਾ ਦੇਵਾਂਗੇ ਤਾਂ ਕਿ ਅਸੀਂ ਬਹੁਤਾ ਰੱਖ ਸਕੀਏ। ਸਾਨੂੰ ਇਸ ਦੀ ਥਾਂ ਨਵਾਂ ਪ੍ਰੋਗਰਾਮ ਲਿਆਉਣਾ ਚਾਹੀਦਾ ਹੈ ਜਿਹੜਾ ਸਾਡੀਆਂ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ। ਬੀਤੇ ਵੀਰਵਾਰ ਮੋਅ ਨੇ ਇਹ ਸਵੀਕਾਰ ਕੀਤਾ ਸੀ ਕਿ ਇਕੁਅਲਾਈਜ਼ੇਸ਼ਨ ਵੰਡੀਆਂ ਪਾਉਣ ਵਾਲਾ ਮੁੱਦਾ ਹੈ। ਉਨ੍ਹਾਂ ਆਖਿਆ ਕਿ ਇਸ ਮੁੱਦੇ ਦਾ ਮੁਲਾਂਕਣ ਕੀਤਾ ਜਾਣਾ ਅਜੇ ਬਾਕੀ ਹੈ ਪਰ ਨੇੜ ਭਵਿੱਖ ਵਿੱਚ ਵਿੱਤੀ ਸਥਿਰਤਾ ਸਬੰਧੀ ਪ੍ਰੋਗਰਾਮ ਲਿਆਉਣਾ ਤੇ ਲਾਗੂ ਕਰਨਾ ਸਮੇਂ ਦੀ ਮੰਗ ਹੈ। ਕੇਨੀ ਦਾ ਵੀ ਇਹੋ ਮੰਨਣਾ ਹੈ।

## ਸ਼ੀਅਰ ਨੇ ਅਸਤੀਫਾ ਦੇਣ ਤੋਂ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਇਸ ਦੌਰਾਨ ਸ਼ੀਅਰ ਵੱਲੋਂ ਦਿੱਤੇ ਗਏ ਭਾਸ਼ਣ ਦਾ ਸੱਭ ਨੇ ਸਵਾਗਤ ਕੀਤਾ। ਭੀੜ ਵਿੱਚੋਂ ਕਈਆਂ ਨੇ ਤਾਂ ਉਨ੍ਹਾਂ ਦੇ ਨਾਂ ਵਾਲੀਆਂ ਫੱਟੀਆਂ ਵੀ ਚੁੱਕੀਆਂ ਹੋਈਆਂ ਸਨ।

ਜਦੋਂ ਉਨ੍ਹਾਂ ਯੂਸੀਪੀ ਮੈਂਬਰਾਂ ਨੂੰ ਇਹ ਪੁੱਛਿਆ ਕਿ ਕੀ ਅਗਲੀਆਂ ਚੋਣਾਂ ਵਿੱਚ ਕਾਰਬਨ ਟੈਕਸ ਰਾਹੀਂ ਕੰਜ਼ਰਵੇਟਿਵਾਂ ਨੂੰ ਜਿੱਤ ਹਾਸਲ ਕਰਨੀ ਚਾਹੀਦੀ ਹੈ ਤਾਂ ਉਨ੍ਹਾਂ ਨਾਂਹ ਵਿੱਚ ਜਵਾਬ ਦਿੱਤਾ। ਕੰਜ਼ਰਵੇਟਿਵ ਆਗੂ ਨੇ ਆਖਿਆ ਕਿ ਚੋਣਾਂ ਦੇ ਨਤੀਜਿਆਂ ਤੋਂ ਉਹ ਕਾਫੀ ਨਿਰਾਸ਼ ਹਨ। ਉਨ੍ਹਾਂ ਆਖਿਆ ਕਿ ਉਹ ਆਪਣੀ ਪਾਰਟੀ ਤੇ ਲੋਕਾਂ ਤੋਂ ਇਹ ਸੁਣਨਾ ਚਾਹੁੰਦੇ ਹਨ ਕਿ ਅਗਲੀ ਵਾਰੀ ਹੋਰ ਬਿਹਤਰ ਕੀ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਸ ਗੱਲ ਵਿੱਚ ਉਨ੍ਹਾਂ ਦੀ ਖਾਸ ਦਿਲਚਸਪੀ ਹੈ ਕਿ ਪਾਰਟੀ ਕਿਹੋ ਜਿਹਾ ਆਕਾਰ ਲਵੇ ਇਸ ਬਾਰੇ ਉਹ ਸਾਰੇ ਆਪਣੀ ਪਾਰਟੀ ਬਾਰੇ ਰਾਇ ਪ੍ਰਗਟਾਉਣ।

ਉਨ੍ਹਾਂ ਆਖਿਆ ਕਿ ਇਸ ਗੱਲ ਵਿੱਚ ਉਨ੍ਹਾਂ ਨੂੰ ਕੋਈ ਦਿਲਚਸਪੀ ਨਹੀਂ ਕਿ ਅਖੌਤੀ ਬੁੱਧੀਜੀਵੀ, ਪਾਰਟੀ ਵਿੱਚ ਵੰਡੀਆਂ ਪਾ ਕੇ ਪੈਸੇ ਕਮਾਉਣ ਵਾਲਿਆਂ ਵੱਲੋਂ ਉਨ੍ਹਾਂ ਬਾਰੇ ਕੀ ਆਖਿਆ ਜਾਂਦਾ ਹੈ। ਸ਼ੀਅਰ ਨੇ ਉਨ੍ਹਾਂ ਸਾਰਿਆਂ ਖਿਲਾਫ ਪਾਰਟੀ ਮੈਂਬਰਾਂ ਨੂੰ ਆਗਾਹ ਕੀਤਾ ਜਿਹੜੇ ਅਪਰੈਲ ਵਿੱਚ ਹੋਣ ਵਾਲੇ ਕੰਜ਼ਰਵੇਟਿਵ ਪਾਰਟੀ ਦੇ ਇਜਲਾਸ ਨੂੰ ਅੰਦਰੂਨੀ ਲੜਾਈ ਵਿੱਚ ਬਦਲਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਜਦੋਂ ਅਸੀਂ ਆਪਣੇ ਸਾਂਝੇ ਟੀਚਿਆਂ ਦੀ ਥਾਂ ਉੱਤੇ ਆਪਣੇ ਮਤਭੇਦਾਂ ਉੱਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦੇਵਾਂਗੇ ਤਾਂ ਸਾਡੇ ਹੱਥ ਪੱਲੇ ਕੁੱਝ ਨਹੀਂ ਰਹੇਗਾ।

ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਹੀ ਕੰਜ਼ਰਵੇਟਿਵ ਐਮਪੀ ਤੇ ਸਾਬਕਾ ਕੈਬਨਿਟ ਮੰਤਰੀ ਐਡ ਫਾਸਟ ਨੇ ਸ਼ੀਅਰ ਦੀ ਸ਼ੈਡੋ ਕੈਬਨਿਟ ਵਿੱਚ ਕੋਈ ਅਹੁਦਾ ਸਵੀਕਾਰਨ ਤੋਂ ਇਹ ਆਖਦਿਆਂ ਹੋਇਆਂ ਇਨਕਾਰ ਕਰ ਦਿੱਤਾ ਕਿ ਪਾਰਟੀ ਦੇ ਆਗੂ ਦੇ ਆਲੇ ਦੁਆਲੇ ਉਹ ਲੋਕ ਹੋਣੇ ਚਾਹੀਦੇ ਹਨ ਜਿਹੜੇ ਉਨ੍ਹਾਂ ਦਾ ਸਮਰਥਨ ਕਰਦੇ ਹੋਣ।

## ਗ੍ਰੇਟਰ ਟੋਰਾਂਟੋ ਏਰੀਆ ਵਿੱਚ ਆਇਆ ਬਰਫੀਲਾ ਤੂਫਾਨ, ਹਾਦਸੇ ਵਧੇ

ਕਿ ਉਨ੍ਹਾਂ ਦਾ ਫੁੱਲ ਹੈੱਡ ਲਾਈਟ ਸਿਸਟਮ ਹਨ੍ਹੇਰੇ ਵਿੱਚ ਗੱਡੀ ਚਲਾਉਂਦੇ ਸਮੇਂ ਆਨ ਹੋਵੇ। ਉਨ੍ਹਾਂ ਆਖਿਆ ਕਿ ਭਾਵੇਂ ਅੱਜ ਰਾਤ ਇਹ ਤੂਫਾਨ ਸਾਡੇ ਰੀਜਨ ਤੋਂ ਦੂਰ ਚਲਾ ਜਾਵੇਗਾ ਪਰ ਡਰਾਈਵਰਾਂ ਨੂੰ ਰਾਤ ਭਰ ਤੇ ਸੋਮਵਾਰ



ਨੂੰ ਵੀ ਬਰਫ, ਚਿੱਕੜ ਤੇ ਹੱਦ ਜਮਾ ਦੇਣ ਵਾਲੇ ਤਾਪਮਾਨ ਦਾ ਸਾਹਮਣਾ ਕਰਨਾ ਪਵੇਗਾ। ਐਨਵਾਇਰਮੈਂਟ ਕੈਨੇਡਾ ਨੇ ਵੀ ਇਹ ਚਿਤਾਵਨੀ ਜਾਰੀ ਕੀਤੀ ਹੈ ਕਿ ਰਾਤ ਭਰ ਬਰਫੀਲੀ ਬੂੰਦਾ ਬਾਂਦੀ ਹੋ ਸਕਦੀ ਹੈ।

## ਪਰਵਾਰਕ-ਸਪਾਂਸਰਡ ਅਮਰੀਕੀ ਗ੍ਰੀਨ ਕਾਰਡ ਉਡੀਕਦੇ ਪਏ ਹਨ 2.27 ਲੱਖ ਭਾਰਤੀ

ਵਾਸ਼ਿੰਗਟਨ, 1 ਦਸੰਬਰ (ਪੋਸਟ ਬਿਊਰੋ)- ਭਾਰਤ ਦੇ 2.27 ਲੱਖ ਤੋਂ ਵੱਧ ਲੋਕ ਅਮਰੀਕਾ 'ਚ ਫੈਮਿਲੀ-ਸਪਾਂਸਰਸ਼ਿਪ ਦਾ ਗ੍ਰੀਨ ਕਾਰਡ ਜਾਂ ਪੱਕੀ ਰਿਹਾਇਸ਼ ਦੀ ਇਜਾਜ਼ਤ ਮਿਲਣ ਦੀ ਕਤਾਰ ਵਿੱਚ ਹਨ।

ਨਵੇਂ ਜਾਰੀ ਹੋਏ ਸਰਕਾਰੀ ਅੰਕੜਿਆਂ 'ਚ ਤੋਂ ਪਤਾ ਲੱਗਾ ਹੈ ਕਿ ਇਸ ਵੇਲੇ ਫੈਮਿਲੀ-ਸਪਾਂਸਰਸ਼ਿਪ ਗ੍ਰੀਨ ਕਾਰਡ ਲਈ ਕਰੀਬ 40 ਲੱਖ ਲੋਕ ਉਡੀਕ ਸੂਚੀ 'ਚ ਹਨ। ਅਮਰੀਕੀ ਕਾਂਗਰਸ ਨੇ ਹਰ ਸਾਲ ਕੁੱਲ 2.26 ਲੱਖ ਅਜਿਹੇ ਕਾਰਡ ਜਾਰੀ ਕਰਨ ਦੀ ਖੁੱਲ੍ਹ ਦਿੱਤੀ ਹੈ। ਉਡੀਕ ਸੂਚੀ ਵਿੱਚ ਸ਼ਾਮਲ ਸਭ ਤੋਂ ਵੱਧ 15 ਲੱਖ ਲੋਕ ਅਮਰੀਕਾ ਦੇ ਦੱਖਣ ਵਾਲੇ ਗੁਆਂਢੀ ਦੇਸ਼ ਮੈਕਸੀਕੋ ਦੇ ਹਨ। ਦੂਸਰੇ ਨੰਬਰ 'ਤੇ ਭਾਰਤ ਹੈ, ਜਿਸ ਦੇ 2.27 ਲੱਖ ਲੋਕ ਉਡੀਕ ਵਿੱਚ ਹਨ। ਚੀਨ ਇਸ ਮਾਮਲੇ 'ਚ ਤੀਸਰੇ ਨੰਬਰ ਉੱਤੇ ਹੈ, ਜਿਸ ਦੇ 1.80 ਲੱਖ ਲੋਕ ਗ੍ਰੀਨ ਕਾਰਡ ਪਾਉਣ ਦੀ ਦੌੜ ਵਿੱਚ ਹਨ। ਇਹ ਕਾਰਡ ਲੈਣ ਦੇ ਚਾਹਵਾਨ ਬਹੁਤੇ ਉਡੀਕ ਸੂਚੀ ਵਾਲੇ ਲੋਕ ਅਮਰੀਕੀ ਨਾਗਰਿਕਾਂ ਦੇ ਭਰਾ-ਭੈਣਾਂ ਹਨ। ਮੌਜੂਦਾ ਕਾਨੂੰਨ ਦੇ ਤਹਿਤ ਅਮਰੀਕੀ ਨਾਗਰਿਕ ਸਥਾਈ ਗ੍ਰੀਨ ਕਾਰਡ ਜਾਂ ਪੱਕੇ ਕਾਨੂੰਨੀ ਨਿਵਾਸ ਲਈ ਆਪਣੇ ਪਰਵਾਰ ਅਤੇ ਖੂਨ ਦੇ ਰਿਸ਼ਤੇ ਵਾਲੇ ਲੋਕਾਂ ਨੂੰ ਸਪਾਂਸਰ ਕਰ ਸਕਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਇਸ ਦੇ ਖਿਲਾਫ ਹਨ ਤੇ ਉਹ ਇਸ ਨੂੰ ਸਿਲਸਿਲੇਵਾਰ ਢੰਗ ਨਾਲ ਚੱਲਣ ਵਾਲਾ ਇੰਮੀਗ੍ਰੇਸ਼ਨ ਕਹਿੰਦੇ ਹਨ ਅਤੇ ਖਤਮ ਕਰਨਾ ਚਾਹੁੰਦੇ ਹਨ।

## ਟਰੰਪ ਨੇ ਬਾਕਸਰ ਵਜੋਂ ਆਪਣੀ ਤਸਵੀਰ ਟਵੀਟ ਕੀਤੀ



ਨਿਊਯਾਰਕ, 1 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਅਜਿਹੀ ਤਸਵੀਰ ਟਵੀਟਡ ਕੀਤੀ ਹੈ, ਜਿਸ 'ਚ ਉਹ ਇੱਕ ਬਾਕਸਰ ਦੇ ਤੌਰ ਉੱਤੇ ਨਜ਼ਰ ਆ ਰਹੇ ਹਨ। ਫਿਰ ਵੀ ਉਨ੍ਹਾਂ ਨੇ ਆਪਣੀ ਇਸ ਤਸਵੀਰ ਨਾਲ ਕੋਈ ਕੈਪਸ਼ਨ ਨਹੀਂ ਲਿਖੀ।

ਆਪਣੇ ਦੇਸ਼ ਦੇ ਰਾਸ਼ਟਰਪਤੀ ਚੋਣ ਬਾਰੇ ਗਹਿਮਾਗਹਿਮੀ ਵਿਚਾਲੇ ਟਰੰਪ ਨੇ ਇਹ ਫੋਟੋ ਕਿਉਂ ਸ਼ੇਅਰ ਕੀਤੀ? ਇਸ ਨਾਲ ਉਹ ਕੀ ਸੰਦੇਸ਼ ਦੇਣਾ ਚਾਹੁੰਦੇ ਹਨ? ਇਹ ਸਪੱਸ਼ਟ ਨਹੀਂ। ਕੁਝ ਲੋਕ ਇਸ ਪੋਸਟ ਨੂੰ ਉਨ੍ਹਾਂ ਦੀ ਸਿਹਤ ਬਾਰੇ ਉਡ ਰਹੀਆਂ ਅਫਵਾਹਾਂ 'ਚ ਟਰੰਪ ਦੀ ਸਫਾਈ ਵਜੋਂ ਦੇਖਦੇ ਹਨ। ਫੋਟੋ 'ਤੇ ਕਮੈਂਟ 'ਚ ਇੱਕ ਯੂਜ਼ਰ ਨੇ ਲਿਖਿਆ, ਟਰੰਪ ਲੜਾਈ ਲਈ ਤਿਆਰ ਹਨ। ਉਨ੍ਹਾਂ ਨੇ ਆਪਣੀ ਜਿਹੜੀ ਤਸਵੀਰ ਟਵੀਟ ਕੀਤੀ, ਉਸ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਇੱਕ ਕਾਲਪਨਿਕ ਬਾਕਸਰ ਦੀ ਫੋਟੋ ਹੈ, ਜਿਸਦੇ ਚਿਹਰੇ ਦੀ ਥਾਂ ਅਮਰੀਕੀ ਰਾਸ਼ਟਰਪਤੀ ਦੀ ਤਸਵੀਰ ਲਾਈ ਗਈ ਹੈ। ਅਸਲ ਵਿੱਚ ਇਹ ਤਸਵੀਰ 1982 ਵਿੱਚ ਆਈ ਸੁਪਰ ਹਿੱਟ ਫਿਲਮ 'ਰੌਕੀ 3' ਦੇ ਪ੍ਰਚਾਰ ਲਈ ਪੋਸਟਰ ਵਿੱਚ ਇਸਤੇਮਾਲ ਹੋਈ ਸੀ। ਟਰੰਪ ਨੇ ਆਪਣੀ ਸਿਹਤ ਬਾਰੇ ਅਫਵਾਹਾਂ ਦੂਰ ਕਰਨ ਦੀ ਕੋਸ਼ਿਸ਼ ਹੇਠ ਟਵੀਟ 'ਚ ਮਜ਼ਾਕੀਆਂ ਅੰਦਾਜ਼ 'ਚ ਲਿਖਿਆ ਸੀ ਕਿ ਚੈਕਅਪ ਗਠੀਲਾ ਸਰੀਰ ਦਿਖਾਉਣ ਲਈ ਕਿਹਾ ਗਿਆ ਸੀ। ਲੋਕ ਸ਼ੇਅਰ ਕੀਤੇ ਗਏ ਫੋਟੋ ਨੂੰ ਟਰੰਪ ਦੀ ਇਸੇ ਟਿਪਣੀ ਦੇ ਨਾਲ ਜੋੜ ਕੇ ਦੇਖ ਰਹੇ ਹਨ।

## ਪਰਵਾਸੀਆਂ ਦੀ ਗਿਣਤੀ ਵਿੱਚ ਭਾਰਤੀ ਲੋਕ ਪਹਿਲੇ ਨੰਬਰ 'ਤੇ



ਯੂ ਐਨ, 1 ਦਸੰਬਰ (ਪੋਸਟ ਬਿਊਰੋ)- ਸੰਸਾਰ ਪੱਧਰ 'ਤੇ ਪਰਵਾਸੀਆਂ ਦੀ ਗਿਣਤੀ 'ਚ ਭਾਰਤ ਪਹਿਲੇ ਨੰਬਰ ਉੱਤੇ ਕਾਇਮ ਹੈ। ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਦੁਨੀਆ ਦੇ ਵੱਖ-ਵੱਖ ਦੇਸ਼ 'ਚ ਕੁੱਲ ਇੱਕ ਕਰੋੜ 75 ਲੱਖ ਹੈ। ਇਸ ਤੋਂ ਇਲਾਵਾ ਘਰ ਪੈਸੇ ਭੇਜਣ ਵਾਲਿਆਂ ਵਿੱਚ ਵੀ ਭਾਰਤੀਆਂ ਦਾ ਨੰਬਰ ਪਹਿਲਾ ਹੈ।

ਯੂ ਐਨ ਓ ਦੀ ਏਜੰਸੀ ਮੁਤਾਬਕ 'ਗਲੋਬਲ ਮਾਈਗ੍ਰੇਸ਼ਨ ਰਿਪੋਰਟ 2020' ਦੱਸਦੀ ਹੈ ਕਿ ਆਪਣੇ ਅਸਲ ਦੇਸ਼ ਤੋਂ ਬਾਹਰ ਹੋਰਨਾਂ ਮੁਲਕਾਂ 'ਚ ਫੈਲੇ ਤੇ ਰਹਿ ਰਹੇ ਪਰਵਾਸੀਆਂ ਦੀ ਕੁੱਲ ਗਿਣਤੀ 27 ਕਰੋੜ ਹੈ। ਇਨ੍ਹਾਂ ਦੀ ਪਹਿਲੀ ਪਸੰਦ ਅਮਰੀਕਾ ਹੈ ਤੇ ਗਿਣਤੀ ਪੰਜ ਕਰੋੜ ਤੋਂ ਵੱਧ ਹੈ। ਉਂਜ ਇਹ ਦੁਨੀਆ ਦੀ ਕੁੱਲ ਆਬਾਦੀ ਦਾ ਬਹੁਤ ਛੋਟਾ ਹਿੱਸਾ ਹੈ ਅਤੇ 96.5 ਫੀਸਦੀ ਆਬਾਦੀ ਆਪਣੇ ਜਨਮ ਵਾਲੇ ਦੇਸ਼ਾਂ ਵਿੱਚ ਹੀ ਰਹਿੰਦੀ ਹੈ। ਕੁੱਲ ਪਰਵਾਸੀਆਂ ਦਾ ਅੱਧਾ ਹਿੱਸਾ ਯੂਰਪ ਤੇ ਉੱਤਰੀ ਅਮਰੀਕਾ ਵਿੱਚ ਰਹਿੰਦਾ ਹੈ। ਇਨ੍ਹਾਂ ਵਿੱਚ 52 ਫੀਸਦੀ ਪੁਰਸ਼ ਹਨ। ਦੋ-ਤਿਹਾਈ ਹਿੱਸਾ ਕੰਮ ਦੀ ਭਾਲ ਵਿੱਚ ਹੈ।

ਪਰਵਾਸੀਆਂ ਦੀ ਗਿਣਤੀ ਦੇ ਮਾਮਲੇ 'ਚ ਭਾਰਤ ਤੋਂ ਬਾਅਦ ਮੈਕਸਿਕੋ (ਇੱਕ ਕਰੋੜ 18 ਲੱਖ) ਅਤੇ ਚੀਨ (ਇੱਕ ਕਰੋੜ) ਦਾ ਨੰਬਰ ਹੈ। ਪਿੱਛੇ ਪਰਵਾਰਾਂ-ਰਿਸ਼ਤੇਦਾਰਾਂ ਨੂੰ ਪੈਸੇ ਭੇਜਣ ਵਿੱਚ ਚੀਨ ਦੂਜੇ ਅਤੇ ਮੈਕਸਿਕੋ ਤੀਜੇ ਨੰਬਰ 'ਤੇ ਹੈ। ਅਮਰੀਕਾ ਤੋਂ ਸਭ ਤੋਂ ਵੱਧ ਪੈਸੇ ਭੇਜੇ ਜਾਂਦੇ ਹਨ। ਦੂਜੇ ਨੰਬਰ ਉੱਤੇ ਯੂ ਏ ਈ ਅੇ ਤੀਜੇ ਨੰਬਰ ਉੱਤੇ ਸਾਊਦੀ ਅਰਬ ਵੀ ਪਰਵਾਸੀਆਂ ਦੀ ਪਸੰਦ ਹਨ। ਰਿਪੋਰਟ ਮੁਤਾਬਕ ਇਹ ਵਰਤਾਰਾ ਭਵਿੱਖ ਵਿੱਚ ਵੀ ਕਈ ਸਾਲਾਂ ਤੱਕ ਇਸੇ ਤਰ੍ਹਾਂ ਬਣਿਆ ਰਹੇਗਾ। ਵਿਕਾਸਸ਼ੀਲ ਦੇਸ਼ਾਂ ਵਿੱਚ ਆਬਾਦੀ ਦਾ ਵਾਧਾ ਭਵਿੱਖੀ ਪੀੜ੍ਹੀਆਂ 'ਤੇ ਪਰਵਾਸ ਲਈ ਦਬਾਅ ਬਣਾਏਗਾ। ਕੰਮਕਾਰ ਦੇ ਸਿਲਸਿਲੇ 'ਚ ਆਰਜ਼ੀ ਵਰਕਰ ਸਭ ਤੋਂ ਜ਼ਿਆਦਾ ਅਜੇ ਵੀ ਯੂ ਏ ਈ ਦਾ ਰੁਖ ਕਰਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਮੈਟਰੋ ਪੰਜਾਬੀ ਸਪੋਰਟਸ ਕਲੱਬ ਵਲੋਂ 29ਵੇਂ ਕੈਨੇਡਾ ਕਬੱਡੀ ਕੱਪ ਦਾ ਐਲਾਨ

## *ਡਰੱਗ ਫ੍ਰੀ ਖਿਡਾਰੀਆਂ ਲਈ ਹੋਣਗੇ ਵੱਡੇ ਇਨਾਮ









ਬਰੈਂਪਟਨ, 1 ਦਸੰਬਰ (ਪੋਸਟ ਬਿਊਰੋ)- ਮੈਟਰੋ ਪੰਜਾਬੀ ਸਪੋਰਟਸ ਕਲੱਬ ਵਲੋਂ 2020 ਵਿਚ ਹੋਣ ਵਾਲੇ ਕੈਨੇਡਾ ਕਬੱਡੀ ਕੱਪ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਟੂਰਨਾਮੈਂਟ 22 ਅਗਸਤ ਨੂੰ ਹੈਮਿਲਟਨ ਦੇ ਮਸ਼ਹੂਰ ਸਟੇਡੀਅਮ ਫਰਸਟ ਸਪੋਰਟਸ ਸੈਂਟਰ ਹੈਮਿਲਟਨ ਵਿਖੇ ਹੋਵੇਗਾ। ਕੈਨੇਡਾ ਕਬੱਡੀ ਕੱਪ 1991 ਵਿਚ ਸਭ ਤੋਂ ਪਹਿਲਾਂ ਟੋਰਾਂਟੋ ਦੇ ਮਸ਼ਹੂਰ ਵਰਸਿਟੀ ਸਟੇਡੀਅਮ ਵਿਖੇ ਲਗਾਤਾਰ 3 ਸਾਲ ਕਰਵਾਇਆ ਗਿਆ ਸੀ। ਉਸ ਤੋਂ ਬਾਅਦ ਕੈਨੇਡਾ ਕਬੱਡੀ ਕੱਪ ਨੂੰ ਹਰੇਕ ਸਾਲ ਕਬੱਡੀ ਫੈਡਰੇਸ਼ਨ ਦੇ ਦੇਖ-ਰੇਖ ’ਚ ਵੱਖ-ਵੱਖ ਕਲੱਬਾਂ ਵਲੋਂ ਕਰਵਾਇਆ ਜਾਣ ਲੱਗਿਆ। ਸਾਲ 2019 ਵਿਚ ਕਬੱਡੀ ਨੂੰ ਡਰੱਗ ਫ੍ਰੀ ਕਰਨ ਦੇ ਇਰਾਦੇ ਨਾਲ ਓਂਟਾਰੀਓ ਕਬੱਡੀ ਫੈਡਰੇਸ਼ਨ ਵਲੋਂ ਓਟਾਰੀਓ ਦੇ ਸਾਰੇ ਹੀ ਟੂਰਨਾਮੈਂਟ ਰੱਦ ਕਰ ਦਿੱਤੇ ਗਏ ਸਨ। ਓਟਾਰੀਓ ਤੋਂ ਚੱਲੀ ਇਸ ਮੁਹਿੰਮ ਨੂੰ ਕਿਤੋਂ ਸਾਥ ਮਿਲਿਆ ਤੇ ਕਿਤੋਂ ਨਹੀਂ ਵੀ। ਪਰ ਹਾਲੇ ਵੀ ਓਂਟਾਰੀਓ ਕਬੱਡੀ ਫੈਡਰੇਸ਼ਨ ਕਬੱਡੀ ਖਿਡਾਰੀਆਂ ਨੂੰ ਨਸ਼ਾਮੁਕਤ ਰੱਖਣ ਲਈ ਵਚਨਬੱਧ ਹੈ। ਮੈਟਰੋ ਪੰਜਾਬੀ ਸਪੋਰਟਸ ਕਲੱਬ ਦੇ ਇਸ ਕਿਕ ਆਫ਼ ਡਿਨਰ ’ਤੇ ਆਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਮਲਕੀਤ ਸਿੰਘ ਦਿਓਲ ਨੇ ਕਲੱਬ ਦਾ ਸੰਖੇਪ ਇਤਿਹਾਸ ਦੱਸਿਆ ਕਿ ਕਿਵੇਂ ਪਹਿਲਾਂ ਵੈਸਟਰਨ ਕਬੱਡੀ ਕਲੱਬ ਫੇਰ ਰੈਕਸਡੇਲ ਕਬੱਡੀ ਕਲੱਬ ਉਸ ਤੋਂ ਬਾਅਦ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਕਬੱਡੀ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਲੈ ਕੇ ਜਾਣ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ 1991 ਦੇ ਕਮੇਟੀ ਮੈਂਬਰ ਬੰਤ ਨਿੱਜਰ, ਜਸਪਾਲ ਗਹੂਨੀਆ, ਪਿੰਕੀ ਢਿੱਲੋਂ, ਜੱਜ ਬੌਬੀ ਹੁੰਦਲ ਅਤੇ ਹੋਰ ਮੈਂਬਰਾਂ ਦੀ ਜਾਣ ਪਹਿਚਾਣ ਕਰਵਾਈ। ਜਿਨ੍ਹਾਂ ਨੇ ਸ਼ੁਰੂ ਵਿਚ ਇਸ ਕਲੱਬ ਨੂੰ ਸਥਾਪਿਤ ਕਰਨ ਲਈ ਅਹਿਮ ਯੋਗਦਾਨ ਪਾਇਆ। ਇਸੇ ਤਰ੍ਹਾਂ ਹੀ ਮਲਕੀਤ ਦਿਓਲ ਨੇ ਆਪਣੇ ਹੁਣ ਤੱਕ ਦੇ ਵੱਡੇ ਸਪਾਂਸਰ ਨਿਊ ਮਿਲੇਨੀਅਮ ਟਾਇਰ, ਏਸ਼ੀਅਨ ਫੂਡ ਸੈਂਟਰ, ਪਾਪੂਲਰ ਟਾਇਰ ਅਤੇ ਮਾਨ ਟ੍ਰੈਵਲ ਅਤੇ ਰੈਕਸਡੇਲ ਫਾਈਨੈਂਸ਼ੀਅਲ ਆਦਿ ਦਾ ਵੀ ਧੰਨਵਾਦ ਕੀਤਾ। ਗੋਗਾ ਗਹੂਨੀਆ ਨੇ ਸਟੇਜ ਦੀ ਜ਼ਿੰਮੇਵਾਰੀ ਵੀ ਬਖੂਬੀ ਨਿਭਾਈ। ਜਿਥੇ ਉਨ੍ਹਾਂ ਮੀਡੀਆ ਦਾ ਧੰਨਵਾਦ ਕੀਤਾ, ਉਥੇ ਕੈਲੀਫੋਰਨੀਆ ਤੋਂ ਆਏ ਕੁਲਦੀਪ ਲੱਛੜ ਤੇ ਸਰਬਜੀਤ ਸ਼ੱਬਾ ਦਾ ਵੀ ਧੰਨਵਾਦ ਕੀਤਾ। ਇਸ ਵਾਰ ਮੁੱਖ ਸਪਾਂਸਰਸ਼ਿਪ ਲਈ 50 ਹਜ਼ਾਰ ਡਾਲਰ ਅਤੇ ਉਸ ਤੋਂ ਅੱਗੇ 25 ਹਜ਼ਾਰ ਡਾਲਰ ਤੇ ਫੇਰ 15, 10 ਤੇ 5 ਹਜ਼ਾਰ ਡਾਲਰ ਦੀ ਘੱਟੋ ਘੱਟ ਸਪਾਂਸਰਸ਼ਿਪ ਰੱਖੀ ਗਈ ਹੈ। ਗੋਗਾ ਗਹੂਨੀਆ ਨੇ ਦੱਸਿਆ ਕਿ ਸਾਨੂੰ ਇਸ ਸਮੇਂ ਕਾਰਪੋਰੇਟ ਸੈਕਟਰ ਵਲੋਂ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ ਕਿ ਉਹ ਇਸ ਟੂਰਨਾਮੈਂਟ ਨੂੰ ਸਪਾਂਸਰ ਕਰਨਗੇ। ਇਸ ਟੂਰਨਾਮੈਂਟ ਵਿਚ ਜੇਤੂ ਟੀਮ ਲਈ ਜੋ ਇਨਾਮ ਰੱਖੇ ਗਏ ਹਨ, ਉਹ ਇਸ ਪ੍ਰਕਾਰ ਹਨ; ਪਹਿਲਾ ਇਨਾਮ 25 ਹਜ਼ਾਰ ਡਾਲਰ, ਦੂਜਾ 21 ਹਜ਼ਾਰ, ਤੀਜਾ ਤੇ ਚੌਥਾ 15 ਹਜ਼ਾਰ, ਭਾਗ ਲੈਣ ਵਾਲੀਆਂ ਟੀਮਾਂ ਲਈ 11 ਹਜ਼ਾਰ, ਬੈਸਟ ਰੇਡਰ ਤੇ ਬੈਸਟ ਸਟਾਪਰ ਲਈ 5-5 ਹਜ਼ਾਰ ਡਾਲਰ। ਬੈਸਟ ਰੇਡਰ ਤੇ ਬੈਸਟ ਸਟਾਪਰ ਉਤੇ ਇਹ ਵੀ ਸ਼ਰਤ ਲਗਾਈ ਗਈ ਹੈ ਕਿ ਉਨ੍ਹਾਂ ਦਾ ਨਾਮ ਘੋਸ਼ਿਤ ਹੋਣ ਤੋਂ ਬਾਅਦ ਉਨ੍ਹਾਂ ਦਾ ਤੁਰੰਤ ਡਰੱਗ ਟੈਸਟ ਕਰਵਾਇਆ ਜਾਵੇਗਾ ਤੇ ਡਰੱਗ ਫ੍ਰੀ ਖਿਡਾਰੀ ਨੂੰ ਹੀ ਇਹ ਇਨਾਮ ਦਿੱਤਾ ਜਾਵੇਗਾ। ਜੇਕਰ ਜੇਤੂ ਖਿਡਾਰੀ ਡਰੱਗ ਟੈਸਟ ’ਚ ਪਾਜ਼ੀਟਿਵ ਆ ਜਾਂਦਾ ਹੈ ਤਾਂ ਦੂਜੇ ਨੰਬਰ ਵਾਲੇ ਖਿਡਾਰੀ ਨੂੰ ਬੈਸਟ ਰੇਡਰ ਜਾਂ ਸਟਾਪਰ ਡਿਕਲੇਅਰ ਕੀਤਾ ਜਾਵੇਗਾ। ਕਲੱਬ ਦੇ ਪ੍ਰਧਾਨ ਸੁੱਖਾ ਮਾਨ ਨੇ ਇਕ ਹੋਰ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਬਹੁਤ ਖਿਡਾਰੀਆਂ ਨੇ ਆਪਣਾ ਡਰੱਗ ਟੈਸਟ ਕਰਵਾਉਣ ਤੋਂ ਆਨਾਕਾਨੀ ਕੀਤੀ ਸੀ ਤੇ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ 15 ਦਸੰਬਰ, 2019 ਤੱਕ ਵੱਖ-ਵੱਖ ਟੀਮਾਂ ਦੇ ਖਿਡਾਰੀ ਜੇਕਰ ਸਾਡੇ ਵਲੋਂ ਦੱਸੀ ਏਜੰਸੀ ਤੋਂ ਆਪਣਾ ਡੋਪ ਟੈਸਟ ਕਰਵਾ ਲੈਂਦੇ ਹਨ ਤਾਂ ਅਸੀਂ 1 ਹਜ਼ਾਰ ਡਾਲਰ ਪ੍ਰਤੀ ਖਿਡਾਰੀ ਪਹਿਲੇ 21 ਖਿਡਾਰੀਆਂ ਨੂੰ ਦੇਣ ਲਈ ਤਿਆਰ ਹਾਂ। ਉਨ੍ਹਾਂ ਵਲੋਂ ਕੀਤੇ ਇਸ ਵੱਡੇ ਐਲਾਨ ਦਾ ਆਏ ਮਹਿਮਾਨਾਂ ਵਲੋਂ ਸਵਾਗਤ ਕੀਤਾ ਗਿਆ। ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਇਸ ਮੌਕੇ ਉਤੇ ਇਕ ਮੈਟਰੋ ਯੂਥ ਕਲੱਬ ਦਾ ਵੀ ਐਲਾਨ ਕੀਤਾ। ਜਿਸ ’ਚ ਮੈਂਬਰਾਂ ਦੀ ਉਮਰ 20 ਸਾਲ ਤੋਂ ਘੱਟ ਹੋਵੇਗੀ। ਬਰੈਂਪਟਨ ਈਸਟ ਤੋਂ ਨਵੇਂ ਬਣੇ ਐਮਪੀ ਮਨਿੰਦਰ ਸਿੱਧੂ ਨੇ ਬਚਪਨ ’ਚ ਦੇਖੇ ਕਬੱਡੀ ਟੂਰਨਾਮੈਂਟ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਕਿ ਤੁਸੀਂ ਇਸ ਪੰਜਾਬੀ ਦੀ ਮਾਂ ਖੇਡ ਨੂੰ ਜਿੰਦਾ ਰੱਖਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸਾਡੇ ਵਲੋਂ ਜੋ ਕੁੱਝ ਵੀ ਹੋ ਸਕਿਆ ਅਸੀਂ ਜਰੂਰ ਕਰਾਂਗੇ। ਇਸ ਮੌਕੇ ਕੈਨੇਡਾ ਸਰਕਾਰ ਤੋਂ ਕਲੱਬ ਵਲੋਂ ਇਹ ਵੀ ਮੰਗ ਕੀਤੀ ਗਈ ਕਿ ਸਾਨੂੰ ਹਰ ਹਾਲਤ ’ਚ ਪਾਕਿਸਤਾਨ ਦੀ ਟੀਮ ਮੰਗਵਾ ਕੇ ਦਿੱਤੀ ਜਾਵੇ। ਉਨ੍ਹਾਂ ਇਥੋਂ ਤੱਕ ਕਹਿ ਦਿੱਤਾ ਕਿ ਅੱਗੇ ਤਾਂ ਸਰਦਾਰ ਮੱਲ੍ਹੀ ਪਾਰਲੀਮੈਂਟ ਵਿਚ ਇਕੋ ਮੈਂਬਰ ਸਨ ਤੇ ਹੁਣ ਸਾਡੇ ਮੈਂਬਰਾਂ ਦੀ ਵੱਡੀ ਗਿਣਤੀ ਹੈ ਤੇ ਅਸੀਂ ਸਭ ਨੂੰ ਇਸ ਦੀ ਅਪੀਲ ਕਰਾਂਗੇ। ਦੇਰ ਨਾਲ ਪਹੁੰਚੇ ਬਰੈਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੂੰ ਕਲੱਬ ਵਲੋਂ ਇਕ ਮੈਮੋਰੰਡਮ ਦਿੱਤਾ ਗਿਆ। ਜਿਸ ’ਚ ਉਨ੍ਹਾਂ ਵਲੋਂ ਚੋਣਾਂ ਤੋਂ ਪਹਿਲਾਂ ਕਬੱਡੀ ਸਟੇਡੀਅਮ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਸੀ ਤੇ ਉਸ ਨੂੰ ਪੂਰਾ ਕੀਤਾ ਜਾਵੇ।

# ਅਖੰਡ ਕੀਰਤਨੀ ਜਥੇ ਨੂੰ ਬੱਬਰ ਖਾਲਸਾ ਦਾ ਰਾਜਸੀ ਚਿਹਰਾ ਦੱਸਣ ਬਾਰੇ ਅਦਾਲਤ ਵਿੱਚ ਰਿਪੋਰਟ ਪੇਸ਼

## * ਸੁਖਬੀਰ ਵਿਰੁੱਧ ਸੁਣਵਾਈ 18 ਦਸੰਬਰ ਨੂੰ



ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਅਖੰਡ ਕੀਰਤਨੀ ਜਥੇ ਅਤੇ ਉਸ ਦੇ ਬੁਲਾਰੇ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਖਾੜਕੂ ਸੰਗਠਨ ਬਬਰ ਖਾਲਸਾ ਦਾ ਰਾਜਨੀਤਕ ਚਿਹਰਾ ਦੱਸਣ ਦੇ ਕੇਸ ਵਿੱਚ ਜ਼ਿਲ੍ਹਾ ਅਦਾਲਤ ਵਿੱਚ ਸੁਣਵਾਈ ਦੇ ਦੌਰਾਨ ਸੰਬੰਧਤ ਥਾਣਾ ਇੰਚਾਰਜ ਨੇ ਜਾਂਚ ਰਿਪੋਰਟ ਪੇਸ਼ ਕਰ ਦਿੱਤੀ ਹੈ ਤੇ ਅਗਲੀ ਤਾਰੀਖ 18 ਦਸੰਬਰ ਨੂੰ ਹੋਵੇਗੀ।

ਇਸ ਮਾਮਲੇ ਵਿੱਚ ਰਾਜਿੰਦਰਪਾਲ ਸਿੰਘ ਨੇ ਦੋਸ਼ ਲਾਇਆ ਹੈ ਕਿ 4 ਜਨਵਰੀ 2017 ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਸ ਦੇ ਘਰ ਆਇਆ ਸੀ। ਇਹ ਗੱਲ ਕਈ ਸਮਾਚਾਰ ਪੱਤਰਾਂ ਵਿੱਚ ਛਪੀ ਸੀ, ਜਿਸ ਦੇ ਬਾਅਦ ਇੱਕ ਸਮਾਚਾਰ ਪੱਤਰ ਨੂੰ ਇੰਟਰਵਿਊ ਦਿੰਦੇ ਹੋਏ ਪੰਜਾਬ ਦੇ ਓਦੋਂ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ‘ਕੇਜਰੀਵਾਲ ਪੰਜਾਬ ਦੀ ਚੋਣ ਲੜਨਾ ਚਾਹੁੰਦਾ ਹੈ, ਪਰ ਉਸ ਨੂੰ ਪੰਜਾਬ ਦੀ ਪ੍ਰਕਿਰਿਤੀ, ਪਰੰਪਰਾ ਤੇ ਪੰਥ ਦੇ ਬਾਰੇ ਵਿੱਚ ਕੁਝ ਵੀ ਨਹੀਂ ਪਤਾ। ਜੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਇਹ ਪਾਰਟੀ ਅਰਾਜਕਤਾ ਫੈਲਾ ਦੇਵੇਗੀ। ਕੇਜਰੀਵਾਲ ਪੰਜਾਬ ਵਿੱਚ ਤੱਤੇ ਸੁਭਾਅ ਵਾਲੇ ਲੋਕਾਂ ਨਾਲ ਮੇਲ-ਜੋਲ ਵੱਧਾ ਰਹੇ ਹਨ।’ ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਨਾਲ ਇਹ ਵੀ ਕਿਹਾ ਸੀ ਕਿ ‘ਕੁਝ ਦਿਨ ਪਹਿਲਾਂ ਕੇਜਰੀਵਾਲ ਨੇ ਪੰਜਾਬ ਵਿੱਚ ਅਖੰਡ ਕੀਰਤਨੀ ਜਥੇ ਦੇ ਆਗੂ ਨਾਲ ਬ੍ਰੇਕਫਾਸਟ ਕੀਤਾ ਹੈ, ਬਬਰ ਖਾਲਸਾ ਸੰਸਾਰ ਪੱਧਰ ਦਾ ਅੱਤਵਾਦੀ ਸੰਗਠਨ ਹੈ, ਅਖੰਡ ਕੀਰਤਨੀ ਜਥਾ ਉਸ ਦਾ ਰਾਜਨੀਤਕ ਚਿਹਰਾ ਹੈ।’ ਰਾਜਿੰਦਰਪਾਲ ਸਿੰਘ ਨੇ ਇਸ ਸ਼ਿਕਾਇਤ ਵਿੱਚ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਇਸ ਬਿਆ ਨਾਲ ਉਨ੍ਹਾਂ ਦਾ ਅਕਸ ਖਰਾਬ ਹੋਇਆ ਹੈ, ਉਨ੍ਹਾਂ ਦਾ ਬਬਰ ਖਾਲਸਾ ਸੰਗਠਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਪਾਕਿ ਫੌਜ ਮੁਖੀ ਜਨਰਲ ਬਾਜਵਾ ਦੀ ਨੌਕਰੀ ਵਿੱਚ ਛੇ ਮਹੀਨੇ ਦਾ ਵਾਧਾ

ਇਸਲਾਮਾਬਾਦ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਨੂੰ ਰਾਹਤ ਦਿੰਦੇ ਹੋਏ ਓਥੋਂ ਦੀ ਸੁਪਰੀਮ ਕੋਰਟ ਨੇ ਫੌਜ ਦੇ ਮੁੱਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਕਾਰਜਕਾਲ ਵਿੱਚ ਸ਼ਰਤਾਂ ਦੇ ਆਧਾਰ ਉੱਤੇ ਛੇ ਮਹੀਨਿਆਂ ਦਾ ਵਾਧਾ ਕਰਨ ਦੀ ਆਗਿਆ ਦੇ ਦਿੱਤੀ ਹੈ। ਚੀਫ ਜਸਟਿਸ ਆਸਿਫ ਸਈਦ ਖਾਨ ਖੋਸਾ ਦੀ ਅਗਵਾਈ ਹੇਠ ਬੈਂਚ, ਜਿਸ ਵਿੱਚ ਜਸਟਿਸ ਮਜ਼ਹਰ ਆਲਮ ਖਾਨ ਮੀਆਂਖੇਲ ਅਤੇ ਜਸਟਿਸ ਮਨਸੂਰ ਅਲੀ ਸ਼ਾਹ ਸ਼ਾਮਲ ਸਨ, ਨੇ ਆਪਣੇ ਸੰਖੇਪ ਫੈਸਲੇ ਵਿੱਚ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਛੇ ਮਹੀਨਿਆਂ ਦੇ ਇਸ ਸਮੇਂ ਦੌਰਾਨ ਸਰਕਾਰ ਲੋੜੀਦੇ ਕਾਨੂੰਨ ਬਣਾਵੇ। ਕੋਰਟ ਦੇ ਆਦੇਸ਼ਾਂ ਮਗਰੋਂ ਜਨਰਲ ਬਾਜਵਾ, ਜਿਨ੍ਹਾਂ ਦਾ ਤਿੰਨ ਸਾਲਾਂ ਦਾ ਕਾਰਜਕਾਲ ਖਤਮ ਹੋਣਾ ਸੀ, ਅਗਲੇ ਛੇ ਮਹੀਨਿਆਂ ਤੱਕ ਫੌਜ ਦੇ ਮੁੱਖੀ ਦੇ ਅਹੁਦੇ 'ਤੇ ਬਣੇ ਰਹਿਣਗੇ।

# ਪੈਰਿਸ ਦੇ 2015 ਦੇ ਹਮਲਿਆਂ ਲਈ 20 ਸ਼ੱਕੀ ਲੋਕਾਂ ਉੱਤੇ ਕੇਸ ਚੱਲਣ ਲੱਗਾ

ਪੈਰਿਸ, 1 ਦਸੰਬਰ (ਪੋਸਟ ਬਿਊਰੋ)- ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਅੱਤਵਾਦੀ ਬੰਬ ਹਮਲਾਵਰਾਂ ਅਤੇ ਕੁਝ ਬੰਦੂਕਬਾਜ਼ਾਂ ਵੱਲੋਂ ਚਾਰ ਸਾਲ ਪਹਿਲਾਂ 130 ਤੋਂ ਵੱਧ ਲੋਕਾਂ ਦੀ ਹੱਤਿਆ ਕਰਨ ਲਈ ਫਰਾਂਸ ਦੇ ਜੱਜਾਂ ਨੇ ਸ਼ੁੱਕਰਵਾਰ ਨੂੰ 20 ਸ਼ੱਕੀਆਂ ਖਿਲਾਫ ਕੇਸ ਚਲਾਉਣ ਲਈ ਕਿਹਾ ਹੈ।

ਕੌਮੀ ਅੱਤਵਾਦ ਵਿਰੋਧੀ ਟੀਮ (ਪੀ ਐੱਨ ਏ ਟੀ) ਦੇ ਦਫਤਰ ਨੇ 562 ਪੰਨਿਆਂ ਦੇ ਦੋਸ਼ ਪੱਤਰ ਵਿੱਚ 14 ਲੋਕਾਂ ਉੱਤੇ ਦੋਸ਼ ਲਾਏ ਹਨ, ਜਿਹੜੇ ਇਸ ਵਕਤ ਜਾਂ ਜੇਲ ਵਿੱਚ ਬੰਦ ਹਨ ਤੇ ਜਾਂ ਜੁਡੀਸ਼ਲ ਨਿਗਰਾਨੀ ਵਿੱਚ ਹਨ। ਇਨ੍ਹਾਂ ਵਿੱਚ ਸ਼ੱਕੀ ਹਮਲਾਵਰ ਸਾਲਾਹ ਅਬਦੇਸਲਾਮ ਵੀ ਸ਼ਾਮਲ ਹੈ ਅਤੇ 6 ਹੋਰ ਦੇ ਵੀ ਗ੍ਰਿਫਤਾਰੀ ਵਾਰੰਟ ਦਾ ਖਤਰਾ ਹੈ, ਜਿਸ ਵਿੱਚ ਫੈਬੀਅਨ ਅਤੇ ਜਿਆਂ ਮਾਇਕਲ ਕਲੇਨ ਸ਼ਾਮਲ ਹਨ। ਇਹ ਦੋਵੇਂ ਇਸਲਾਮਕ ਸਟੇਟ ਗਰੁੱਪ ਦੇ ਖਤਰਨਾਕ ਪ੍ਰਚਾਰਕ ਹਨ, ਜਿਨ੍ਹਾਂ ਨੇ ਹੱਤਿਆ ਕਰਨ ਦੀ ਜ਼ਿੰਮੇਵਾਰੀ ਲਈ ਸੀ।

ਆਈ ਐੱਸ ਦੀ ਇਕ ਆਨਲਾਈਨ ਮੈਗਜ਼ੀਨ ਨੇ ਮਾਰਚ ਵਿੱਚ ਦਾਅਵਾ ਕੀਤਾ ਸੀ ਕਿ ਦੋਵੇਂ ਭਰਾ ਇਸ ਸਾਲ ਸ਼ੁਰੂ ਵਿੱਚ ਸੀਰੀਆ ਵਿੱਚ ਹਵਾਈ ਹਮਲੇ ਵਿੱਚ ਮਾਰੇ ਗਏ ਸਨ। ਜਾਂਚ ਦੀ ਨਿਗਰਾਨੀ ਕਰਦੇ 5 ਜੱਜ ਤੈਅ ਕਰਨਗੇ ਕਿ ਕਦੋਂ ਸੁਣਵਾਈ ਹੋਵੇਗੀ, ਪਰ 2021 ਵਿੱਚ ਪੈਰਿਸ ਵਿੱਚ ਇਸ ਦੀ ਸੁਣਵਾਈ ਦੀ ਆਸ ਹੈ। ਇਹ ਜੱਜ ਆਸਟ੍ਰੀਆ, ਜਰਮਨੀ, ਯੂਨਾਨ ਅਤੇ ਬੁਲਗਾਰੀਆ ਵਿੱਚ ਆਪਣੇ ਸਾਥੀ ਜੱਜਾਂ ਨਾਲ ਕੰਮ ਕਰ ਚੁੱਕੇ ਹਨ। ਪੀ ਐੱਨ ਏ ਟੀ ਨੇ ਕਿਹਾ ਕਿ ਫਰਾਂਸ ਦੇ ਇਤਿਹਾਸ ਵਿੱਚ ਅੱਜ ਤੱਕ ਦੇ ਸਭ ਤੋਂ ਖਤਰਨਾਕ ਹਮਲੇ ਦੇ ਸ਼ੱਕੀ ਲੋਕਾਂ ਖਿਲਾਫ 1740 ਲੋਕਾਂ ਨੇ ਸ਼ਿਕਾਇਤ ਦਿੱਤੀ ਹੈ। ਵਰਨਣ ਯੋਗ ਹੈ ਕਿ 15 ਨਵੰਬਰ 2015 ਨੂੰ ਪੈਰਿਸ ਦੇ ਬਾਹਰੀ ਇਲਾਕੇ ਵਿੱਚ ਸਟੇਡੀਅਮ ਵਿੱਚ ਫੁੱਟਬਾਲ ਮੈਚ ਦੌਰਾਨ ਭਾਰੀ ਗਿਣਤੀ ਵਿੱਚ ਹਥਿਆਰਾਂ ਨਾਲ ਲੈਸ 10 ਬੰਦੂਕਧਾਰੀਆਂ ਨੇ ਹਮਲਾ ਕੀਤਾ ਤਾਂ 130 ਲੋਕਾਂ ਦੀ ਮੌਤ ਹੋ ਗਈ ਸੀ।

ਦੇਸ਼ ਧ੍ਰੋਹ ਮਾਮਲਾ:

# ਜਨਰਲ ਮੁਸ਼ੱਰਫ ਨੂੰ ਬਿਆਨ ਦੇਣ ਲਈ ਪੰਜ ਦਸੰਬਰ ਤੱਕ ਮੋਹਲਤ



ਇਸਲਾਮਾਬਾਦ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ ਸਾਬਕਾ ਤਾਨਾਸ਼ਾਹ ਜਨਰਲ (ਸੇਵਾਮੁਕਤ) ਪਰਵੇਜ਼ ਮੁਸ਼ੱਰਫ ਨੂੰ ਦੇਸ਼ ਧ੍ਰੋਹ ਦੇ ਕੇਸ ਬਾਰੇ ਪੰਜ ਦਸੰਬਰ ਤੱਕ ਆਪਣੇ ਬਿਆਨ ਲਿਖਾਉਣ ਦੀ ਆਗਿਆ ਦੇ ਦਿੱਤੀ ਹੈ। ਨਾਲ ਹੀ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਕੇਵਲ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਉਹ ਇਸਲਾਮਾਬਾਦ ਹਾਈ ਕੋਰਟ ਦੇ ਹੁਕਮਾਂ ਨੂੰ ਮੰਨਣ ਦੇ ਪਾਬੰਦ ਨਹੀਂ।

ਵਰਨਣ ਯੋਗ ਹੈ ਕਿ ਕੱਲ੍ਹ ਇਸਲਾਮਾ-ਬਾਦ ਹਾਈ ਕੋਰਟ ਨੇ ਦੁਬਈ ਵਿੱਚ ਬੈਠੇ ਜਨਰਲ ਮੁਸ਼ੱਰਫ ਤੇ ਪਾਕਿਸਤਾਨ ਸਰਕਾਰ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਤੋਂ ਬਾਅਦ ਵਿਸ਼ੇਸ਼ ਅਦਾਲਤ ਨੂੰ ਫੈਸਲਾ ਦੇਣ ਤੋਂ ਰੋਕਿਆ ਤੇ ਨਾਲ ਇਹ ਹਦਾਇਤਾਂ ਦਿੱਤੀਆਂ ਸਨ ਕਿ ਨਿਰਪੱਖ ਫੈਸਲੇ ਲਈ ਸਾਰੀਆਂ ਧਿਰਾਂ ਦੀ ਸੁਣਵਾਈ ਕੀਤੀ ਜਾਵੇ। ਵਿਸ਼ੇਸ਼ ਅਦਾਲਤ ਨੇ ਕੱਲ੍ਹ ਕਿਹਾ ਕਿ ਉਹ ਕੇਵਲ ਸੁਪਰੀਮ ਕੋਰਟ ਦੇ ਆਦੇਸ਼ ਮੰਨਣ ਦੇ ਪਾਬੰਦ ਹਨ, ਕਿਸੇ ਹਾਈ ਕੋਰਟ ਦੇ ਨਹੀਂ। ਬੈਂਚ ਦੀ ਅਗਵਾਈ ਕਰਦੇ ਜਸਟਿਸ ਵਕਾਰ ਨੇ ਇਸਲਾਮਾਬਾਦ ਹਾਈ ਕੋਰਟ ਦੇ ਆਦੇਸ਼ 'ਤੇ ਕੋਈ ਟਿਪਣੀ ਨਹੀਂ ਕੀਤੀ, ਪਰ ਉਨ੍ਹਾਂ ਨੇ 76 ਵਰ੍ਹਿਆਂ ਦੇ ਮੁਸ਼ੱਰਫ ਨੂੰ ਆਪਣਾ ਬਿਆਨ ਦਰਜ ਕਰਾਉਣ ਲਈ ਪੰਜ ਦਸੰਬਰ ਤੱਕ ਦਾ ਸਮਾਂ ਦੇ ਦਿੱਤਾ। ਉਨ੍ਹਾਂ ਕਿਹਾ, ‘‘ਪੰਜ ਦਸੰਬਰ ਤੋਂ ਬਾਅਦ ਅਸੀਂ ਹੋਰ ਸਮਾਂ ਨਹੀਂ ਦੇਵਾਂਗੇ।''

# 20 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਐਸ ਐਚ ਓ ਕੀਤਾ ਗ੍ਰਿਫਤਾਰ




ਪਟਿਆਲਾ, 1 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਪਟਿਆਲਾ ਦੀ ਟੀਮ ਨੇ ਇੰਸਪੈਕਟਰ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਥਾਣਾ ਭਾਦਸੋਂ ਦੇ ਐੱਸ ਐੱਚ ਓ ਅੰਮ੍ਰਿਤਪਾਲ ਸਿੰਘ ਨੂੰ 20 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਇਸ ਕੇਸ ਵਿੱਚ ਅੰਮ੍ਰਿਤਪਾਲ ਸਿੰਘ ਦੇ ਨਾਲ ਏ ਐੱਸ ਆਈ ਗੁਰਸ਼ਰਨ ਸਿੰਘ ਦੇ ਖਿਲਾਫ ਵੀ ਥਾਣਾ ਵਿਜੀਲੈਂਸ ਬਿਊਰੋ ਵਿਖੇ ਕੇਸ ਦਰਜ ਕੀਤਾ ਗਿਆ ਹੈ।

ਰਵਨੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਚਾਸਵਾਲ ਵਾਸੀ ਨਾਭਾ (ਪਟਿਆਲਾ) ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਕਾਰ ਵਰਕਸ਼ਾਪ ਦੀ ਦੁਕਾਨ ਹੈ, ਜਿਸ ਦਾ ਸ਼ਿਵ ਸ਼ੰਕਰ ਸਵੀਟਸ ਦੀ ਦੁਕਾਨ ਵਾਲੇ ਨਾਲ ਝਗੜਾ ਹੋਣ ਉੱਤੇ ਥਾਣਾ ਭਾਦਸੋਂ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ। ਦੂਜੀ ਧਿਰ ਨੇ ਸ਼ਿਕਾਇਤ ਕਰਤਾ ਦੇ ਖਿਲਾਫ ਕਰਾਸ ਕੇਸ ਦਰਜ ਕਰਵਾਇਆ ਸੀ। ਰਵਨੀਤ ਸਿੰਘ ਵੱਲੋਂ ਦਰਜ ਕਰਵਾਏ ਕੇਸ ਦੀ ਧਾਰਾ ਵਿੱਚ ਵਾਧਾ ਕਰਨ ਤੇ ਉਸ ਦੀ ਮਦਦ ਕਰਨ ਲਈ ਐਸ ਐਚ ਓ ਥਾਣਾ ਭਾਦਸੋਂ ਅੰਮ੍ਰਿਤਪਾਲ ਸਿੰਘ ਅਤੇ ਏ ਐੱਸ ਆਈ ਗੁਰਸ਼ਰਨ ਸਿੰਘ ਨੇ ਤੀਹ ਹਜ਼ਾਰ ਮੰਗੇ ਸਨ। ਸ਼ਿਕਾਇਤ ਕਰਤਾ ਤੋਂ ਦੋਵੇਂ ਪੁਲਸ ਅਫਸਰ ਪਹਿਲਾਂ 10 ਹਜ਼ਾਰ ਰੁਪਏ ਰਿਸ਼ਵਤ ਲੈ ਚੁੱਕੇ ਸਨ। ਬਾਕੀ 20 ਹਜ਼ਾਰ ਰੁਪਏ ਲੈਂਦਿਆਂ ਐੱਸ ਐੱਚ ਓ ਨੂੰ ਕੱਲ੍ਹ ਇੰਸਪੈਕਟਰ ਪ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਵਿਜੀਲੈਂਸ ਬਿਊਰੋ ਦੀ ਟੀਮ ਨੇ ਪਟਿਆਲਾ ਵਿਖੇ ਭੁਪਿੰਦਰਾ ਰੋਡ ਨੇੜੇ ਕੋਲੰਬੀਆ ਏਸ਼ੀਆ ਹਸਪਤਾਲ ਕੋਲ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

## ਮਾਲ ਜੀ ਨਨਕਾਣਾ ਸਾਹਿਬ



ਇਹ ਪਾਵਨ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ ਡੇਢ ਕੁ ਕਿਲੋਮੀਟਰ ਸ਼ੇਖੂਪੁਰਾ ਨੂੰ ਜਾਣ ਵਾਲੀ ਸੜਕ ਉੱਤੇ ਨਨਕਾਣਾ ਸਾਹਿਬ ਸ਼ਹਿਰ ਵਿੱਚ ਹੀ ਹੈ। ਇੱਥੋਂ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਨੇੜੇ ਹੈ। ਸਤਿਗੁਰ ਨਾਨਕ ਦੇਵ ਜੀ ਦੇ ਵੇਲੇ ਇੱਥੇ ਵਣਾਂ ਦਾ ਘਣਾ ਜੰਗਲ ਹੁੰਦਾ ਸੀ। ਆਪ ਬਾਲ ਉਮਰੇ ਇੱਥੇ ਹੀ ਮੱਝਾਂ ਚਾਰਨ ਆਉਂਦੇ। ਇੱਕ ਵਾਰ ਆਪ ਜੀ ਇੱਕ ਵਣ ਦੀ ਠੰਢੀ ਛਾਵੇਂ ਸੌਂ ਗਏ, ਆਪ ਦੇ ਮੁੱਖ ਉੱਤੇ ਧੁੱਪ ਆ ਗਈ। ਇੱਕ ਕਾਲੇ ਨਾਗ ਨੇ ਆਪ ਦੇ ਮੁੱਖ ਉੱਤੇ ਆਪਣੀ ਛੱਜਲੀ ਖਲਾਰ ਕੇ ਛਾਂ ਕੀਤੀ ਰੱਖੀ। ਇਹ ਵਣ ਦਾ ਰੁੱਖ ਹੁਣ ਵੀ ਮੌਜੂਦ ਹੈ। ਇਸ ਯਾਦ ਵਿੱਚ ਇੱਥੇ ਗੁਰਦੁਆਰਾ ਮਾਲ ਜੀ ਸਾਹਿਬ ਬੜਾ ਸੁੰਦਰ ਬਣਿਆ ਹੋਇਆ ਹੈ। ਇਸਦਾ ਸਰੋਵਰ ਜੋ ਕਿ ਜ਼ਮੀਨ ਤੋਂ 5 ਫੁੱਟ ਉੱਚਾ ਹੈ, ਇਹ 1935 ਵਿੱਚ ਗੁਰਦੁਆਰਾ ਕਮੇਟੀ ਨੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਦੀ ਪ੍ਰਧਾਨਗੀ ਹੇਠ ਬਣਵਾਇਆ ਸੀ। ਇਸ ਪਾਵਨ ਅਸਥਾਨ ਦੇ ਨਾਂ ਤੇ 3 ਹਜ਼ਾਰ ਏਕੜ ਰਕਬਾ ਹੈ। ਹੁਣ ਇੱਥੇ ਪ੍ਰਕਾਸ਼ ਨਹੀਂ ਹੁੰਦਾ, ਯਾਤਰੀ ਦਰਸ਼ਨ ਕਰਕੇ ਆਤਮਿਕ ਅਨੰਦ ਮਾਣਦੇ ਹਨ ।

# ਨੌਜਵਾਨਾਂ ਦਾ ਅੰਦੋਲਨ ਸਸਤੀ, ਸਾਰਥਿਕ ਤੇ ਬਰਾਬਰ ਸਿਖਿਆ ਦੇ ਹੱਕ ਦਾ ਸੰਘਰਸ਼ ਬਣੇ

-ਯੋਗੇਂਦਰ ਯਾਦਵ

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਵਿੱਚ ਫੀਸ ਦੇ ਵਾਧੇ ਨੂੰ ਲੈ ਕੇ ਚੱਲਿਆ ਅੰਦੋਲਨ ਜੋ ਸਵਾਲ ਉਠਾ ਰਿਹਾ ਹੈ, ਉਹ ਸਿਰਫ ਉਸ ਯੂਨੀਵਰਸਿਟੀ ਵਾਸਤੇ ਨਹੀਂ, ਪੂਰੇ ਭਾਰਤ ਦਾ ਹੈ। ਸਵਾਲ ਸਿਰਫ ਫੀਸ ਤੱਕ ਸੀਮਤ ਨਹੀਂ, ਸਗੋਂ ਉੱਚ ਸਿਖਿਆ ਦੇ ਬਰਾਬਰ ਮੌਕਿਆਂ ਨਾਲ ਜੁੜਿਆ ਹੈ। ਇਸ ਲਈ ਜੇ ਇਸ ਅੰਦੋਲਨ ਦਾ ਅੰਤ ਜੇ ਐੱਨ ਯੂ ਵਿੱਚ ਫੀਸਾਂ ਦੇ ਵਾਧੇ ਨੂੰ ਪਲਟਣ ਨਾਲ ਹੋ ਗਿਆ ਤਾਂ ਇਹ ਕੋਈ ਵੱਡੀ ਸਫਲਤਾ ਨਹੀਂ ਹੋਵੇਗੀ।

ਕਿਸੇ ਵੀ ਵੱਡੇ ਅੰਦੋਲਨ ਦਾ ਲੱਛਣ ਇਹ ਹੈ ਕਿ ਉਹ ਕਿਸੇ ਛੋਟੇ ਅਤੇ ਤਿੱਖੇ ਮੁੱਦੇ ਦੇ ਬਹਾਨੇ ਬਹੁਤ ਵੱਡੀ ਅਤੇ ਦੂਰ-ਗਾਮੀ ਤਬਦੀਲੀ ਦੀ ਮੰਗ ਕਰਦਾ ਹੈ। ਔਰਤਾਂ ਦੇ ਯੌਨ ਸ਼ੋਸ਼ਣ ਵਿਰੁੱਧ ਮੀ ਟੂ ਅੰਦੋਲਨ ਹੋਇਆ ਸੀ, ਜਿਸ ਨੇ ਦਿਖਾ ਦਿੱਤਾ ਕਿ ਵੱਡੇ ਵੱਡੇ ਮੀਡੀਆ ਘਰਾਣਿਆਂ 'ਚ ਕੰਮ ਕਰਦੀਆਂ ਖੁਸ਼ਹਾਲ ਔਰਤਾਂ ਨੂੰ ਵੀ ਕਿੰਨਾ ਸੈਕਸ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਉਦੇਸ਼ ਇਹ ਨਹੀਂ ਸੀ ਕਿ ਇਹ ਕਿ ਦੇਸ਼ 'ਚ ਹਰ ਕੰਮ-ਕਾਜੀ ਔਰਤ ਲਈ ਕੰਮ ਦੇ ਹਾਲਾਤ ਬਿਹਤਰ ਹੋਣ, ਯੌਨ ਸ਼ੋਸ਼ਣ ਤੋਂ ਉਨ੍ਹਾਂ ਨੂੰ ਬਚਾਇਆ ਜਾਵੇ।

ਇਹੀ ਗੱਲ ਜੇ ਐੱਨ ਯੂ ਅੰਦੋਲਨ ਬਾਰੇ ਹੈ। ਜੇ ਐੱਨ ਯੂ ਨਾ ਤਾਂ ਭਾਰਤ ਦੀ ਸਭ ਤੋਂ ਗਰੀਬ ਯੂਨੀਵਰਸਿਟੀ ਹੈ, ਨਾ ਇਸ ਦੀ ਫੀਸ ਦੇਸ਼ ਵਿੱਚ ਸਭ ਤੋਂ ਵੱਧ ਹੈ। ਦੇਸ਼ ਦੀਆਂ ਸਭ ਕੇਂਦਰੀ ਯੂਨੀਵਰਸਿਟੀਆਂ ਨੂੰ ਕੇਂਦਰ ਸਰਕਾਰ ਵੱਲੋਂ ਗਰਾਂਟ ਮਿਲਦੀ ਹੈ। ਸੂਬਾ ਸਰਕਾਰਾਂ ਵੱਲੋਂ ਚਲਾਈਆਂ ਜਾਂਦੀਆਂ ਯੂਨੀਵਰਸਿਟੀਆਂ ਦੇ ਮੁਕਾਬਲੇ ਸਭ ਕੇਂਦਰੀ ਯੂਨੀਵਰਸਿਟੀਆਂ ਕੋਲ ਕਿਤੇ ਜ਼ਿਆਦਾ ਪੈਸਾ ਹੈ, ਕਿਤੇ ਜ਼ਿਆਦਾ ਸਕਾਲਰਸ਼ਿਪ ਹੈ। ਬਾਕੀ ਕੇਂਦਰੀ ਯੂਨੀਵਰਸਿਟੀਆਂ ਦੇ ਮੁਕਾਬਲੇ ਜੇ ਐੱਨ ਯੂ ਥੋੜ੍ਹੀ ਬਿਹਤਰ ਸਥਿਤੀ 'ਚ ਹੈ। ਇਸ ਯੂਨੀਵਰਸਿਟੀ ਦੀ ਫੀਸ ਬਾਕੀ ਸਰਕਾਰੀ ਸੰਸਥਾਨਾਂ ਤੋਂ ਜ਼ਿਆਦਾ ਨਹੀਂ ਹੈ, ਜੇ ਐੱਨ ਯੂ ਦੀ ਹੋਸਟਲ ਫੀਸ, ਜੋ ਪਹਿਲਾਂ 32 ਹਜ਼ਾਰ ਸੀ, ਵਧ ਕੇ ਜੇ 56 ਹਜ਼ਾਰ ਹੋ ਵੀ ਜਾਵੇ ਤਾਂ ਇਹ ਦੇਸ਼ ਦੀ ਸਭ ਤੋਂ ਮਹਿੰਗੀ ਯੂਨੀਵਰਸਿਟੀ ਨਹੀਂ ਬਣਨ ਲੱਗੀ।

ਤੁਸੀਂ ਪੁੱਛੋਗੇ ਕਿ ਫਿਰ ਜੇ ਐੱਨ ਯੂ ਵਿੱਚ ਫੀਸ ਵਾਧੇ ਵਿਰੁੱਧ ਅੰਦੋਲਨ ਕਿਉਂ? ਜੇ ਐੱਨ ਯੂ ਦੀ ਖਾਸੀਅਤ ਇਹ ਹੈ ਕਿ ਇਹ ਭਾਰਤ ਦੀਆਂ ਉਨ੍ਹਾਂ ਕੁਝ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ, ਜਿੱਥੇ ਸੱਚਮੁੱਚ ਪੂਰੇ ਦੇਸ਼ ਤੋਂ ਵਿਦਿਆਰਥੀ ਆਉਂਦੇ ਹਨ, ਕਾਫੀ ਗਰੀਬ ਘਰਾਂ ਦੇ ਬੱਚੇ ਆਉਂਦੇ ਹਨ। ਅਸਲੀ ਸਵਾਲ ਇਹ ਹੈ ਕਿ ਜੇ ਫੀਸ ਵਾਧੇ ਤੋਂ ਜੇ ਐਨ ਯੂ ਦੇ ਵਿਦਿਆਰਥੀ ਵੀ ਪ੍ਰੇਸ਼ਾਨ ਹਨ ਤਾਂ ਬਾਕੀ ਦੇਸ਼ ਵਿੱਚ ਕਿੰਨੀ ਡੂੰਘੀ ਸਮੱਸਿਆ ਹੋਵੇਗੀ। ਸਵਾਲ ਹੈ ਕਿ ਕੀ ਉੱਚ ਸਿਖਿਆ ਇੱਕ ਆਮ ਪਰਵਾਰ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਜੇ ਅਜਿਹਾ ਹੈ ਤਾਂ ਜਿਹੜੀ ਬੇਚੈਨੀ ਅੱਜ ਜੇ ਐਨ ਯੂ ਵਿੱਚ ਫੁੱਟ ਰਹੀ ਹੈ, ਉਹ ਦੇਰ-ਸਵੇਰ ਦੇਸ਼ ਦੀਆਂ ਸਭ ਉੱਚ ਵਿਦਿਅਕ ਸੰਸਥਾਵਾਂ 'ਚ ਕਿਸੇ ਨਾ ਕਿਸੇ ਰੂਪ ਵਿੱਚ ਉਭਰੇਗੀ।

ਪਿਛਲੇ ਦਿਨੀਂ ਭਾਰਤ ਸਰਕਾਰ ਨੇ ਰਾਸ਼ਟਰੀ ਸੈਂਪਲ ਸਰਵੇ ਦੀ ਇੱਕ ਰਿਪੋਰਟ ਪੇਸ਼ ਕੀਤੀ ਹੈ। ਦੇਸ਼ 'ਚ ਇੱਕ ਲੱਖ ਤੋਂ ਵੱਧ ਘਰਾਂ 'ਚ ਜਾ ਕੇ ਇਹ ਸਰਵੇਖਣ ਪੁੱਛਦਾ ਹੈ ਕਿ ਤੁਸੀਂ ਸਿਖਿਆ ਉੱਤੇ ਕਿੰਨਾ ਖਰਚ ਕੀਤਾ। ਹਰ ਤਰ੍ਹਾਂ ਦਾ ਖਰਚ, ਉਹ ਭਾਵੇਂ ਯੂਨੀਫਾਰਮ ਦਾ ਖਰਚਾ ਹੋਵੇ, ਪਾਠ-ਪੁਸਤਕਾਂ ਦਾ ਖਰਚਾ ਜਾਂ ਟਰਾਂਸਪੋਰਟ ਦਾ ਖਰਚਾ ਹੋਵੇ, ਸਭ ਕੁਝ ਦੇਖ ਕੇ ਰਿਪੋਰਟ ਅਨੁਮਾਨ ਲਾਉਂਦੀ ਹੈ। ਜੇ ਤੁਸੀਂ ਬਿਲਕੁਲ ਸਾਧਾਰਨ ਤੋਂ ਸਾਧਾਰਨ ਕਿਸਮ ਦੀ ਸਿਖਿਆ ਦਿਵਾਓ, ਭਾਵ ਸਥਾਨਕ ਕਾਲਜ 'ਚ ਜਾਓ, ਜਿੱਥੇ ਨਾ ਸਿਖਿਆ ਮਿਲੇਗੀ, ਨਾ ਡਿਗਰੀ ਸਮੇਂ ਸਿਰ ਮਿਲੇਗੀ ਅਤੇ ਉਸ 'ਚੋਂ ਨੌਕਰੀ ਤਾਂ ਕਤਈ ਨਹੀਂ ਮਿਲਣੀ, ਉਥੇ ਵੀ ਤੁਹਾਡੇ ਸਾਲਾਨਾ 20 ਹਜ਼ਾਰ ਰੁਪਏ ਖਰਚ ਹੋਣਗੇ ਅਤੇ ਜੇ ਥੋੜ੍ਹੀ ਜਿਹੀ ਬਿਹਤਰ ਜਗ੍ਹਾ ਜਾਓ, ਕਿਸੇ ਵੀ ਪ੍ਰੋਫੈਸ਼ਨਲ ਡਿਗਰੀ ਲਈ, ਭਾਵੇਂ ਉਹ ਮੈਡੀਕਲ ਦੀ ਹੋਵੇ, ਲਾਅ ਦੀ ਜਾਂ ਥੋੜ੍ਹੀ ਜਿਹੀ ਗੁੰਜਾਇਸ਼ ਬਣ ਜਾਂਦੀ ਹੈ, ਉਸ ਦੀ ਕੀਮਤ 50 ਹਜ਼ਾਰ ਤੋਂ ਸੱਤਰ ਹਜ਼ਾਰ ਪ੍ਰਤੀ ਸਾਲ ਹੈ ਤੇ ਜੇ ਕੁਝ ਬਿਹਤਰ ਪ੍ਰਾਈਵੇਟ ਸੰਸਥਾ 'ਚ ਜਾਣਾ ਹੋਵੇ ਤਾਂ ਉਥੇ ਦੋ ਲੱਖ ਪ੍ਰਤੀ ਸਾਲ। ਇਸ ਸਭ ਵਿੱਚ ਅਜੇ ਹੋਸਟਲ ਜਾਂ ਬਾਹਰ ਕਮਰਾ ਲੈ ਕੇ ਠਹਿਰਨ ਦਾ ਖਰਚਾ ਸ਼ਾਮਲ ਨਹੀਂ ਹੈ। ਸਾਰਾ ਖਰਚ ਸਿਰਫ ਇੱਕ ਬੱਚੇ ਦਾ ਹੈ। ਇਸ ਸਮੇਂ ਦੇਸ਼ 'ਚ ਪੰਜ ਮੈਂਬਰਾਂ ਦੇ ਪਰਵਾਰਕ ਦੀ ਔਸਤਨ ਆਮਦਨ ਲਗਭਗ 12 ਹਜ਼ਾਰ ਪ੍ਰਤੀ ਮਹੀਨਾ ਹੈ, ਭਾਵ ਇੱਕ ਲੱਖ 44 ਹਜ਼ਾਰ ਦੀ ਸਾਲਾਨਾ ਆਮਦਨ ਹੈ। ਤੁਸੀਂ ਦੱਸੋ ਅਜਿਹਾ ਔਸਤ ਪਰਵਾਰ ਉੱਚ ਸਿਖਿਆ ਦੇ ਇਸ ਤਰ੍ਹਾਂ ਦੇ ਖਰਚੇ ਨੂੰ ਕਿਵੇਂ ਸਹਿਣ ਕਰ ਸਕਦਾ ਹੈ। ਜੇ ਐਨ ਯੂ ਦੀ ਫੀਸ 32 ਹਜ਼ਾਰ ਤੋਂ 56 ਹਜ਼ਾਰ ਹੋ ਜਾਂਦੀ ਹੈ, ਜੋ ਤੁਹਾਨੂੰ ਅਤੇ ਸਾਨੂੰ ਦੇਖ ਕੇ ਲੱਗਦਾ ਹੈ, ਥੋੜ੍ਹਾ ਜਿਹਾ ਤਾਂ ਫਰਕ ਹੈ, ਪਰ ਉਸ ਪਰਵਾਰ ਲਈ ਇਹ ਪਾਣੀ ਦੇ ਉਪਰ ਨੱਕ ਰੱਖਣ ਅਤੇ ਨੱਕ ਪਾਣੀ ਦੇ ਅੰਦਰ ਜਾਣ ਦਾ ਫਰਕ ਹੈ।

ਅੱਜ ਭਾਰਤ ਵਿੱਚ ਲੱਖਾਂ-ਕਰੋੜਾਂ ਲੋਕ ਪਹਿਲੀ ਵਾਰ ਉਚ ਸਿਖਿਆ 'ਚ ਆ ਰਹੇ ਹਨ, ਜਿਨ੍ਹਾਂ ਦੇ ਮਾਂ-ਬਾਪ ਨੇ ਕਦੇ ਕਾਲਜ-ਯੂਨੀਵਰਸਿਟੀ ਦਾ ਚਿਹਰਾ ਨਹੀਂ ਦੇਖਿਆ। ਉਨ੍ਹਾਂ ਦੇ ਮਨ ਵਿੱਚ ਸੁਫਨੇ ਹਨ, ਉਨ੍ਹਾਂ ਦੇ ਮਾਂ-ਬਾਪ ਪਤਾ ਨਹੀਂ ਕਿਸ ਤਰ੍ਹਾਂ ਪੇਟ ਕੱਟ ਕੇ ਉਨ੍ਹਾਂ ਨੂੰ ਯੂਨੀਵਰਸਿਟੀ ਭੇਜ ਰਹੇ ਹਨ। ਉਹ ਬੱਚੇ ਮਿਹਨਤ ਕਰਨ ਨੂੰ ਤਿਆਰ ਹਨ। ਉਨ੍ਹਾਂ 'ਚ ਪ੍ਰਤਿਭਾ ਹੈ, ਨਹੀਂ ਤਾਂ ਉਹ ਆਪਣੇ ਪਿੰਡ ਤੋਂ ਉਠ ਕੇ ਇੰਨੇ ਉਪਰ ਨਾ ਆ ਸਕਦੇ, ਪਰ ਉਨ੍ਹਾਂ ਕੋਲ ਪੈਸੇ ਨਹੀਂ। ਕੀ ਉਨ੍ਹਾਂ ਨੂੰ ਉਚ ਸਿਖਿਆ ਹਾਸਲ ਕਰਨ ਦਾ ਅਧਿਕਾਰ ਹੈ? ਭਾਰਤ ਦਾ ਸੰਵਿਧਾਨ ਕਹਿੰਦਾ ਹੈ ਕਿ ਸਭ ਨੂੰ ਬਰਾਬਰ ਮੌਕੇ ਮਿਲਣਗੇ। ਇਹ ਬਰਾਬਰ ਮੌਕੇ ਕਿਵੇਂ ਮਿਲਣਗੇ? ਹੱਲ ਸਿਰਫ ਫੀਸ ਵਿੱਚ ਨਹੀਂ ਹੈ। ਹੱਲ ਲਈ ਘੱਟੋ-ਘੱਟ ਚਾਰ ਕਦਮ ਚੁੱਕਣੇ ਹੋਣਗੇ।


ਪਹਿਲਾ, ਉਚ ਸਿਖਿਆ ਦੀ ਲਾਗਤ ਘੱਟ ਰੱਖਣੀ ਪਵੇਗੀ ਭਾਵੇਂ ਫੀਸ ਹੋਵੇ, ਹੋਸਟਲ ਫੀਸ ਹੋਵੇ, ਮੈਸ ਫੀਸ ਹੋਵੇ। ਇਨ੍ਹਾਂ ਸਭ ਨੂੰ ਇਹ ਸੋਚ ਕੇ ਤੈਅ ਕਰਨਾ ਹੋਵੇਗਾ ਕਿ ਇੱਕ ਸਾਧਾਰਨ ਪਰਵਾਰ ਕਿਵੇਂ ਇੰਨਾ ਖਰਚਾ ਸਹਿਣ ਕਰ ਸਕਦਾ ਹੈ ਮਤਲਬ ਇਹ ਕਿ ਸਰਕਾਰ ਨੂੰ ਇਸ ਸਭ ਦੇ ਲਈ ਗ੍ਰਾਂਟ ਦੇਣੀ ਪਵੇਗੀ। ਜੇ ਕੋਈ ਕਹਿੰਦਾ ਹੈ ਕਿ ਸਰਕਾਰ ਸਿਖਿਆ ਦਾ ਭਾਰ ਕਿਉਂ ਉਠਾਏ ਤਾਂ ਉਸ ਤੋਂ ਪੁੱਛੋ ਕਿ ਸਰਕਾਰ ਦਾ ਹੋਰ ਕੰਮ ਕੀ ਹੈ?

ਦੂਸਰਾ, ਸਕਾਲਰਸ਼ਿਪ ਅਤੇ ਫੈਲੋਸ਼ਿਪ ਵਿੱਚ ਕਾਫੀ ਵਾਧਾ ਕਰਨਾ ਪਵੇਗਾ। ਅੱਜ ਸਾਡੇ ਦੇਸ਼ ਵਿੱਚ ਕੇਂਦਰ ਸਰਕਾਰ ਉਚ ਸਿਖਿਆ ਦੀ ਸਕਾਲਰਸ਼ਿਪ ਅਤੇ ਫੈਲੋਸ਼ਿਪ ਮਿਲਾ ਕੇ 1800-2000 ਕਰੋੜ ਦੇ ਕਰੀਬ ਖਰਚ ਕਰਦੀ ਹੈ। ਤਿੰਨ ਕਰੋੜ ਤੋਂ ਵੱਧ ਵਿਦਿਆਰਥੀ ਹਨ, ਪ੍ਰਤੀ ਵਿਦਿਆਰਥੀ ਹਰ ਸਾਲ ਕੁੱਲ 600 ਦੀ ਸਕਾਲਰਸ਼ਿਪ ਦਿੰਦੀ ਹੈ। ਅਮਰੀਕਾ ਦੀਆਂ ਪੂੰਜੀਵਾਦੀ ਯੂਨੀਵਰਸਿਟੀਆਂ ਘੱਟੋ-ਘੱਟ 25 ਤੋਂ 30 ਫੀਸਦੀ ਵਿਦਿਆਰਥੀ ਨੂੰ ਉਨ੍ਹਾਂ ਦੀਆਂ ਪੂਰੀ ਸਿਖਿਆ ਅਤੇ ਗੁਜ਼ਾਰੇ ਦਾ ਖਰਚ ਦਿੰਦੀਆਂ ਹਨ, ਪਰ ਸਾਡੇ ਦੇਸ਼ 'ਚ ਉਚ ਸਿਖਿਆ ਹਾਸਲ ਕਰ ਰਹੇ ਵਿਦਿਆਰਥੀਆਂ 'ਚੋਂ ਦੋ ਫੀਸਦੀ ਨੂੰ ਵੀ ਅਜਿਹੀ ਸਕਾਲਰਸ਼ਿਪ ਨਹੀਂ ਮਿਲਦੀ।

ਤੀਜਾ, ਵਿਦਿਆਰਥੀਆਂ ਲਈ ਯੂਨੀਵਰਸਿਟੀ-ਕਾਲਜ 'ਚ ਪੜ੍ਹਦੇ ਹੋਏ ਕੁਝ ਕਮਾਉਣ ਦਾ ਤਰੀਕਾ ਹੋਣਾ ਚਾਹੀਦਾ ਹੈ ਭਾਵ ਵਿਦਿਆਰਥੀ ਹਫਤੇ ਵਿੱਚ 29 ਘੰਟੇ ਤੱਕ ਲਾਇਬਰੇਰੀ ਜਾਂ ਆਫਿਸ 'ਚ ਜਾਂ ਕਿਸੇ ਰਿਸਰਚ ਦਾ ਕੰਮ ਕਰ ਸਕਦਾ ਹੈ। ਇਸ ਨਾਲ ਵਿਦਿਆਰਥੀ ਘੱਟੋ-ਘੱਟ ਆਪਣੀ ਮੈਸ ਦਾ ਖਰਚਾ ਉਸ ਵਿੱਚੋਂ ਕੱਢ ਸਕਦੇ ਹਨ। ਇਸ ਨਾਲ ਵਿਦਿਆਰਥੀ ਕੰਮ ਕਰਨਾ ਸਿੱਖਣਗੇ। ਕਿਰਤ ਪ੍ਰਤੀ ਇੱਜ਼ਤ ਹੋਵੇਗੀ ਅਤੇ ਚਾਰ ਪੈਸੇ ਕਮਾਉਣਗੇ।

ਚੌਥਾ, ਕੁਝ ਕੋਰਸ ਮਹਿੰਗੇ ਰਹਿਣਗੇ ਤਾਂ ਉਨ੍ਹਾਂ ਲਈ ਐਜੂਕੇਸ਼ਨ ਲੋਨ ਦੀ ਵਿਵਸਥਾ ਕਰਨੀ ਹੋਵੇਗੀ। ਅੱਜ ਇਹ 12-14 ਫੀਸਦੀ ਵਿਆਜ ਵਾਲੇ ਲੋਨ ਦਾ ਬੋਝ ਵਿਦਿਆਰਥੀਆਂ ਨੂੰ ਖਤਮ ਕਰ ਦੇਵੇਗਾ। ਵਿਦਿਆਰਥੀਆਂ ਨੂੰ ਕਿਸਾਨਾਂ ਦੀ ਤਰਜ਼ 'ਤੇ ਲੋਨ ਮਿਲੇ। ਵਿਆਜ ਸੱਤ ਫੀਸਦੀ ਹੋਵੇ, ਸਮੇਂ ਸਿਰ ਨਾ ਵਾਪਸ ਕੀਤੇ ਜਾਣ 'ਤੇ ਹੋਰ ਛੋਟ ਮਿਲੇ ਅਤੇ ਸਰਕਾਰ ਉਸ ਦੀ ਗਾਰੰਟੀ ਦੇਵੇ। ਇਸ ਲਈ ਅਸਲੀ ਸਵਾਲ ਸਿਰਫ ਜੇ ਐੱਨ ਯੂ ਜਾਂ ਮੈੱਸ ਦੀ ਫੀਸ ਦਾ ਨਹੀਂ, ਸਵਾਲ ਹੈ ਭਾਰਤ ਦਾ ਸੰਵਿਧਾਨ, ਜੋ ਮੌਕਿਆਂ ਦੀ ਬਰਾਬਰੀ ਦੀ ਗੱਲ ਕਰਦਾ ਹੈ, ਲਾਗੂ ਕਰਨ ਲਈ ਰਾਜਸੀ ਇੱਛਾ-ਸ਼ਕਤੀ ਹੈ ਜਾਂ ਨਹੀਂ। ਜੇ ਐੱਨ ਯੂ ਦੇ ਵਿਦਿਆਰਥੀਆਂ ਨੂੰ ਸਲਾਮ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਇੱਕ ਵੱਡਾ ਸਵਾਲ ਉਠਾਇਆ ਹੈ, ਪਰ ਇਹ ਅੰਦੋਲਨ ਉਦੋਂ ਸਫਲ ਹੋਵੇਗਾ, ਜਦੋਂ ਪੂਰੇ ਦੇਸ਼ ਦੇ ਨੌਜਵਾਨਾਂ ਦਾ ਅੰਦੋਲਨ ਬਣੇ, ਸਸਤੀ ਸਿਖਿਆ, ਸਾਰਥਿਕ ਸਿਖਿਆ, ਬਰਾਬਰ ਸਿਖਿਆ ਦੇ ਅਧਿਕਾਰ ਦਾ ਸੰਘਰਸ਼ ਬਣੇ।

# ‘ਭਾਰਤ ਮਾਤਾ’ ਦੀ ਮਹਿਮਾ ਓਹਲੇ ਧਰਮ-ਨਿਰਪੱਖਤਾ ਦੀ ਮਹਿਮਾ ਖੂੰਜੇ ਲੱਗਣ ਲੱਗੀ



ਜਤਿੰਦਰ ਪੰਨੂ

ਮੇਰੇ ਸਾਹਮਣੇ ਭਾਰਤ ਦਾ ਸੰਵਿਧਾਨ ਪਿਆ ਹੈ, ਜਿਹੜਾ ਏਥੋਂ ਆਰੰਭ ਹੁੰਦਾ ਹੈ ਕਿ ‘ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ (ਮੁਕੰਮਲ ਖੁਦ-ਮੁਖਤਾਰ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ) ਬਣਾਉਣ ਲਈ ਤੇ ਉਸ ਦੇ ਸਾਰੇ ਨਾਗਰਿਕਾਂ ਨੂੰ ਸਮਾਜੀ, ਆਰਥਿਕ ਤੇ ਰਾਜਸੀ ਨਿਆਂ, ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਧਰਮ ਤੇ ਉਪਾਸ਼ਨਾ ਦੀ ਆਜ਼ਾਦੀ, ਸਤਿਕਾਰ ਅਤੇ ਮੌਕਿਆਂ ਦੀ ਬਰਾਬਰੀ ਹਾਸਲ ਕਰਾਉਣ ਲਈ ਉਨ੍ਹਾਂ ਸਭਨਾਂ ਵਿਚਾਲੇ ਵਿਅਕਤੀ ਦੇ ਸਨਮਾਨ (ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ) ਯਕੀਨੀ ਕਰਨ ਲਈ ਭਾਈਚਾਰਾ ਵਧਾਉਣ ਲਈ’ ਇਹ ਸੰਵਿਧਾਨ ਪ੍ਰਵਾਨ ਕੀਤਾ ਤੇ ਇਸ ਉੱਤੇ ਕਾਰਬੰਦ ਰਹਾਂਗੇ। ਇਸ ਦੀ ਪਹਿਲੀ ਬਰੈਕਿਟ ਵਿੱਚ ‘ਸਮਾਜਵਾਦੀ ਧਰਮ ਨਿਰਪੱਖਤਾ’ ਵਾਲੇ ਸ਼ਬਦ ਐਮਰਜੈਂਸੀ ਦੇ ਦੌਰ ਦੌਰਾਨ ਪਾਰਲੀਮੈਂਟ ਨੇ ਪਾਏ ਸੀ ਅਤੇ ਦੂਸਰੀ ਬਰੈਕਿਟ ਵਿੱਚ ‘ਅਖੰਡਤਾ’ ਦਾ ਸ਼ਬਦ ਵੀ ਓਸੇ ਬਤਾਲੀਵੀਂ ਸੋਧ ਦੇ ਨਾਲ ਸ਼ਾਮਲ ਕੀਤਾ ਗਿਆ ਸੀ। ਅੱਜ ਦੇ ਦੌਰ ਤੱਕ ਬੜਾ ਕੁਝ ਬਦਲ ਚੁੱਕਾ ਹੈ। ਜਿਹੜੀ ਸੋਧ ਨੂੰ ਮੰਨਣ ਨਾਲ ਇਹ ਸ਼ਬਦ ਦੇਸ਼ ਦੇ ਸੰਵਿਧਾਨ ਵਿੱਚ ਪਾਏ ਗਏ ਸਨ, ਉਸ ਦਾ ਓਦੋਂ ਵੀ ਵਿਰੋਧ ਹੋਇਆ ਸੀ, ਬਾਅਦ ਵਿੱਚ ਵੀ ਹੋਇਆ, ਪਰ ਵਿਰੋਧ ਦਾ ਅਸਲ ਰੂਪ ਅੱਜ ਅਮਲ ਵਿੱਚ ਸਾਡੇ ਸਾਹਮਣੇ ਨਿੱਖਰ ਕੇ ਆਉਣ ਲੱਗਾ ਹੈ। ਮਹਾਰਾਸ਼ਟਰ ਵਿੱਚ ਭਾਜਪਾ ਦੀ ਸਰਕਾਰ ਦਾ ਬਿਸਤਰਾ ਲਪੇਟ ਕੇ ਤਿੰਨ ਪਾਰਟੀਆਂ ਦੇ ਗੱਠਜੋੜ ਦੀ ਨਵੀਂ ਸਰਕਾਰ ਬਣੀ ਹੈ, ਜਿਸ ਦੇ ਮੁੱਖ ਮੰਤਰੀ ਤੇ ਕੁਝ ਮੰਤਰੀਆਂ ਉੱਤੇ ਇਹ ਦੋਸ਼ ਲੱਗਾ ਹੈ ਕਿ ਉਨ੍ਹਾਂ ਨੇ ਸਹੁੰ ਚੁੱਕਣ ਵੇਲੇ ਸੰਵਿਧਾਨ ਵਿੱਚ ਦਰਜ ਸ਼ਬਦ ਬੋਲਦੇ ਵਕਤ ਆਪਣੀ ਇੱਛਾ ਦੇ ਮੁਤਾਬਕ ਕੁਝ ਸ਼ਬਦ ਜੋੜ ਲਏ ਅਤੇ ਇਸ ਤਰ੍ਹਾਂ ਸੰਵਿਧਾਨਕ ਉਲੰਘਣਾ ਹੋਈ ਹੈ। ਇੰਦਰਾ ਗਾਂਧੀ ਜਦੋਂ ਪਹਿਲੀ ਵਾਰੀ ਕੁਰਸੀ ਛੱਡਣ ਨੂੰ ਮਜਬੂਰ ਹੋਈ, ਮੁਰਾਰਜੀ ਦੇਸਾਈ ਸਰਕਾਰ ਬਣੀ ਤਾਂ ਪਾਰਲੀਮੈਂਟ ਮੈਂਬਰਾਂ ਨੂੰ ਸਹੁੰ ਚੁਕਾਏ ਜਾਣ ਵੇਲੇ ਕੇਂਦਰ ਦੇ ਮੰਤਰੀ ਜਾਰਜ ਫਰਨਾਂਡੇਜ਼ ਤੇ ਕਈ ਹੋਰਨਾਂ ਨੇ ਵੀ ਇਹ ਕਿਹਾ ਸੀ ਕਿ ਉਹ ਆਪਣੇ ਅਹੁਦੇ ਲਈ ਸੰਵਿਧਾਨ ਦੀ ਸਹੁੰ ‘ਬਤਾਲੀਵੀਂ ਸੋਧ ਦੇ ਬਗੈਰ’ ਚੁੱਕਦੇ ਹਨ। ਸੰਵਿਧਾਨਕ ਉਲੰਘਣਾ ਦਾ ਓਦੋਂ ਵੀ ਬਥੇਰਾ ਰੌਲਾ ਪਿਆ, ਪਰ ਗੱਲ ਗੋਲ ਕਰ ਦਿੱਤੀ ਗਈ ਸੀ। ਜਿਨ੍ਹਾਂ ਲੋਕਾਂ ਨੇ ਓਦੋਂ ਬਤਾਲੀਵੀਂ ਸੋਧ ਦਾ ਵਿਰੋਧ ਕੀਤਾ ਸੀ, ਉਨ੍ਹਾਂ ਲਈ ਇਹ ਗੱਲ ਹਜ਼ਮ ਕਰਨੀ ਔਖੀ ਸੀ ਕਿ ਭਾਰਤ ਸਮਾਜਵਾਦੀ ਲੀਹ ਉੱਤੇ ਵੀ ਚੱਲੇ ਅਤੇ ਧਰਮ ਨਿਰਪੱਖ ਵੀ ਬਣੇ। ਉਹ ਲੋਕ ਓਨਾ ਇਸ ਬਤਾਲੀਵੀਂ ਸੋਧ ਦਾ ਵਿਰੋਧ ਨਹੀਂ ਸਨ ਕਰਦੇ, ਜਿੰਨਾ ਸੋਧ ਦੇ ਵਿਰੋਧ ਲਈ ਹੋਰਨਾਂ ਲੋਕਾਂ ਨੂੰ ਅੱਗੇ ਲਾ ਕੇ ਅਸਲ ਵਿੱਚ ਸਮਾਜਵਾਦ ਤੇ ਧਰਮ ਨਿਰਪੱਖਤਾ ਦਾ ਵਿਰੋਧ ਕਰਨ ਲਈ ਲਾਮਬੰਦੀ ਕਰਦੇ ਪਏ ਸਨ। ਉਹ ਸੋਚ ਅੱਜ ਸਾਫ ਹੋ ਰਹੀ ਹੈ।

ਬਦਲੇ ਹੋਏ ਸਮੇਂ ਵਿੱਚ ਉਨ੍ਹਾਂ ਲੋਕਾਂ ਦੀ ਅਗਲੀ ਪੀੜ੍ਹੀ ਦੇ ਵਾਰਸਾਂ ਨੇ ਆਪਣੇ ਚਾਲੇ ਬਦਲ ਲਏ ਤੇ ਇੰਦਰਾ ਗਾਂਧੀ ਵੇਲੇ ਦੀ ਕਾਂਗਰਸ ਪਾਰਟੀ ਅਤੇ ਓਦੋਂ ਦੇ ਪਾਰਲੀਮੈਂਟ ਮੈਂਬਰਾਂ ਦੀ ਅਗਲੀ ਪੀੜ੍ਹੀ ਵੀ ਧਰਮ ਨਿਰਪੱਖਤਾ ਦਾ ਮੁੱਦਾ ਛੱਡ ਕੇ ਗੱਦੀਆਂ ਪਿੱਛੇ ਦੌੜਨ ਜੋਗੀ ਹੋ ਕੇ ਰਹਿ ਗਈ। ਅੱਜ ਵਾਲਾ ਭਾਰਤ ਇਸ ਨਵੇਂ ਨਮੂਨੇ ਦੀ ਪੇਸ਼ਕਾਰੀ ਦੀ ਉਹ ਝਲਕ ਦੇਈ ਜਾ ਰਿਹਾ ਹੈ, ਜਿਹੜੀ ਅਗਲੇ ਦਿਨੀਂ ਪੇਸ਼ ਹੋਣ ਵਾਲੀ ਹੈ ਅਤੇ ਜਿਸ ਨੂੰ ਬਹੁਤਾ ਵਕਤ ਵੀ ਨਹੀਂ ਲੱਗਣਾ ਜਾਪਦਾ।

ਭਾਰਤ ਨੂੰ ਕੋਈ ਭਾਰਤ-ਮਾਤਾ ਆਖਦਾ ਰਹੇ ਤਾਂ ਸਾਨੂੰ ਲੋਕਾਂ ਨੂੰ ਇਸ ਨਾਲ ਪਰੇਸ਼ਾਨੀ ਨਹੀਂ, ਪੰਜਾਬੀ ਕਵੀ ਤੇਰਾ ਸਿੰਘ ਚੰਨ ਨੇ ‘ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ’ ਲਿਖਿਆ ਸੀ ਤਾਂ ਕਿਸੇ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਸੀ ਹੋਈ। ਪਰੇਸ਼ਾਨੀ ਇਸ ਗੱਲ ਤੋਂ ਹੁੰਦੀ ਹੈ ਕਿ ‘ਭਾਰਤ ਮਾਤਾ’ ਦੇ ਸੰਕਲਪ ਵਜੋਂ ਇੱਕ ਧਰਮ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਣ ਲੱਗ ਪਈ ਹੈ। ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੁਰੂਕੁਸ਼ੇਤਰ ਵਿੱਚ ‘ਭਾਰਤ ਮਾਤਾ’ ਮੰਦਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿੱਚ ਪੂਜਾ ਕਿਸ ਦੀ ਹੋਵੇਗੀ ਤੇ ਕਿਸ ਤਰ੍ਹਾਂ ਦੀ ਹੋਵੇਗੀ ਜਾਂ ਫਿਰ ਕਰਨ ਵਾਸਤੇ ਪੁਜਾਰੀ ਕਿਹੜੇ ਵਰਗ ਤੋਂ ਆਵੇਗਾ, ਇਸ ਬਾਰੇ ਦੱਸਣ ਦੀ ਮਨੋਹਰ ਲਾਲ ਖੱਟਰ ਨੂੰ ਲੋੜ ਨਹੀਂ, ਲੋਕ ਖੁਦ ਵੀ ਸਮਝ ਸਕਦੇ ਹਨ। ਭਾਰਤ ਵਿੱਚ ਕਿੰਨੇ ਲੰਮੇ ਸਮੇਂ ਤੋਂ ‘ਜੈ ਹਿੰਦ’ ਦਾ ਨਾਅਰਾ ਲਾਇਆ ਜਾਂਦਾ ਰਿਹਾ ਹੈ ਤੇ ਆਜ਼ਾਦੀ ਦੇ ਸੰਗਰਾਮੀਆਂ ਦੀ ਆਜ਼ਾਦ ਹਿੰਦ ਫੌਜ ਦੇ ਮੁਖੀ ਸੁਭਾਸ਼ ਚੰਦਰ ਬੋਸ ਨੇ ਜਦੋਂ ਇਹ ਨਾਅਰਾ ਚੁਣਿਆ ਸੀ ਤਾਂ ਕਿਸੇ ਨੇ ਵੀ ਇਸ ਉੱਤੇ ਕਿੰਤੂ ਨਹੀਂ ਸੀ ਕੀਤਾ। ਉਸ ਫੌਜ ਨੇ ਜਦੋਂ ਇਹ ਨਾਅਰਾ ਲਾਇਆ ਸੀ ਤਾਂ ਉਸ ਦੇ ਨਾਲ ਦੇਸ਼ ਵਿੱਚ ਇਹ ਬੋਲ ਗੂੰਜਦਾ ਸੀ; ‘ਸਾਰੇ ਦੇਸ਼ ਤੋਂ ਆਈ ਆਵਾਜ਼, ਸਹਿਗਲ ਢਿੱਲੋਂ ਸ਼ਾਹਨਵਾਜ਼।’ ਇਨ੍ਹਾਂ ਵਿੱਚੋਂ ਇੱਕ ਜਣਾ ਪ੍ਰੇਮ ਸਹਿਗਲ ਸੀ, ਦੂਸਰਾ ਗੁਰਬਖਸ਼ ਸਿੰਘ ਢਿੱਲੋਂ ਤੇ ਤੀਸਰਾ ਸ਼ਾਹ ਨਵਾਜ਼ ਖਾਨ ਹੁੰਦਾ ਸੀ। ਉਨ੍ਹਾਂ ਲੋਕਾਂ ਦਾ ਦਿੱਤਾ ਇਹ ਨਾਅਰਾ ਵੀ ਬਾਅਦ ਵਿੱਚ ਫਿਰਕੂ ਸੁਰਾਂ ਦੀ ਮਾਰ ਹੇਠ ਵਿਤਕਰੇ ਦਾ ਪ੍ਰਤੀਕ ਬਣਾਇਆ ਜਾਣ ਲੱਗਾ ਸੀ।

ਵਿਤਕਰਾ ਉਸ ਵੇਲੇ ਸ਼ੁਰੂ ਹੁੰਦਾ ਹੈ, ਜਦੋਂ ਇੱਕ ਧਰਮ ਦੇ ਲੋਕਾਂ ਨੂੰ ਵਹਿਮ ਹੋ ਜਾਵੇ ਕਿ ਦੇਸ਼ ਉੱਪਰ ਰਾਜ ਕਰਨ ਦਾ ਸਾਡਾ ਹੱਕ ਹੈ, ਬਾਕੀ ਲੋਕਾਂ ਨੂੰ ਸਾਡੇ ਬਰਾਬਰ ਹੋਣ ਦਾ ਤਾਂ ਕੀ, ਏਦਾਂ ਸੋਚਣ ਦਾ ਵੀ ਹੱਕ ਨਹੀਂ। ਭਾਰਤ ਅੰਦਰ ਇਸ ਵਕਤ ਏਦਾਂ ਦੀ ਲਹਿਰ ਵਧ ਰਹੀ ਹੈ ਤੇ ਇਸ ਲਹਿਰ ਦੇ ਅੰਦਰ ‘ਭਾਰਤ ਮਾਤਾ’ ਦੇ ਪੁਰਾਣੇ ਸੰਕਲਪ ਵਾਸਤੇ ਸਤਿਕਾਰ ਰੱਖਦੇ ਹੋਏ ਵੀ ਇਸ ਦੀ ਫਿਰਕੂ ਪੁੱਠ ਚਾੜ੍ਹ ਕੇ ਰਾਜਸੀ ਲਾਭਾਂ ਲਈ ਵਰਤੋਂ ਹੋਣਾ ਚੁਭਦਾ ਹੈ। ਇਸ ਸੁਚੇਤ ਵਿਰੋਧ ਲਈ ਜਿਨ੍ਹਾਂ ਤੋਂ ਆਸ ਕੀਤੀ ਜਾ ਰਹੀ ਸੀ, ਉਹ ਨਹੀਂ ਰੜਕੇ। ਇੱਕ ਵਾਰ ‘ਪਿਆਸਾ’ ਫਿਲਮ ਆਈ ਤਾਂ ਸਾਹਿਰ ਲੁਧਿਆਣਵੀ ਦਾ ਇਹ ਗੀਤ ਬਹੁਤ ਚਰਚਿਤ ਹੋਇਆ ਸੀ ਕਿ ‘ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ’ ਅਤੇ ਅੱਜ ਇਹੋ ਗੱਲ ਉਨ੍ਹਾਂ ਲੋਕਾਂ ਬਾਰੇ ਪੁੱਛਣੀ ਪੈਂਦੀ ਹੈ, ਜਿਹੜੇ ਕੱਲ੍ਹ ਤੱਕ ਦਾਅਵਾ ਕਰਦੇ ਸਨ ਕਿ ਭਾਰਤ ਦੀ ਧਰਮ ਨਿਰਪੱਖਤਾ ਦੇ ਲਈ ਜਿਨ੍ਹਾਂ ਨੇ ਲਗਾਤਾਰ ਪਹਿਰਾ ਦਿੱਤਾ ਹੈ, ਇਸ ਦੀ ਨੀਂਹ ਬਚਾਈ ਰੱਖੀ ਹੈ, ਉਹ ਸਿਰਫ ਅਸੀਂ ਹਾਂ। ਇਹ ਗੱਲ ਕਾਂਗਰਸ ਦੇ ਆਗੂ ਵੀ ਕਹਿੰਦੇ ਸਨ, ਕਮਿਊਨਿਸਟ ਵੀ। ਆਪਣੀ ਚੜ੍ਹਤ ਦੀ ਸਿਖਰ ਉੱਤੇ ਜਾ ਕੇ ਬੇਸ਼ੱਕ ਗਲਤੀਆਂ ਕਮਿਊਨਿਸਟਾਂ ਵੀ ਕੀਤੀਆਂ ਸਨ, ਪਰ ਉਨ੍ਹਾਂ ਦੀਆਂ ਜੜ੍ਹਾਂ ਉੱਤੇ ਟੱਕ ਲਾਉਣ ਦਾ ਕੰਮ ਉਨ੍ਹਾਂ ਕਾਂਗਰਸੀਆਂ ਨੇ ਕੀਤਾ ਸੀ, ਜਿਹੜੇ ਅੱਜ ਉਂਗਲਾਂ ਟੁੱਕਦੇ ਹੋਏ ਉਸੇ ਸ਼ਿਵ ਸੈਨਾ ਦੇ ਪਿੱਛਲੱਗ ਬਣਨ ਨੂੰ ਮਜਬੂਰ ਹਨ, ਜਿਹੜੀ ਫਿਰਕੂਪੁਣੇ ਵਿੱਚ ਭਾਜਪਾ ਤੋਂ ਊਣੀ ਨਹੀਂ।

ਇਹੋ ਜਿਹੇ ਦਿਨ ਇਸ ਕਰ ਕੇ ਆਏ ਹਨ ਕਿ ਕਾਂਗਰਸ ਪਾਰਟੀ ਨੇ ਜਿਹੜੀਆਂ ਧਰਮ ਨਿਰਪੱਖ ਧਿਰਾਂ ਦੀ ਸਾਂਝ ਦੇ ਦੌਰਾਨ ਦੇਸ਼ ਦੇ ਸੰਵਿਧਾਨ ਵਿੱਚ ਧਰਮ ਨਿਰਪੱਖਤਾ ਅਤੇ ਸਮਾਜਵਾਦ ਦੇ ਸ਼ਬਦ ਜੋੜੇ ਸਨ, ਕੁਝ ਸਮੇਂ ਬਾਅਦ ਉਨ੍ਹਾਂ ਧਿਰਾਂ ਦੀ ਕਾਟ ਕਰਨ ਲਈ ਸਿਆਸੀ ਟੂਣੇ ਕਰਨ ਵਾਲੇ ਸਾਧਾਂ ਪਿੱਛੇ ਲੱਗ ਤੁਰੀ ਸੀ। ਅਗਲੇ ਦੌਰ ਵਿੱਚ ਉਹ ਹਿੰਦੂ ਧਰਮ ਲਈ ਸਮੱਰਪਣ ਦੀ ਮੁਕਾਬਲੇਬਾਜ਼ੀ ਵਿੱਚ ਪੈ ਗਈ ਤੇ ਜਿਹੜਾ ਬਾਬਰੀ ਮਸਜਿਦ ਦਾ ਢਾਂਚਾ ਓਥੇ ਮੂਰਤੀਆਂ ਰੱਖੇ ਜਾਣ ਦੇ ਦਿਨਾਂ ਤੋਂ ਬੰਦ ਪਿਆ ਸੀ, ਉਸ ਦਾ ਤਾਲਾ ਖੁਦ ਖੁਲ੍ਹਵਾਉਣ ਤੱਕ ਪਹੁੰਚ ਗਈ। ਅਗਲੇ ਦੌਰ ਵਿੱਚ ਜਦੋਂ ਉਸ ਦਾ ਮੁਕਾਬਲਾ ਨਰਿੰਦਰ ਮੋਦੀ ਵਰਗੇ ਤਿੱਖੇ ਹਿੰਦੂਤੱਵੀ ਆਗੂ ਨਾਲ ਹੋਇਆ ਤਾਂ ਕਾਂਗਰਸ ਦਾ ਕੱਚ-ਘਰੜ ਆਗੂ ਰਾਹੁਲ ਗਾਂਧੀ ਆਪਣਾ ਸਿਆਸੀ ਪਿਛੋਕੜ ਤੇ ਸਾਰੀ ਵਿਰਾਸਤ ਭੁੱਲ ਕੇ ਆਪਣੇ ਗਲ਼ ਵਿੱਚ ਜਨੇਊ ਵਿਖਾਉਂਦਾ ਤੇ ਆਪਣੇ ਅੰਦਰ ਸ਼ੁੱਧ ਬ੍ਰਾਹਮਣ ਖੂਨ ਵਗਦਾ ਸਾਬਤ ਕਰਦਾ ਫਿਰਦਾ ਸੀ। ਭਲਾ ਪੰਡਤਾਊਪੁਣੇ ਵਿੱਚ ਉਹ ਮੋਦੀ ਨਾਲ ਮੁਕਾਬਲਾ ਕਿਵੇਂ ਕਰ ਸਕਦਾ ਸੀ!

ਇਸ ਵੇਲੇ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅੱਗੇ ਹੈ ਤੇ ਦੂਜੀਆਂ ਦੋ ਧਿਰਾਂ ਉਸ ਦੇ ਓਹਲੇ ਖੜੀਆਂ ਹਨ। ਕਾਂਗਰਸ ਦੀ ਮਦਦ ਨਾਲ ਉਸ ਸ਼ਿਵ ਸੈਨਾ ਦਾ ਆਗੂ ਮੁੱਖ ਮੰਤਰੀ ਬਣ ਗਿਆ ਹੈ, ਜਿਹੜੀ ਕਹਿੰਦੀ ਰਹੀ ਹੈ ਕਿ ਭਾਜਪਾ ਆਗੂ ਤਾਂ ਐਵੇਂ ਫੋਕਾ ਸਿਹਰਾ ਭਾਲਦੇ ਹਨ, ਬਾਬਰੀ ਮਸਜਿਦ ਅਸੀਂ ਸ਼ਿਵ ਸੈਨਿਕਾਂ ਤੋਂ ਤੁੜਵਾਈ ਸੀ। ਉਹ ਕਾਂਗਰਸ ਪਾਰਟੀ ਇਸ ਵੇਲੇ ਪਿੱਛੇ ਖੜੀ ਹੈ, ਜਿਹੜੀ ਆਸਾਮ ਵਿੱਚ ਨਾਗਰਿਕਾਂ ਦੀ ਪੁਣ-ਛਾਣ ਵਾਲੇ ਐੱਨ ਆਰ ਸੀ ਫਾਰਮੂਲੇ ਦਾ ਵਿਰੋਧ ਕਰਦੀ ਤੇ ਇਸ ਵਿੱਚ ਫਿਰਕੂਪੁਣਾ ਵੇਖਦੀ ਹੈ ਤੇ ਉਹ ਸ਼ਿਵ ਸੈਨਾ ਅੱਗੇ ਖੜੀ ਹੈ, ਜਿਸ ਨੇ ਕੁਝ ਸਾਲ ਪਹਿਲਾਂ ਆਪਣੀ ਅਗਵਾਈ ਵਾਲੇ ਦੌਰ ਦੌਰਾਨ ਮੁੰਬਈ ਤੋਂ ਪੱਛਮੀ ਬੰਗਾਲ ਦੇ ਮੁਸਲਮਾਨਾਂ ਨੂੰ ਬੰਗਲਾ ਦੇਸ਼ੀ ਕਹਿ ਕੇ ਭਜਾਇਆ ਸੀ। ਜਦੋਂ ਹਿੰਦੂਤੱਵ ਦੀ ਕੋਈ ਨਵੀਂ ਲਹਿਰ ਉੱਠੇਗੀ ਤੇ ਉਛਾਲੇ ਮਾਰੇਗੀ, ਸ਼ਿਵ ਸੈਨਾ ਉਸ ਵੇਲੇ ਕਾਂਗਰਸ ਨਾਲ ਖੜੋਤੀ ਧਰਮ ਨਿਰਪੱਖਤਾ ਦੀ ਝੰਡਾ ਬਰਦਾਰ ਨਹੀਂ ਬਣਨ ਲੱਗੀ, ਆਪਣੇ ਪੁਰਾਣੇ ਭਾਈਬੰਦਾਂ ਦੀ ਹਾਂ ਵਿੱਚ ਹਾਂ ਮਿਲਾਉਂਦੀ ਹੋਈ ਫਿਰ ਉਸੇ ਧੁਨ ਉੱਤੇ ਨੱਚੇਗੀ, ਜਿਹੜੀ ਉੱਤੇ ਨੱਚਦੀ ਰਹੀ ਹੈ। ਭਾਜਪਾ ਦੀ ਬੀ-ਟੀਮ ਵਰਗੀ ਇਸ ਪਾਰਟੀ ਨਾਲ ਜਿਨ੍ਹਾਂ ਹਾਲਾਤ ਵਿੱਚ ਸਰਕਾਰ ਬਣਾਉਣੀ ਸੀ, ਬਣਾ ਲਈ, ਪਰ ਇਸ ਤੋਂ ਬਾਅਦ ਕਾਂਗਰਸ ਨੂੰ ਸੋਚਣਾ ਪਵੇਗਾ। ਉੱਤਰ ਪੂਰਬੀ ਰਾਜਾਂ ਦੇ ਜਿਹੜੇ ਹਾਲਾਤ ਇਸ ਵਕਤ ਹਨ, ਕਾਂਗਰਸ ਦੀਆਂ ਤਿਕੜਮੀ ਨੀਤੀਆਂ ਕਾਰਨ ਉਹ ਓਥੇ ਆਪਣਾ ਆਧਾਰ ਖੁੱਸ ਜਾਣ ਪਿੱਛੋਂ ਓਸੇ ਕਿਸਮ ਦੀ ਚੁਣੌਤੀ ਦਾ ਸਾਹਮਣਾ ਅਗਲੇ ਦਿਨਾਂ ਵਿੱਚ ਦੱਖਣੀ ਭਾਰਤ ਵੱਲ ਵੀ ਕਰਨ ਵਾਲੀ ਹੈ। ਆਂਧਰਾ ਪ੍ਰਦੇਸ਼ ਵਿੱਚ ਇਨ੍ਹਾਂ ਖੇਡਾਂ ਨਾਲ ਆਪਣਾ ਆਧਾਰ ਗੁਆ ਚੁੱਕੀ ਸਿਰਫ ਕਾਂਗਰਸ ਨਹੀਂ, ਕੇਰਲਾ ਵਿੱਚ ਖੱਬੇ ਪੱਖੀਆਂ ਦੇ ਲਈ ਵੀ ਬੜੀ ਵੱਡੀ ਚੁਣੌਤੀ ਪੇਸ਼ ਹੁੰਦੀ ਦਿਖਾਈ ਦੇਂਦੀ ਹੈ। ਪੱਛਮੀ ਬੰਗਾਲ ਖੱਬੇ-ਪੱਖੀਆਂ ਤੋਂ ਖੋਹਣ ਵਿੱਚ ਜਿਹੜੇ ਲੋਕਾਂ ਨੇ ਮਮਤਾ ਬੈਨਰਜੀ ਦਾ ਸਾਥ ਦਿੱਤਾ ਸੀ, ਉਨ੍ਹਾਂ ਵਿੱਚ ਨਕਸਲੀਆਂ ਦੇ ਕੁਝ ਧੜੇ ਵੀ ਸਨ ਤੇ ਕਈ ਹੋਰ ਧਿਰਾਂ ਵਾਲੇ ਵੀ, ਉਹ ਸਾਰੇ ਅਗਲੀਆਂ ਚੋਣਾਂ ਦੇ ਵਕਤ ਖੂੰਜੇ ਲੱਗਦੇ ਜਾਪਦੇ ਹਨ ਤੇ ਆਪਸੀ ਖਹਿਬੜ ਅਜੇ ਵੀ ਇਹੋ ਜਿਹੀ ਹੈ, ਜਿਵੇਂ ‘ਰੱਸੀ ਸੜ ਗਈ ਤੇ ਵੱਟ ਨਹੀਂ ਗਿਆ’ ਦੀ ਕਹਾਵਤ ਸੱਚੀ ਸਾਬਤ ਕਰਨ ਦਾ ਇਰਾਦਾ ਹੋਵੇ। ਚੁਣੌਤੀ ਉੱਤੇ ਅੰਦਰਲਾ ਵੱਟ ਭਾਰੂ ਹੋਈ ਜਾਂਦਾ ਹੈ। ਅਗਲੇ ਸਮੇਂ ਵਿੱਚ ਜੇ ਹਰਿਆਣੇ ਤੋਂ ਪਿੱਛੋਂ ਹਰ ਰਾਜ ਵਿੱਚ ‘ਭਾਰਤ ਮਾਤਾ ਮੰਦਰ’ ਬਣਾਉਣ ਦੀ ਭਾਜਪਾ ਦੀ ਰਾਜਨੀਤੀ ਅਮਲ ਵਿੱਚ ਲਾਗੂ ਹੋਣ ਲੱਗ ਪਈ ਤਾਂ ਸ਼ਿਵ ਸੈਨਾ ਇਸ ਕੰਮ ਵਿੱਚ ਪਿੱਛੇ ਨਹੀਂ ਰਹਿਣੀ, ਆਪਣੇ ਰਾਜ ਮਹਾਰਾਸ਼ਟਰ ਵਿੱਚ ਇਸ ਦੇ ਨਾਲ ਮਿਲਦੀ-ਜੁਲਦੀ ਕੋਈ ਸਰਗਰਮੀ ਜ਼ਰੂਰ ਸ਼ੁਰੂ ਕਰੇਗੀ, ਉਸ ਬਾਰੇ ਕਾਂਗਰਸ ਹਾਲੇ ਨਹੀਂ ਸੋਚਣ ਲੱਗੀ।

ਹਾਲਾਤ ਨੂੰ ਵੇਖਣਾ ਅਤੇ ਸਮਝਣਾ ਹੀ ਨਹੀਂ, ਮੰਨਣਾ ਵੀ ਚਾਹੀਦਾ ਹੈ ਕਿ ਸਮਾਜਵਾਦ ਦਾ ਨਾਅਰਾ ਬਹੁਤ ਜ਼ਿਆਦਾ ਪਿਛਾਂਹ ਛੱਡਿਆ ਜਾ ਚੁੱਕਾ ਹੈ ਤੇ ਧਰਮ ਨਿਰਪੱਖਤਾ ਇਸ ਵਕਤ ‘ਭਾਰਤ ਮਾਤਾ’ ਸਮੇਤ ਕਈ ਤਰ੍ਹਾਂ ਦੇ ਨਵੇਂ ਸੰਕਲਪਾਂ ਦੇ ਪਿਛਵਾੜੇ ਲੁਕਣ ਦੀ ਥਾਂ ਭਾਲਦੀ ਫਿਰਦੀ ਹੈ। ਕਦੀ ਪੰਜਾਬੀ ਦੇ ਇੱਕ ਕਵੀ ਨੇ ਗਾਇਆ ਸੀ: ‘ਇਕ ਕੁੜੀ, ਜੀਹਦਾ ਨਾਂਅ ਮੁਹੱਬਤ, ਗੁੰਮ ਹੈ, ਗੁੰਮ ਹੈ, ਗੁੰਮ ਹੈ’। ਸਮਾਂ ਬਹੁਤ ਅੱਗੇ ਦਾ, ਪਰ ਕੁਰਾਹੇ ਦਾ ਪੈਂਡਾ ਤੈਅ ਕਰ ਚੁੱਕਾ ਹੈ। ਅੱਜ ਇਹ ਗੱਲ ਕਹੀ ਜਾਣ ਦੇ ਦਿਨ ਨੇੜੇ ਜਾਪਦੇ ਹਨ ਕਿ ‘ਦੇਸ਼ ਦੀ ਧਰਮ ਨਿਰਪੱਖਤਾ ਗੁੰਮ ਹੈ, ਗੁੰਮ ਹੈ।’ ਕਹਿਣਾ ਬਹੁਤ ਔਖਾ ਹੈ ਤੇ ਕਿਹਾ ਹੋਇਆ ਜਰਨਾ ਵੀ ਸੌਖਾ ਨਹੀਂ, ਪਰ ਸੱਚੀ ਗੱਲ ਇਹੋ ਹੈ ਕਿ ਦੇਸ਼ ਇਸ ਵੇਲੇ ਏਸੇ ਪਾਸੇ ਵਧ ਰਿਹਾ ਹੈ।




## ਮਨਪ੍ਰੀਤ ਬਾਦਲ ਦੀ ਧਮਕੀ

# ਕੇਂਦਰ ਨੇ ਜੀ ਐਸ ਟੀ ਵਾਲੇ ਪੈਸੇ ਨਾ ਦਿੱਤੇ ਤਾਂ ਸੁਪਰੀਮ ਕੋਰਟ ਵੀ ਜਾਵਾਂਗੇ



ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਜੀ ਐੱਸ ਟੀ ਦੇ ਪੈਸੇ ਕੇਂਦਰ ਸਰਕਾਰ ਤੋਂ ਨਾ ਮਿਲਣ ਦੀ ਸੂਰਤ ਵਿੱਚ ਸੁਪਰੀਮ ਕੋਰਟ ਜਾਣ ਬਾਰੇ ਸੋਚ ਰਹੀ ਹੈ। ਕੇਂਦਰ ਦੇ ਟਰਕਾਊ ਰੁਖ ਨਾਲ ਜੀ ਐੱਸ ਟੀ ਵਜੋਂ ਹੋਏ ਨੁਕਸਾਨ ਦੀ ਪੂਰਤੀ ਦੀ ਰਕਮ ਪਿਛਲੇ ਤਿੰਨ ਮਹੀਨਿਆਂ ਤੋਂ ਨਾ ਮਿਲਣ ਕਾਰਨ ਨਾਰਾਜ਼ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਕੇਸ ਵਿੱਚ ਸੁਪਰੀਮ ਕੋਰਟ ਜਾਣ ਦੀ ਸਿੱਧੀ ਧਮਕੀ ਦੇ ਦਿੱਤੀ ਹੈ। ਅੱਜ ਏਥੇ ਇੱਕ ਗ਼ੈਰ-ਰਸਮੀ ਗੱਲਬਾਤ ਵਿੱਚ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਅਗਲੇ ਮੰਗਲਵਾਰ ਭਾਰਤ ਦੇ ਸਾਰੇ ਗ਼ੈਰ-ਭਾਜਪਾ ਰਾਜਾਂ ਦੇ ਵਿੱਤ ਮੰਤਰੀ ਇਕੱਠੇ ਹੋ ਕੇ ਕੇਂਦਰ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਮਿਲਣਗੇ ਤੇ ਸਾਡੀ ਉਨ੍ਹਾਂ ਤੋਂ ਦੋ ਟੁੱਕ ਮੰਗ ਹੈ ਕਿ ਰਾਜਾਂ ਦੀ ਬਕਾਇਆ ਜੀ ਐੱਸ ਟੀ ਦੇ ਨੁਕਸਾਨ ਦੀ ਪੂਰਤੀ ਦੀ ਰਕਮ ਦਿੱਤੀ ਜਾਵੇ ਜਾਂ ਵਿਵਾਦ ਦੇ ਹੱਲ ਲਈ ਪੱਕਾ ਪ੍ਰਬੰਧ ਬਣਾਇਆ ਜਾਵੇ, ਵਰਨਾ ਸੁਪਰੀਮ ਕੋਰਟ ਜਾਣ ਦੇ ਦਰਵਾਜ਼ੇ ਇਨ੍ਹਾਂ ਸਾਰੇ ਰਾਜਾਂ ਦੇ ਲਈ ਖੁੱਲ੍ਹੇ ਹਨ। ਚੰਡੀਗੜ੍ਹ ਵਿੱਚ ਤੀਜੇ ਮਿਲਟਰੀ ਲਿਟਰੇਚਰ ਫੈਸਟ ਦਾ ਉਦਘਾਟਨ ਕਰਨ ਆਏ ਵਿੱਤ ਮੰਤਰੀ ਨੇ ਕਿਹਾ ਕਿ ਅਸੀਂ ਕੋਈ ਭੀਖ ਨਹੀਂ ਮੰਗ ਰਹੇ, ਆਪਣੇ ਹੱਕ ਦੇ ਪੈਸੇ ਮੰਗਦੇ ਹਾਂ ਤੇ ਸੰਵਿਧਾਨ ਵਿੱਚ ਇਹ ਵਿਵਸਥਾ ਹੈ ਕਿ ਭਾਰਤ ਸਰਕਾਰ ਜੀ ਐੱਸ ਟੀ ਦੀ ਨੁਕਸਾਨ ਪੂਰਤੀ ਦੀ ਰਕਮ ਹਰ ਮਹੀਨੇ ਦੇਵੇਗੀ। ਉਨ੍ਹਾ ਨੇ ਕਿਹਾ ਕਿ ਪਹਿਲਾਂ ਇਹ ਰਕਮ ਹਰ ਮਹੀਨੇ ਦੇ ਆਖੀਰ ਵਿਚ ਮਿਲਦੀ ਸੀ, ਫਿਰ ਕੇਂਦਰ ਸਰਕਾਰ ਨੇ ਕਹਿ ਦਿੱਤਾ ਕਿ ਦੋ ਮਹੀਨਿਆਂ ਦੇ ਬਾਅਦ ਦਿਆ ਕਰਾਂਗੇ, ਕਿਉਂਕਿ ਹਰ ਮਹੀਨੇ ਹਿਸਾਬ-ਕਿਤਾਬ ਕਰਨਾ ਸੰਭਵ ਨਹੀਂ ਹੁੰਦਾ ਤੇ ਅਸੀਂ ਇਸ ਦੇ ਲਈ ਤਿਆਰ ਹੋ ਗਏ। ਇਸ ਵਾਰੀ ਤਿੰਨ ਮਹੀਨੇ ਬੀਤਣ ਮਗਰੋਂ ਵੀ ਰਕਮ ਨਹੀਂ ਮਿਲੀ ਤਾਂ ਕੋਰਟ ਜਾਣ ਦੀ ਸੋਚ ਰਹੇ ਹਾਂ।

ਜੀ ਐੱਸ ਟੀ ਮਾਮਲੇ ਵਿੱਚ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਸ ਤੋਂ ਪਹਿਲਾਂ 23 ਫ਼ੀਸਦੀ ਟੈਕਸ ਸਾਨੂੰ ਫੂਡਗ੍ਰੇਨਜ਼ ਤੋਂ ਆਉਂਦਾ ਸੀ, ਜਦੋਂ ਪੰਜਾਬ ਸਰਕਾਰ ਨੇ ਕੇਂਦਰ ਸਾਹਮਣੇ ਇਹ 'ਸਰੰਡਰ' ਕੀਤਾ ਸੀ, ਓਦੋਂ ਮੈਂ ਵਿੱਤ ਮੰਤਰੀ ਨਹੀਂ ਸਾਂ। 'ਫੂਡ ਅਕਾਊਂਟ' ਦੇ 31 ਹਜ਼ਾਰ ਰੁਪਏ ਪੰਜਾਬ ਦੇ ਸਿਰ ਕਰਜ਼ੇ ਵਜੋਂ ਚੜ੍ਹਾਉਣ ਦੀ ਫਾਈਲ ਉੱਤੇ ਦਸਖ਼ਤ ਕਿਸ ਦੇ ਹਨ? ਇਸ ਫਾਈਲ ਉੱਤੇ ਦਸਖ਼ਤ ਵੀ ਉਸ ਦਿਨ ਕੀਤੇ ਗਏ, ਜਿਸ ਦਿਨ ਪੰਜਾਬ ਵਿਧਾਨ ਸਭਾ ਲਈ ਵੋਟਾਂ ਦੀ ਗਿਣਤੀ ਹੋ ਰਹੀ ਸੀ। ਕੀ ਢੀਂਡਸਾ ਨੂੰ ਪਤਾ ਹੈ ਕਿ ਇਸ ਕਰਜ਼ੇ ਦੀ 270 ਕਰੋੜ ਰੁਪਏ ਕਿਸ਼ਤ ਹਰ ਮਹੀਨੇ ਦੇਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਢੀਂਡਸਾ ਕਹਿ ਰਹੇ ਹਨ ਕਿ ਦੋ ਸਾਲ ਬਾਅਦ ਮੁਆਵਜ਼ਾ ਰਾਸ਼ੀ ਮਿਲਣੀ ਬੰਦ ਹੋ ਗਈ ਤਾਂ ਪੰਜਾਬ ਦਾ ਕੀ ਹੋਵੇਗਾ? ਉਹ ਇਸ ਬਾਰੇ ਉਦੋਂ ਕਿਉਂ ਨਹੀਂ ਸਨ ਬੋਲੇ, ਜਦੋਂ ਆਪਣੇ ਸਾਰੇ ਟੈਕਸ ਉਹ ਕੇਂਦਰ ਸਰਕਾਰ ਅੱਗੇ 'ਸਰੰਡਰ' ਕਰ ਰਹੇ ਸਨ।

# ਫੂਲਕਾ ਨੇ ਸ਼੍ਰੋਮਣੀ ਕਮੇਟੀ ਚੋਣਾਂ ਨਾ ਹੋਣ ਦਾ ਜ਼ਿੰਮਾ ਮੁੱਖ ਮੰਤਰੀ ਉੱਤੇ ਸੁੱਟਿਆ



ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਵਿਧਾਇਕ ਤੇ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣ ਕਰਵਾਉਣ ਦੇ ਮਾਮਲੇ ਵਿੱਚ ਉਨ੍ਹਾਂ ਵਲੋਂ ਕੁਝ ਨਾ ਕੀਤੇ ਜਾਣ ਦਾ ਦੋਸ਼ ਲਾਇਆ ਹੈ।

ਬਰਗਾੜੀ ਦੇ ਬੇਅਦਬੀ ਮੁੱਦੇ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਦੇ ਮੁੱਦੇ ਉੱਤੇ ਪੰਜਾਬ ਵਿਧਾਨ ਸਭਾ ਵਿੱਚੋਂ ਅਸਤੀਫਾ ਦੇ ਚੁੱਕੇ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਠੀਕ ਸਮੇਂ ਠੀਕ ਕਦਮ ਚੁੱਕਦੇ ਤਾਂ ਐੱਸ ਜੀ ਪੀ ਸੀ ਚੋਣਾਂ ਦੀ ਪ੍ਰੀਕਿਰਿਆ ਸ਼ੁਰੂ ਕਰਨ ਲਈ ਕੇਂਦਰ ਸਰਕਾਰ ਨੇ ਮਜਬੂਰ ਹੋਈ ਹੋਣਾ ਸੀ। ਇਸ ਬਾਰੇ ਲਿਖੇ ਪੱਤਰ ਵਿੱਚ ਐੱਚ ਐੱਸ ਫੂਲਕਾ ਨੇ 14 ਦਸੰਬਰ 2018 ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਵਲੋਂ ਭੇਜੇ ਗਏ ਪੱਤਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਪੱਤਰ ਵਿੱਚ ਸਪੱਸ਼ਟ ਕੀਤਾ ਹੋਇਆ ਸੀ ਕਿ 16 ਦਸੰਬਰ 2016 ਨੂੰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਦੀ ਮਿਆਦ ਖਤਮ ਹੋ ਗਈ ਸੀ ਤੇ ਕੇਂਦਰ ਦੀ ਸਰਕਾਰ ਨੇ ਜਸਟਿਸ ਦਰਸ਼ਨ ਸਿੰਘ ਨੂੰ 1 ਅਗਸਤ 2018 ਨੂੰ ਮੁੱਖ ਕਮਿਸ਼ਨਰ ਗੁਰਦੁਆਰਾ ਚੋਣ ਨਿਯੁਕਤ ਵੀ ਕਰ ਦਿੱਤਾ ਸੀ, ਪਰ ਜਸਟਿਸ ਦਰਸ਼ਨ ਸਿੰਘ ਇਸ ਅਹੁਦੇ ਦਾ ਚਾਰਜ ਨਹੀਂ ਸਨ ਲੈ ਸਕੇ ਤੇ ਕੇਂਦਰ ਦੇ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਦੀ ਥਾਂ ਨਵੀਂ ਨਿਯੁਕਤੀ ਲਈ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਸੇਵਾਮੁਕਤ ਜੱਜਾਂ ਦਾ ਨਵਾਂ ਪੈਨਲ ਵੀ ਮੰਗ ਲਿਆ ਸੀ। ਆਮ ਆਦਮੀ ਪਾਰਟੀ ਦਾ ਆਗੂ ਰਹਿ ਚੁੱਕੇ ਐੱਚ ਐੱਸ ਫੂਲਕਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ ਮੇਰਾ ਪੇਸ਼ ਕੀਤਾ ਮਤਾ ਪਾਸ ਕਰ ਕੇ ਮੰਗ ਕੀਤੀ ਸੀ ਕਿ ਗੁਰਦੁਆਰਾ ਚੋਣਾਂ ਲਈ ਚੀਫ਼ ਕਮਿਸ਼ਨਰ ਦੀ ਨਿਯੁਕਤੀ ਛੇਤੀ ਕੀਤੀ ਜਾਵੇ ਤਾਂ ਕਿ ਛੇਤੀ ਚੋਣ ਕਰਾਈ ਜਾ ਸਕੇ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਲਿਖਿਆ ਹੈ ਕਿ ਵਿਧਾਨ ਸਭਾ ਵਿੱਚ ਬਹਿਸ ਵਿੱਚ ਤੁਸੀਂ ਕਿਹਾ ਸੀ ਕਿ ਤੁਸੀਂ ਖੁਦ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਗੁਰਦੁਆਰਾ ਚੋਣਾਂ ਦੇ ਮੁਖ ਕਮਿਸ਼ਨਰ ਦੀ ਨਿਯੁਕਤੀ ਲਈ ਉਨ੍ਹਾਂ ਨੂੰ ਕਹੋਗੇ ਅਤੇ ਇਹ ਵੀ ਕਿਹਾ ਸੀ ਕਿ ਗ੍ਰਹਿ ਮੰਤਰੀ ਨੂੰ ਦੱਸਿਆ ਜਾਵੇਗਾ ਕਿ ਇੰਨੇ ਲੰਬੇ ਸਮੇਂ ਤੱਕ ਸ਼੍ਰੋਮਣੀ ਕਮੇਟੀ ਚੋਣ ਨਾ ਕਰਵਾਏ ਜਾਣਾ ਸਿੱਖਾਂ ਨਾਲ ਕਿੰਨੀ ਵੱਡੀ ਬੇਇਨਸਾਫ਼ੀ ਹੈ।

ਫੂਲਕਾ ਨੇ ਯਾਦ ਕਰਵਾਇਆ ਕਿ ਇਹ ਮਤਾ ਪਾਸ ਹੋਏ ਨੂੰ ਕਰੀਬ ਨੌਂ ਮਹੀਨੇ ਦਾ ਸਮਾਂ ਲੰਘ ਚੁੱਕਾ ਹੈ ਅਤੇ ਇਸ ਮਾਮਲੇ ਵਿੱਚ ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਕੋਈ ਮੁਲਾਕਾਤ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਠੀਕ ਤਰੀਕੇ ਨਾਲ ਚੱਲਣਾ ਸਿਰਫ ਸਿੱਖਾਂ ਲਈ ਨਹੀਂ, ਪੂਰੇ ਪੰਜਾਬ ਲਈ ਕਾਫ਼ੀ ਮਹੱਤਵ ਪੂਰਨ ਹੈ, ਪਰ ਪੰਜਾਬ ਦੀ ਸਰਕਾਰ ਦਾ ਇਸ ਵੱਲ ਉਦਾਸੀਨ ਰਵੱਈਆ ਬਦਕਿਸਮਤੀ ਭਰਿਆ ਹੈ। ਉਨ੍ਹਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿੱਚ ਛੇਤੀ ਕਦਮ ਉਠਾਉਣ।

## ਪੁਲਸ ਇੰਸਪੈਕਟਰ ਉੱਤੇ 30 ਲੱਖ ਰੁਪਏ ਰਿਸ਼ਵਤ ਦਾ ਕੇਸ ਦਰਜ



ਪਟਿਆਲਾ, 1 ਦਸੰਬਰ (ਪੋਸਟ ਬਿਊਰੋ)- ਪਟਿਆਲਾ ਪੁਲਸ ਨੇ ਹਲਕਾ ਸਮਾਣਾ ਦੇ ਵਿਧਾਇਕ ਕਾਕਾ ਰਾਜਿੰਦਰ ਸਿੰਘ ਵੱਲੋਂ ਲਾਏ ਗੰਭੀਰ ਦੋਸ਼ਾਂ ਦੀ ਮਾਰ ਹੇਠ ਆਏ ਪਟਿਆਲਾ ਦੇ ਇੰਸਪੈਕਟਰ ਵਿਜੈ ਕੁਮਾਰ ਖਿਲਾਫ ਅੱਧੀ ਦਰਜਨ ਲੋਕਾਂ ਨੂੰ ਗੈਰ ਕਾਨੂੰਨੀ ਬੰਦੀ ਰੱਖਣ ਤੇ ਧਮਕਾ ਕੇ ਤੀਹ ਲੱਖ ਰੁਪਏ ਰਿਸ਼ਵਤ ਲੈਣ ਦਾ ਕੇਸ ਦਰਜ ਕੀਤਾ ਹੈ।

ਥਾਣਾ ਸਿਵਲ ਲਾਈਨਜ਼ ਪਟਿਆਲਾ ਵਿੱਚ ਦਰਜ ਹੋਏ ਕੇਸ ਵਿੱਚ ਭੁੱਚੋ ਦੇ ਕਾਂਗਰਸ ਵਿਧਾਇਕ ਪ੍ਰੀਤਮ ਸਿੰਘ ਦੇ ਇੱਕ ਨਜ਼ਦੀਕੀ ਜੋਨੀ ਮਿੱਤਲ ਸਮੇਤ ਕੁਝ ਹੋਰ ਪੁਲਸ ਮੁਲਾਜ਼ਮਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪ੍ਰੀਤਮ ਸਿੰਘ ਨੇ ਜੋਨੀ ਵੱਲੋਂ ਕਿਸੇ ਤੋਂ ਪੈਸੇ ਲੈਣ ਬਾਰੇ ਅਣਜਾਣਤਾ ਪ੍ਰਗਟਾਈ ਹੈ। ਇਹ ਕੇਸ ਬਠਿੰਡਾ ਦੇ ਰਾਜਵਿੰਦਰਪਾਲ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ, ਜਿਸ ਦਾ ਕਹਿਣਾ ਹੈ ਕਿ 18 ਅਕਤੂਬਰ ਨੂੰ ਉਹ ਜਦੋਂ ਪਟਿਆਲਾ ਦੇ ਪਿੰਡ ਧਾਮੋ ਮਾਜਰਾ ਵਿੱਚ ਆਪਣੇ ਰਿਸ਼ਤੇਦਾਰ ਦੇ ਘਰ ਆਪਣੇ ਕੁਝ ਦੋਸਤਾਂ ਨਾਲ ਮੌਜੂਦ ਸੀ ਤਾਂ ਇੰਸਪੈਕਟਰ ਵਿਜੈ ਕੁਮਾਰ ਅਤੇ ਕੁਝ ਹੋਰ ਪੁਲਸ ਵਾਲਿਆਂ ਨੇ ਉਸ ਘਰ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਸੋਨੇ ਦੇ ਦੋ ਕੜੇ, ਚੇਨ ਤੇ ਤਿੰਨ ਛਾਪਾਂ ਉਤਾਰ ਲਈਆਂ ਤੇ ਹੋਰ ਸਾਮਾਨ ਚੁੱਕ ਲਿਆ। ਫਿਰ ਉਹ ਉਨ੍ਹਾਂ ਨੂੰ ਸੀ ਆਈ ਏ ਸਮਾਣਾ ਵਿੱਚ ਲੈ ਗਏ ਅਤੇ ਉਥੇ 21 ਅਕਤੂਬਰ ਤੱਕ ਰੱਖਿਆ। ਉਨ੍ਹਾਂ ਉੱਤੇ ਨਸ਼ਾ ਤਸਕਰੀ ਦਾ ਕੇਸ ਪਾਉਣ ਜਾਂ ਝੂਠਾ ਪੁਲਸ ਮੁਕਾਬਲਾ ਬਣਾਉਣ ਦੀ ਧਮਕੀ ਦੇ ਕੇ 50 ਲੱਖ ਰੁਪਏ ਦੀ ਮੰਗ ਕੀਤੀ, ਪਰ 30 ਲੱਖ ਰੁਪਏ 'ਚ ਸੌਦਾ ਹੋਇਆ ਤੇ ਉਨ੍ਹਾਂ ਨੇ 11 ਲੱਖ ਰੁਪਏ ਮੰਗਵਾ ਕੇ ਇੰਸਪੈਕਟਰ ਵਿਜੈ ਕੁਮਾਰ ਨੂੰ ਦਿੱਤੇ। ਬਾਕੀ ਪੈਸੇ ਦੇਣ ਲਈ ਉਸ ਤੋਂ ਦੋ ਦਿਨ ਸਮਾਂ ਲਿਆ, ਜੋ ਇੰਸਪੈਕਟਰ ਦੇ ਕਹਿਣ 'ਤੇ ਭੁੱਚੋ ਮੰਡੀ ਦੇ ਜੋਨੀ ਮਿੱਤਲ ਨੂੰ ਦਿੱਤੇ ਗਏ। ਇਸ ਕੇਸ ਵਿੱਚ ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ।

## ਅਕਾਲ ਤਖਤ ਵੱਲੋਂ ਬਣਾਈ ਕਮੇਟੀ ਢੱਡਰੀਆਂ ਵਾਲੇ ਨਾਲ ਮੀਟਿੰਗ ਕਰੇਗੀ



ਅੰਮ੍ਰਿਤਸਰ, 1 ਦਸੰਬਰ (ਪੋਸਟ ਬਿਊਰੋ)- ਸਿੱਖ ਧਰਮ ਦੇ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂਵਾਲਾ ਦਾ ਕੇਸ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਵੱਲੋਂ ਵਿਚਾਰਨ ਪਿੱਛੋਂ ਕਮੇਟੀ ਨੇ ਉਨ੍ਹਾਂ ਨਾਲ ਇੱਕ ਵਾਰ ਮੀਟਿੰਗ ਕਰ ਕੇ ਚਰਚਾ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਢੱਡਰੀਆਂਵਾਲਾ ਨੂੰ ਮੀਟਿੰਗ ਲਈ ਕਿਹਾ ਜਾ ਸਕਦਾ ਹੈ।

ਵਰਨਣ ਯੋਗ ਹੈ ਕਿ ਸੰਤ ਢੱਡਰੀਆਂ ਵਾਲਾ ਦੇ ਖਿਲਾਫ ਪਿਛਲੇ ਦਿਨੀਂ ਅਕਾਲ ਤਖਤ ਵਿਖੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਪੁੱਜੀਆਂ ਸ਼ਿਕਾਇਤਾਂ ਵਿੱਚ ਦੋਸ਼ ਲਾਇਆ ਗਿਆ ਸੀ ਕਿ ਪ੍ਰਚਾਰ ਵੇਲੇ ਸਿੱਖ ਸਿਧਾਂਤਾਂ ਅਤੇ ਗੁਰਮਤਿ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਨਾਲ ਸਿੱਖਾਂ ਵਿੱਚ ਭਰਾ ਮਾਰੂ ਜੰਗ ਦੇ ਆਸਾਰ ਬਣ ਸਕਦੇ ਹਨ। ਇਹ ਸ਼ਿਕਾਇਤਾਂ ਕਰਨ ਵਾਲਿਆਂ ਨੇ ਉਸ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ ਅਤੇ ਸ਼ਿਕਾਇਤਾਂ ਨਾਲ ਉਸ ਦੇ ਕੀਤੇ ਪ੍ਰਚਾਰ ਦੀਆਂ ਸੀਡੀਜ਼ ਅਤੇ ਵੀਡੀਓ ਵੀ ਅਕਾਲ ਤਖਤ 'ਤੇ ਸੌਂਪੀਆਂ ਸਨ। ਇਸ ਬਾਰੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮਾਮਲੇ ਨੂੰ ਵਿਚਾਰਨ ਲਈ ਪੰਜ ਮੈਂਬਰੀ ਕਮੇਟੀ ਬਣਾਈ ਸੀ। ਕਮੇਟੀ ਨੇ ਕੱਲ੍ਹ ਇਥੇ ਇਸ ਮਾਮਲੇ ਨੂੰ ਵਿਚਾਰਿਆ ਹੈ। ਕਮੇਟੀ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਟਿਆਲਾ, ਖਾਲਸਾ ਕਾਲਜ, ਚੰਡੀਗੜ੍ਹ ਅਤੇ ਲੁਧਿਆਣਾ ਤੋਂ ਸਿੱਖ ਵਿਦਵਾਨ ਸ਼ਾਮਲ ਹਨ। ਪੰਜ ਮੈਂਬਰੀ ਕਮੇਟੀ ਦਾ ਇੱਕ ਕੁਆਰਡੀਨੇਟਰ ਵੀ ਬਣਾਇਆ ਗਿਆ ਹੈ। ਇਸ ਮੁੱਦੇ ਨੂੰ ਵਿਚਾਰ ਮਗਰੋਂ ਕਮੇਟੀ ਇੱਕ ਵਾਰ ਇਹ ਕੇਸ ਰਣਜੀਤ ਸਿੰਘ ਢੱਡਰੀਆਂਵਾਲਾ ਨਾਲ ਮਿਲ ਕੇ ਵਿਚਾਰਨਾ ਚਾਹੁੰਦੀ ਹੈ ਤਾਂ ਜੋ ਕੁਝ ਸ਼ੰਕਿਆਂ ਦੀ ਨਿਬੇੜਾ ਕੀਤਾ ਜਾ ਸਕੇ। ਇਸ ਮੁਲਾਕਾਤ ਮਗਰੋਂ ਕਮੇਟੀ ਆਪਣੀ ਰਿਪੋਰਟ ਸ੍ਰੀ ਅਕਾਲ ਤਖਤ ਨੂੰ ਸੌਂਪੇਗੀ, ਜਿਸ ਨੂੰ ਵਿਚਾਰਨ ਮਗਰੋਂ ਪੰਜ ਸਿੰਘ ਸਾਹਿਬਾਨ ਫੈਸਲਾ ਕਰਨਗੇ।

## ਡਿੱਪਰ ਮਾਰਨ ਕਾਰਨ ਨੌਜਵਾਨਾਂ ਨੇ ਬਸ ਡਰਾਈਵਰ ਦੀ ਗਰਦਨ ਤੋੜੀ, 24 ਦਿਨਾਂ ਬਾਅਦ ਮੌਤ

ਹੁਸ਼ਿਆਰਪੁਰ, 1 ਦਸੰਬਰ (ਪੋਸਟ ਬਿਊਰੋ)- ਸਕੂਲ ਬਸ ਦੇ ਬਜ਼ੁਰਗ ਡਰਾਈਵਰ ਨੂੰ ਡਿੱਪਰ ਮਾਰਨਾ ਮਹਿੰਗਾ ਪੈ ਗਿਆ ਅਤੇ ਇਸ ਦੇ ਬਦਲੇ ਉਸ ਨੂੰ ਆਪਣੀ ਜਾਨ ਦੇਣੀ ਪੈ ਗਈ। ਉਸ ਨੇ ਟਰੈਫਿਕ ਨਿਯਮਾਂ ਦਾ ਪਾਲਣ ਕਰਦੇ ਹੋਏ ਡਿੱਪਰ ਮਾਰਿਆ ਸੀ, ਪਰ ਸਾਹਮਣੇ ਖੜ੍ਹੇ ਨੌਜਵਾਨਾਂ ਨੇ ਬਜ਼ੁਰਗ ਡਰਾਈਵਰ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਉਸ ਦੀ ਗਰਦਨ ਤੋੜ ਦਿੱਤੀ। ਆਖਰ 24 ਦਿਨ ਬਾਅਦ ਉਸ ਬਜ਼ੁਰਗ ਨੇ ਦਮ ਤੋੜ ਦਿੱਤਾ। ਮ੍ਰਿਤਕ ਡਰਾਈਵਰ ਦੀ ਪਛਾਣ ਗੁਰਦਿਆਲ ਸਿੰਘ (65) ਪੁੱਤਰ ਵਤਨ ਸਿੰਘ ਵਾਸੀ ਪੰਜੌੜਾ ਵਜੋਂ ਹੋਈ ਹੈ। ਪੁਲਸ ਨੇ ਮ੍ਰਿਤਕ ਦੀ ਪਤਨੀ ਬਲਵੀਰ ਕੌਰ ਦੇ ਬਿਆਨ ਉੱਤੇ ਵਰਿੰਦਰ ਸਿੰਘ ਉਰਫ ਬੌਬੀ ਪੁੱਤਰ ਦਵਿੰਦਰ ਸਿੰਘ ਵਾਸੀ ਨਡਾਲੋ, ਬੱਬੂ ਵਾਸੀ ਸ਼ੇਖੂਪੁਰਾ ਥਾਣਾ ਰਾਵਲਪਿੰਡੀ, ਆਸ਼ੂ ਵਾਸੀ ਪਾਂਸ਼ਟਾ ਤੇ ਬਿੱਲਾ ਵਾਸੀ ਪੰਜੌੜਾ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਬਲਵੀਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਗੁਰਦਿਆਲ ਸਿੰਘ ਪ੍ਰਾਈਵੇਟ ਸਕੂਲ ਦੀ ਬਸ ਚਲਾਉਂਦਾ ਸੀ। ਪੰਜ ਨਵੰਬਰ ਨੂੰ ਉਹ ਸਕੂਲ ਡਿਊਟੀ 'ਤੇ ਗਏ ਤਾਂ ਸ਼ਾਮ ਨੂੰ ਬੱਚੇ ਛੱਡ ਕੇ ਬਸ ਲੈ ਕੇ ਘਰ ਮੁੜ ਰਹੇ ਸਨ। ਪਿੰਡ ਦੇ ਮੋੜ ਉਤੇ ਆ ਕੇ ਉਨ੍ਹਾਂ ਨੇ ਡਿੱਪਰ ਮਾਰਿਆ ਤਾਂ ਇਸ ਦੌਰਾਨ ਸਾਹਮਣੇ ਖੜ੍ਹੇ ਵਰਿੰਦਰ ਸਿੰਘ ਦੀਆਂ ਅੱਖਾਂ ਵਿੱਚ ਤੇਜ਼ ਰੋਸ਼ਨੀ ਪਈ। ਇਸ ਗੱਲ ਤੋਂ ਵਰਿੰਦਰ ਸਿੰਘ ਨੇ ਆਪਣੇ ਤਿੰਨ ਸਾਥੀਆਂ ਨਾਲ ਬਸ ਦੇ ਕੋਲ ਆ ਕੇ ਗੁਰਦਿਆਲ ਸਿੰਘ ਨਾਲ ਗਾਲੀ ਗਲੋਚ ਸ਼ੁਰੂ ਕਰ ਦਿੱਤਾ। ਗੁਰਦਿਆਲ ਸਿੰਘ ਨੇ ਕਿਹਾ ਕਿ ਉਸ ਨੇ ਡਿੱਪਰ ਟਰੈਫਿਕ ਨਿਯਮਾਂ ਦਾ ਪਾਲਣ ਕਰਨ ਲਈ ਮਾਰਿਆ ਸੀ। ਇਸ ਉੱਤੇ ਦੋਸ਼ੀ ਭੜਕ ਗਏ ਅਤੇ ਉਨ੍ਹਾਂ ਨੇ ਗੁਰਦਿਆਲ ਸਿੰਘ ਨੂੰ ਬਸ 'ਚੋਂ ਘਸੀਟ ਕੇ ਉਤਾਰਿਆ। ਇਸ ਖਿੱਚੋਤਾਣ ਵਿੱਚ ਗੁਰਦਿਆਲ ਸਿੰਘ ਧੌਣ ਪਰਨੇ ਬਸ ਤੋਂ ਹੇਠਾਂ ਆ ਡਿੱਗਿਆ ਤੇ ਉਸ ਦੀ ਗਰਦਨ ਟੁੱਟ ਗਈ। ਲੋਕਾਂ ਨੇ ਗੁਰਦਿਆਲ ਨੂੰ ਘਰ ਪਹੁੰਚਾਇਆ। ਪਰਵਾਰ ਨੇ ਉਸ ਨੂੰ ਪਹਿਲਾਂ ਸਿਵਲ ਹਸਪਤਾਲ ਦਾਖਲ ਕਰਾਇਆ। ਇਥੋਂ ਡਾਕਟਰਾਂ ਨੇ ਉਸ ਨੂੰ ਪੀ ਜੀ ਆਈ ਰੈਫਰ ਕੀਤਾ। ਪਰਵਾਰ ਵਾਲੇ ਉਸ ਨੂੰ ਪੀ ਜੀ ਆਈ ਲੈ ਗਏ, ਬਾਅਦ ਵਿੱਚ ਮੋਹਾਲੀ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ, ਪਰ ਉਸ ਦੀ ਜਾਨ ਨਹੀਂ ਬਚਾਈ ਜਾ ਸਕੀ।

# ਆਸ਼ਕ ਨਾਲ ਮਿਲ ਕੇ ਪਤੀ ਦਾ ਕਤਲ ਕਰ ਛੱਡਿਆ




ਲਹਿਰਾਗਾਗਾ, 1 ਦਸੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਪਿੰਡ ਚੂਲੜ ਕਲਾਂ ਦੇ ਨੌਜਵਾਨ ਕਾਲਾ ਸਿੰਘ ਦੀ ਨਹਿਰ 'ਚੋਂ ਲਾਸ਼ ਮਿਲਣ ਪਿੱਛੋਂ ਬੇਸ਼ੱਕ ਮ੍ਰਿਤਕ ਦੀ ਪਤਨੀ ਗੋਲੋ ਕੌਰ ਨੇ ਹੋਰ ਲੋਕਾਂ ਨਾਲ ਮਿਲ ਕੇ ਲਹਿਰਾਗਾਗਾ-ਜਾਖਲ ਮੁੱਖ ਸੜਕ 'ਤੇ ਧਰਨਾ ਦੇ ਕੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਸੀ ਅਤੇ ਪੁਲਸ ਨੇ ਮ੍ਰਿਤਕ ਕਾਲਾ ਸਿੰਘ ਦੀ ਪਤਨੀ ਦੇ ਬਿਆਨਾਂ ਉੱਤੇ ਕੇਸ ਵੀ ਦਰਜ ਕਰ ਲਿਆ ਸੀ, ਪਰ ਕਹਾਣੀ ਪੁੱਠੀ ਪੈ ਗਈ ਹੈ।

ਜ਼ਿਲਾ ਪੁਲਸ ਮੁਖੀ ਡਾਕਟਰ ਸੰਦੀਪ ਗਰਗ ਦੀਆਂ ਹਦਾਇਤਾਂ ਉਤੇ ਡੀ ਐੱਸ ਪੀ ਬੂਟਾ ਸਿੰਘ ਗਿੱਲ ਦੀ ਅਗਵਾਈ ਹੇਠ ਪੁਲਸ ਟੀਮ ਇਸ ਕੇਸ ਨੂੰ ਹੱਲ ਕਰਨ ਵਿੱਚ ਗੰਭੀਰਤਾ ਨਾਲ ਲੱਗੀ ਹੋਈ ਸੀ। ਹਰ ਪੱਖੋਂ ਜਾਂਚ ਤੋਂ ਬਾਅਦ ਮ੍ਰਿਤਕ ਦੀ ਪਤਨੀ ਗੋਲੋ ਕੌਰ ਅਤੇ ਉਸ ਦੇ ਆਸ਼ਕ ਪਵਨ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਇਸ ਕਤਲ ਕਾਂਡ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਡੀ ਐਸ ਪੀ ਬੂਟਾ ਸਿੰਘ ਗਿੱਲ ਅਨੁਸਾਰ ਜਾਂਚ ਦੌਰਾਨ ਮ੍ਰਿਤਕ ਦੇ ਭਰਾ ਅਮਰੀਕ ਸਿੰਘ ਨੇ ਦੱਸਿਆ ਕਿ ਮੇਰੇ ਭਰਾ ਕਾਲਾ ਸਿੰਘ ਦੀ ਪਤਨੀ ਗੋਲੋ ਕੌਰ ਦੇ ਪਿੰਡ ਦੇ ਨੌਜਵਾਨ ਪਵਨ ਕੁਮਾਰ ਨਾਲ ਨਾਜਾਇਜ਼ ਸੰਬੰਧ ਸਨ ਅਤੇ ਮੇਰਾ ਭਰਾ ਉਸ ਨੂੰ ਇਸ ਕੰਮ ਤੋਂ ਰੋਕਦਾ ਸੀ, ਜਿਸ ਕਰ ਕੇ ਮੇਰੀ ਭਰਜਾਈ ਕਾਲਾ ਸਿੰਘ ਨੂੰ ਆਪਣੇ ਰਾਹ ਦਾ ਰੋੜਾ ਸਮਝਦੀ ਸੀ ਅਤੇ ਗੋਲੋ ਨੇ ਕਾਲਾ ਸਿੰਘ ਦੇ ਗੁੰਮ ਹੋਣ ਬਾਰੇ ਪੁਲਸ ਕੋਲ ਝੂਠੀ ਰਿਪੋਰਟ ਲਿਖਵਾਈ ਹੈ। ਮੇਰੇ ਭਰਾ ਦੀ ਲਾਸ਼ ਭਾਖੜਾ 'ਚੋਂ ਮਿਲੀ, ਪਰ ਮੇਰੀ ਭਰਜਾਈ ਨੇ ਆਪਣੇ ਆਸ਼ਕ ਪਵਨ ਕੁਮਾਰ ਨਾਲ ਮਿਲ ਕੇ ਮੇਰੇ ਭਰਾ ਕਾਲਾ ਸਿੰਘ ਨੂੰ ਕਤਲ ਕਰ ਕੇ ਲਾਸ਼ ਖੁਰਦ ਬੁਰਦ ਕਰਨ ਦੀ ਨੀਤ ਨਾਲ ਨਹਿਰ ਵਿੱਚ ਸੁੱਟੀ ਸੀ। ਡੀ ਐੱਸ ਪੀ ਗਿੱਲ ਨੇ ਕਿਹਾ ਕਿ ਮ੍ਰਿਤਕ ਦੇ ਭਰਾ ਦੀ ਪਤਨੀ ਗੋਲੋ ਕੌਰ ਅਤੇ ਉਸ ਦੇ ਆਸ਼ਕ ਪਵਨ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਘੋਟਣਾ ਮਾਰ ਕੇ ਪਤੀ ਦਾ ਕਤਲ ਕਰਨ ਵਾਲੀ ਪਤਨੀ ਕਾਬੂ

ਨੰਗਲ, 1 ਦਸੰਬਰ (ਪੋਸਟ ਬਿਊਰੋ)- ਥਾਣਾ ਨੰਗਲ ਹੇਠਲੇ ਪਿੰਡ ਛੋਟੇਵਾਲ ਵਿਖੇ ਪਤਨੀ ਵੱਲੋਂ ਘੋਟਣਾ ਮਾਰ ਕੇ ਪਤੀ ਦਾ ਕਤਲ ਕਰ ਦਿੱਤਾ ਜਾਣ ਦੀ ਖਬਰ ਆਈ ਹੈ, ਜਿਸ ਦੀ ਜਾਂਚ ਚੱਲ ਰਹੀ ਹੈ। ਇਸ ਬਾਰੇ ਨੰਗਲ ਥਾਣਾ ਦੇ ਮੁਖੀ ਪਵਨ ਕੁਮਾਰ ਚੌਧਰੀ ਨੇ ਦੱਸਿਆ ਕਿ 29-30 ਨਵੰਬਰ ਦੀ ਦਰਮਿਆਨੀ ਰਾਤ ਨੂੰ ਰਸ਼ੀਦ ਮੁਹੰਮਦ ਪੁੱਤਰ ਫਜ਼ਲ ਪਿੰਡ ਛੋਟੇਵਾਲ ਥਾਣਾ ਨੰਗਲ ਜ਼ਿਲਾ ਰੂਪਨਗਰ ਦੇ ਕਤਲ ਦੀ ਸੂਚਨਾ ਮਿਲੀ ਸੀ। ਪੁਲਸ ਨੇ ਮੌਕੇ 'ਤੇ ਜਾ ਕੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਕਤਲ ਮ੍ਰਿਤਕ ਦੀ ਪਤਨੀ ਰੁਖ਼ਸਾਰ ਨੇ ਕੀਤਾ ਹੈ, ਜਿਸ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁੱਛਗਿੱਛ ਵਿੱਚ ਰੁਖਸਾਰ ਨੇ ਦੱਸਿਆ ਕਿ ਪਤੀ ਪਤਨੀ ਦੇ ਆਪਸੀ ਸੰਬੰਧ ਠੀਕ ਨਹੀਂ ਸਨ। ਮ੍ਰਿਤਕ ਰੋਜ਼ ਲੜਾਈ ਕਰਦਾ ਸੀ। ਕੱਲ੍ਹ ਵੀ ਉਹ ਸ਼ਰਾਬ ਪੀ ਕੇ ਆਇਆ ਤੇ ਝਗੜਾ ਕਰਨ ਲੱਗਾ। ਲੰਮਾ ਸਮਾਂ ਦੋਵਾਂ ਦਾ ਝਗੜਾ ਹੁੰਦਾ ਰਿਹਾ। ਅਖੀਰ ਘੋਟਣੇ ਨਾਲ ਰੁਖਸਾਰ ਨੇ ਪਤੀ ਦੇ ਸਿਰ ਤੇ ਦੋ ਸੱਟਾਂ ਮਾਰੀਆਂ। ਖੂਨ ਜ਼ਿਆਦਾ ਵਹਿਣ ਕਾਰਨ ਉਸ ਦੀ ਮੌਤ ਹੋ ਗਈ। ਸ਼ੌਕਤ ਅਲੀ ਵਾਸੀ ਛੋਟੇਵਾਲ ਥਾਣਾ ਨੰਗਲ ਦੇ ਬਿਆਨਾਂ 'ਤੇ ਮ੍ਰਿਤਕ ਦੀ ਪਤਨੀ ਰੁਖਸਾਰ ਖਿਲਾਫ ਥਾਣਾ ਨੰਗਲ 'ਚ ਕੇਸ ਦਰਜ ਕਰ ਲਿਆ ਹੈ।

# ਵਾਰੰਟੀ ਦੌਰਾਨ 4100 ਦੀ ਬੈਟਰੀ ਖ਼ਰਾਬ ਹੋਈ, ਕੰਪਨੀ ਨੂੰ 19 ਹਜ਼ਾਰ ਭਰਨੇ ਪੈਣਗੇ



ਜਲੰਧਰ, 1 ਦਸੰਬਰ (ਪੋਸਟ ਬਿਊਰੋ)- ਐਮਕੋ ਕੰਪਨੀ ਅਤੇ ਉਸ ਦੇ ਇੱਕ ਡੀਲਰ ਨੂੰ 4100 ਰੁਪਏ 'ਚ ਵੇਚੀ ਹੋਈ ਮੈਨੂਫੈਕਚਰਿੰਗ ਡਿਫੈਕਟ ਵਾਲੀ ਕਾਰ ਬੈਟਰੀ 19 ਹਜ਼ਾਰ ਰੁਪਏ ਵਿੱਚ ਪੈ ਗਈ ਹੈ। ਇਸ ਬੈਟਰੀ 'ਚ ਵਾਰੰਟੀ ਪੀਰੀਅਡ ਦੇ ਅੰਦਰ ਹੀ ਧਮਾਕਾ ਹੋਣ ਦੀ ਸ਼ਿਕਾਇਤ ਦੀ ਸੁਣਵਾਈ ਵਿੱਚ ਜ਼ਿਲ੍ਹਾ ਕੰਜ਼ਿਊਮਰ ਫੋਰਮ ਨੇ ਏਦਾਂ ਦਾ ਫੈਸਲਾ ਦਿੱਤਾ ਹੈ, ਜਿਸ ਵਿੱਚ ਕੰਪਨੀ, ਉਸ ਦੇ ਸਰਵਿਸ ਸੈਂਟਰ ਅਤੇ ਡੀਲਰ ਨੂੰ ਇਸ ਬੈਟਰੀ ਦੀ ਕੀਮਤ ਵਾਪਸ ਕਰਨ ਦੇ ਨਾਲ ਹਰਜਾਨੇ ਤੇ ਕੇਸ ਦੇ ਖਰਚੇ ਵਜੋਂ 15 ਹਜ਼ਾਰ ਰੁਪਏ ਦੇਣ ਦੇ ਹੁਕਮ ਦਿੱਤੇ ਗਏ ਹਨ।

ਡਾ. ਰੋਹਿਤ ਚੋਪੜਾ ਵਾਸੀ 266, ਲਕਸ਼ਮੀਪੁਰ ਨੇ ਕੰਜ਼ਿਊਮਰ ਫੋਰਮ ਨੂੰ ਇਹ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਨੇ ਸ਼ਾਸਤਰੀ ਮਾਰਕੀਟ ਦੇ ਮਲਹੋਤਰਾ ਬ੍ਰਦਰਜ਼ ਤੋ 15 ਜੂਨ 2016 ਨੂੰ 4100 ਰੁਪਏ ਵਿੱਚ ਕਾਰ ਦੀ ਬੈਟਰੀ ਖ਼ਰੀਦੀ ਸੀ, ਜਿਸ ਦੀ ਚਾਰ ਸਾਲ ਦੀ ਵਾਰੰਟੀ ਸੀ। ਇੱਕ ਜੂਨ 2018 ਨੂੰ ਜਦੋਂ ਉਹ ਆਪਣੀ ਨਿੱਜੀ ਕੰਮ ਕਿਤੇ ਜਾ ਰਹੇ ਸਨ ਤਾਂ ਇੱਕ ਧਮਾਕਾ ਹੋਇਆ ਅਤੇ ਲੋਕ ਉਨ੍ਹਾਂ ਦੀ ਕਾਰ ਦੇ ਆਸਪਾਸ ਇਕੱਠੇ ਹੋ ਗਏ। ਉਨ੍ਹਾਂ ਬਾਹਰ ਨਿਕਲ ਕੇ ਦੇਖਿਆ ਤਾਂ ਬੈਟਰੀ ਦਾ ਐਸਿਡ ਜ਼ਮੀਨ ਉੱਤੇ ਡੁੱਲ੍ਹਿਆ ਹੋਇਆ ਸੀ। ਉਨ੍ਹਾਂ ਬੋਨੇਟ ਖੋਲ੍ਹਿਆ ਤਾਂ ਦੇਖਿਆ ਕਿ ਉਨ੍ਹਾਂ ਦੀ ਕਾਰ ਦੀ ਬੈਟਰੀ ਫਟੀ ਹੋਈ ਸੀ ਤੇ ਏਸਿਡ ਪੂਰੇ ਇੰਜਣ 'ਤੇ ਫੈਲ ਗਿਆ ਸੀ। ਉਹ ਦਿਨ ਪ੍ਰਤਾਪ ਬਾਗ 'ਚ ਪਾਲ ਹਸਪਤਾਲ ਨੇੜੇ ਐਮਕੋ ਜਲੰਧਰ ਵਿਖੇ ਕੋਲ ਗਏ, ਜੋ ਇਸ ਬੈਟਰੀ ਦਾ ਸਰਵਿਸ ਸੈਂਟਰ ਸੀ, ਅਤੇ ਬੈਟਰੀ ਬਦਲਣ ਦੀ ਮੰਗ ਕੀਤੀ ਤਾਂ ਐਮਕੋ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਨੇ ਬੈਟਰੀ ਦੀ ਦੋ ਸਾਲ ਤੱਕ ਵਰਤੋਂ ਕਰ ਲਈ ਹੈ ਤੇ ਕੁਝ ਹਫ਼ਤਿਆਂ ਵਿੱਚ ਵਾਰੰਟੀ ਖਤਮ ਹੋਣ ਵਾਲੀ ਹੈ। ਉਨ੍ਹਾਂ ਕਈ ਵਾਰ ਗੱਲ ਕੀਤੀ, ਪਰ ਉਹ ਨਹੀਂ ਮੰਨੇ, ਸਿਰਫ ਇਹ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਗੱਲ ਕਰਨਗੇ। ਫਿਰ ਡਾ: ਰੋਹਿਤ ਨੂੰ ਨਵੀਂ ਬੈਟਰੀ ਖਰੀਦਣੀ ਪਈ।

ਉਨ੍ਹਾਂ ਦੀ ਸ਼ਿਕਾਇਤ ਉੱਤੇ ਫੋਰਮ ਨੇ ਨੋਟਿਸ ਭੇਜਿਆ ਤਾਂ ਮਲਹੋਤਰਾ ਬ੍ਰਦਰਜ਼ ਨੇ ਜਵਾਬ ਦਿੱਤ ਕਿ ਉਨ੍ਹਾਂ ਕੰਪਨੀ ਦੀ ਨੀਤੀ ਮੁਤਾਬਕ ਬੈਟਰੀ ਵੇਚੀ ਸੀ ਅਤੇ ਮੈਨੂਫੈਕਚਰਿੰਗ ਡਿਫੈਕਟ ਜਾਂ ਵਾਰੰਟੀ ਦੇ ਦੌਰਾਨ ਇਸ ਦੀ ਰਿਪਲੇਸਮੈਂਟ ਦਾ ਕੰਮ ਮੈਨੂਫੈਕਚਰਰ ਖੁਦ ਦੇਖਦੇ ਹਨ। ਦੂਜੇ ਪਾਸੇ ਐਮਕੋ ਦੇ ਸਰਵਿਸ ਸੈਂਟਰ ਅਤੇ ਕੰਪਨੀ ਨੇ ਵੱਖਰਾ ਜਵਾਬ ਦਿੰਦੇ ਹੋਏ ਕਿਹਾ ਕਿ ਬੈਟਰੀ ਦੀ ਵਾਰੰਟੀ ਸਿਰਫ ਦੋ ਸਾਲ ਸੀ, ਜੋ ਵਾਰੰਟੀ ਕਾਰਡ 'ਚ ਸਾਫ ਲਿਖੀ ਹੈ। ਮੈਨੂਫੈਕਚਰਿੰਗ ਡਿਫੈਕਟ ਨੂੰ ਨਕਾਰਦੇ ਹੋਏ ਉਨ੍ਹਾਂ ਕਿਹਾ ਕਿ ਸ਼ਿਕਾਇਤ ਕਰਤਾ ਦੀ ਗਲਤ ਵਰਤੋਂ ਜਾਂ ਰੱਖ-ਰਖਾਅ ਕਾਰਨ ਬੈਟਰੀ 'ਚ ਧਮਾਕਾ ਹੋਇਆ ਹੈ, ਇਹ ਨੁਕਸਾਨ ਵਾਰੰਟੀ 'ਚ ਨਹੀਂ ਹੁੰਦਾ। ਫੋਰਮ ਨੇ ਸੁਣਵਾਈ ਤੋਂ ਬਾਅਦ ਟਿੱਪਣੀ ਕੀਤੀ ਕਿ ਜੇ ਸ਼ਿਕਾਇਤ ਕਰਤਾ ਨੇ ਬੈਟਰੀ 'ਚ ਮੈਨੂਫੈਕਚਰਿੰਗ ਡਿਫੈਕਟ ਕਿਹਾ ਸੀ ਤਾਂ ਕੰਪਨੀ ਨੂੰ ਬੈਟਰੀ ਨੂੰ ਆਪਣੇ ਇੰਜੀਨੀਅਰ ਜਾਂ ਮੈਕੇਨਿਕ ਕੋਲੋਂ ਚੈਕ ਕਰਵਾਉਣਾ ਚਾਹੀਦਾ ਸੀ। ਜੇ ਉਨ੍ਹਾਂ ਦਾ ਦਾਅਵਾ ਹੈ ਕਿ ਬੈਟਰੀ ਦੀ ਗਲਤ ਵਰਤੋਂ ਹੋਈ ਤਾਂ ਇਸ ਨੂੰ ਵੀ ਇੰਜੀਨੀਅਰ ਤੋਂ ਚੈਕ ਕਰਵਾ ਕੇ ਰਿਪੋਰਟ ਦੇਣੀ ਚਾਹੀਦੀ ਸੀ, ਪਰ ਉਨ੍ਹਾਂ ਨੇ ਏਦਾਂ ਨਹੀਂ ਕੀਤਾ।

## ਪ੍ਰਿੰਸੀਪਲ ਤੇ ਟੀਚਰ ਦੇ ਦੁਰ-ਵਿਹਾਰ ਤੋਂ ਦੁਖੀ ਵਿਦਿਆਰਥੀ ਵੱਲੋਂ ਖੁਦਕੁਸ਼ੀ



ਲੁਧਿਆਣਾ, 1 ਦਸੰਬਰ (ਪੋਸਟ ਬਿਊਰੋ)- ਥਾਣਾ ਡਾਬਾ ਦੇ ਘੇਰੇ ਵਿਚਲੇ ਗੁਰਮੇਲ ਨਗਰ 'ਚ ਪ੍ਰਿੰਸੀਪਲ ਤੇ ਅਧਿਆਪਕਾ ਵੱਲੋਂ ਜ਼ਲੀਲ ਕਰਨ ਅਤੇ ਕੁੱਟਮਾਰ ਤੋਂ ਦੁਖੀ ਹੋਏ ਵਿਦਿਆਰਥੀ ਵੱਲੋਂ ਖੁਦਕੁਸ਼ੀ ਕਰਨ ਦੀ ਖਬਰ ਮਿਲੀ ਹੈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਧਨੰਜੇ ਤਿਵਾੜੀ ਪੁੱਤਰ ਬ੍ਰਿਜ ਰਾਜ ਵਜੋਂ ਹੋਈ ਹੈ ਜਿਸ ਦੀ ਉਮਰ 18 ਸਾਲ ਦੇ ਕਰੀਬ ਸੀ। ਜਾਂਚ ਅਧਿਕਾਰੀ ਐਸ ਐਚ ਓ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਸ ਬਾਰੇ ਮ੍ਰਿਤਕ ਦੇ ਪਿਤਾ ਬ੍ਰਿਜ ਰਾਜ ਦੇ ਬਿਆਨਾਂ ਉੱਤੇ ਐਸ ਡੀ ਗਰਾਮਰ ਸਕੂਲ ਦੇ ਪ੍ਰਿੰਸੀਪਲ ਪ੍ਰਭੂ ਦੱਤ ਅਤੇ ਅਧਿਆਪਕਾ ਸਰੋਜ ਸ਼ਰਮਾ ਦੇ ਖਿਲਾਫ ਸੰਗੀਨ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਪੁਲਸ ਨੂੰ ਲਿਖਾਈ ਮੁੱਢਲੀ ਰਿਪੋਰਟ ਵਿੱਚ ਮ੍ਰਿਤਕ ਨੌਜਵਾਨ ਦੇ ਪਿਤਾ ਬ੍ਰਿਜ ਰਾਜ ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਬਿਹਾਰ ਦੇ ਗੋਂਡਾ ਜ਼ਿਲ੍ਹੇ ਦੇ ਵਸਨੀਕ ਹੈ ਤੇ ਪਿਛਲੇ ਕੁਝ ਸਮੇਂ ਤੋਂ ਆਪਣੇ ਪਰਵਾਰ ਨਾਲ ਗੁਰਮੇਲ ਨਗਰ ਵਿੱਚ ਰਹਿ ਰਿਹਾ ਹੈ। ਮ੍ਰਿਤਕ ਨੌਜਵਾਨ ਉਸ ਦਾ ਵੱਡਾ ਲੜਕਾ ਸੀ, ਜੋ ਢੰਡਾਰੀ ਕਲਾਂ ਦੇ ਉਕਤ ਸਕੂਲ 'ਚ ਗਿਆਰ੍ਹਵੀਂ ਵਿੱਚ ਪੜ੍ਹਦਾ ਸੀ। ਕੱਲ੍ਹ ਸਕੂਲ ਦੇ ਪ੍ਰਿੰਸੀਪਲ ਪ੍ਰਭੂ ਦੱਤ ਤੇ ਮੈਡਮ ਸਰੋਜ ਸ਼ਰਮਾ ਨੇ ਉਸ ਦੀ ਪੈਂਟ ਦਾ ਰੰਗ ਸਕੂਲ ਦੀ ਵਰਤੀ ਨਾਲ ਮੇਲ ਨਾ ਕਰਨ ਕਰਕੇ ਧਨੰਜੇ ਨੂੰ ਬਾਕੀ ਵਿਦਿਆਰਥੀਆਂ ਦੇ ਸਾਹਮਣੇ ਜ਼ਲੀਲ ਕੀਤਾ ਤੇ ਉਸ ਦੀ ਕੁੱਟਮਾਰ ਕੀਤੀ ਸੀ, ਜਿਸ ਕਾਰਨ ਲੜਕਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਅਤੇ ਉਸ ਨੇ ਘਰ ਆ ਕੇ ਫਾਹਾ ਲੈ ਲਿਆ। ਜਾਂਚ ਅਧਿਕਾਰੀ ਐਸ ਐਚ ਓ ਪਵਿੱਤਰ ਸਿੰਘ ਨੇ ਦੱਸਿਆ ਕਿ ਨਾਮਜ਼ਦ ਕੀਤੇ ਦੋਵੇਂ ਦੋਸ਼ੀ ਅਜੇ ਫਰਾਰ ਦੱਸੇ ਜਾਂਦੇ ਹਨ। ਪੁਲਸ ਉਨ੍ਹਾਂ ਦੀ ਭਾਲ ਕਰ ਰਹੀ ਹੈ।

# ਲੜਕੀਆਂ ਨੂੰ ਕੰਮ ਦੇ ਬਹਾਨੇ ਅਰਬ ਦੇਸ਼ਾਂ 'ਚ ਵੇਚਣ ਦੇ ਦੋਸ਼

ਨਿਹਾਲ ਸਿੰਘ ਵਾਲਾ, 1 ਦਸੰਬਰ (ਪੋਸਟ ਬਿਊਰੋ)- ਲੋੜਵੰਦ ਪਰਵਾਰਾਂ ਦੀਆਂ ਧੀਆਂ ਨੂੰ ਅਰਬ ਦੇਸ਼ਾਂ ਵਿੱਚ ਕੰਮ 'ਤੇ ਲਵਾਉਣ ਦਾ ਝਾਂਸਾ ਦੇ ਕੇ ਉਥੇ ਜਾ ਕੇ ਵੇਚਣ ਦੇ ਧੰਦੇ ਦਾ ਖੁਲਾਸਾ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਆਗੂ ਕਰਮਜੀਤ ਕੋਟਕਪੂਰਾ ਨੇ ਦੋਸ਼ੀ ਟਰੈਵਲ ਏਜੰਟਾਂ ਖ਼ਿਲਾਫ ਮਨੁੱਖੀ ਤਸਕਰੀ ਅਤੇ ਧੋਖਾਧੜੀ ਦਾ ਕੇਸ ਦਰਜ ਕਰਕੇ ਪੀੜਤ ਲੜਕੀਆਂ ਨੂੰ ਵਿਦੇਸ਼ 'ਚੋਂ ਸੁਰੱਖਿਅਤ ਵਾਪਸ ਮੰਗਵਾਉਣ ਦੀ ਮੰਗ ਕੀਤੀ ਹੈ।

ਇਸ ਤਰ੍ਹਾਂ ਦੀ ਇੱਕ ਮਹਿਲਾ ਮਨਜੀਤ ਕੌਰ ਨੇ ਦੱਸਿਆ ਕਿ ਅਰਬ ਦੇਸ਼ਾਂ ਵਿੱਚ ਕੁੜੀਆਂ ਅਤੇ ਮਹਿਲਾਵਾਂ ਨੂੰ ਵੀਹ ਹਜ਼ਾਰ ਰੁਪਏ ਮਹੀਨਾ ਤਨਖਾਹ ਉੱਤੇ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਵੇਚਣ ਦਾ ਧੰਦਾ ਚੱਲਦਾ ਹੈ। ਉਸ ਨੇ ਦੱਸਿਆ ਕਿ ਉਸ ਨੂੰ ਇੱਕ ਟਰੈਵਲ ਏਜੰਟ ਨੇ ਮਸਕਟ ਵਿੱਚ 3500 ਡਾਲਰ ਵਿੱਚ ਵੇਚ ਦਿੱਤਾ ਸੀ, ਜਿੱਥੇ ਖਰੀਦਣ ਵਾਲੇ ਲੋਕ ਉਸ ਤੋਂ ਬੇਹਿਸਾਬਾ ਕੰਮ ਕਰਵਾਉਂਦੇ ਸਨ, ਪੇਟ ਭਰ ਖਾਣ ਲਈ ਨਹੀਂ ਦਿੰਦੇ ਸਨ ਅਤੇ ਉਸ ਦੀ ਕੁੱਟਮਾਰ ਕਰਦੇ ਸਨ, ਜਿਸ ਕਾਰਨ ਉਹ ਬਿਮਾਰ ਹੋ ਗਈ ਅਤੇ ਮੁਸ਼ਕਲ ਨਾਲ ਆਪਣੇ ਘਰ ਪਰਤੀ ਹੈ। ਉਸ ਨੇ ਦੱਸਿਆ ਕਿ ਅਰਬ ਦੇਸ਼ਾਂ ਵਿੱਚ ਉਸ ਦੇ ਵਾਂਗ ਕਈ ਲੜਕੀਆਂ ਹਨ, ਜੋ ਗੁਲਾਮੀ ਦਾ ਨਰਕ ਭੋਗਦੀਆਂ ਹਨ, ਪਰ ਵਿਦੇਸ਼ ਵਿਭਾਗ ਅਤੇ ਪੰਜਾਬ ਸਰਕਾਰ ਕੋਈ ਮਦਦ ਨਹੀਂ ਕਰ ਰਹੇ। ਪੀੜਤ ਮਨਜੀਤ ਕੌਰ ਅਤੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਪੁਲਸ ਨੂੰ ਸ਼ਿਕਾਇਤ ਪੱਤਰ ਦੇ ਕੇ ਟਰੈਵਲ ਏਜੰਟ ਦੇ ਖਿਲਾਫ ਧੋਖਾਧੜੀ ਅਤੇ ਮਨੁੱਖੀ ਤਸਕਰੀ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।



## ਸਿਆਚਿਨ ਵਿੱਚ ਬਰਫ ਦੇ ਤੋਦੇ ਡਿੱਗਣ ਕਾਰਨ ਦੋ ਜਵਾਨਾਂ ਦੀ ਮੌਤ



ਜੰਮੂ, 1 ਦਸੰਬਰ (ਪੋਸਟ ਬਿਊਰੋ)- ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ 'ਚ ਪੈਂਦੇ ਸਿਆਚਿਨ ਗਲੇਸ਼ੀਅਰ ਦੇ ਦੱਖਣ ਵੱਲ ਦੇ ਪਾਸੇ ਬਰਫ ਦੇ ਤੋਦੇ ਡਿੱਗਣ ਕਾਰਨ ਫੌਜ ਦੇ ਦੋ ਜਵਾਨਾਂ ਦੀ ਮੌਤ ਹੋ ਗਈ।

ਸ੍ਰੀਨਗਰ ਵਿੱਚ ਰੱਖਿਆ ਬੁਲਾਰੇ ਕਰਨਲ ਰਾਜੇਸ਼ ਕਾਲੀਆ ਨੇ ਦੱਸਿਆ ਕਿ ਕੱਲ੍ਹ ਸਵੇਰੇ ਫੌਜ ਦੇ ਜਵਾਨ ਸਿਆਚਿਨ ਵਿੱਚ 18000 ਫੁੱਟ ਦੀ ਉਚਾਈ 'ਤੇ ਗਸ਼ਤ ਕਰ ਰਹੇ ਸਨ ਤਾਂ ਉਹ ਬਰਫ ਦੇ ਤੋਦਿਆਂ ਦੀ ਲਪੇਟ 'ਚ ਆ ਗਏ। ਉਨ੍ਹਾਂ ਦੱਸਿਆ ਕਿ ਐਵਾਲਾਂਚ ਰੈਸਕਿਊ ਟੀਮ (ਏ ਆਰ ਟੀ) ਮੌਕੇ 'ਤੇ ਪੁੱਜੀ ਅਤੇ ਗਸ਼ਤ ਕਰਦੇ ਜਵਾਨਾਂ ਦੀ ਟੀਮ ਦੇ ਮੈਂਬਰਾਂ ਨੂੰ ਲੱਭਿਆ ਤੇ ਉਨ੍ਹਾਂ ਨੂੰ ਬਾਹਰ ਕੱਢਿਆ। ਉਨ੍ਹਾਂ ਦੱਸਿਆ ਕਿ ਜ਼ਖਮੀ ਜਵਾਨਾਂ ਨੂੰ ਇਥੋਂ ਲਿਜਾਣ ਲਈ ਫੌਜ ਦੇ ਹੈਲੀਕਾਪਟਰ ਵੀ ਲਾਏ ਗਏ। ਮੈਡੀਕਲ ਟੀਮਾਂ ਦੀਆਂ ਸਰਵੋਤਮ ਕੋਸ਼ਿਸ਼ਾਂ ਦੇ ਬਾਵਜੂਦ ਦੋ ਜਵਾਨਾਂ ਨੂੰ ਬਚਾਇਆ ਨਾ ਜਾ ਸਕਿਆ।

ਬੀਤੇ ਦੋ ਹਫਤਿਆਂ ਦੇ ਦੌਰਾਨ ਸਿਆਚਿਨ 'ਚ ਬਰਫ ਦੇ ਤੋਦੇ ਡਿੱਗਣ ਨਾਲ ਮਾਰੇ ਗਏ ਜਵਾਨਾਂ ਦੀ ਇਹ ਦੂਸਰੀ ਘਟਨਾ ਹੈ। ਇਸ ਤੋਂ ਪਹਿਲਾਂ ਬੀਤੀ 18 ਦਸੰਬਰ ਨੂੰ ਸਿਆਚਿਨ ਗਲੇਸ਼ੀਅਰ ਦੇ ਉੱਤਰੀ ਪਾਸੇ ਬਰਫ ਦੇ ਤੋਦੇ ਡਿੱਗਣ ਕਾਰਨ ਚਾਰ ਜਵਾਨ ਅਤੇ ਦੋ ਕੁਲੀ ਮਾਰੇ ਗਏ ਸਨ। 20,000 ਫੁੱਟ ਦੀ ਉੱਚਾਈ ਵਾਲੇ ਦੁਨੀਆ ਦੇ ਸਭ ਤੋਂ ਉਚੇ ਜੰਗੀ ਮੈਦਾਨ ਸਿਆਚਿਨ 'ਚ ਜਵਾਨਾਂ ਨੂੰ ਠੰਢ ਅਤੇ ਤੇਜ਼ ਹਵਾਵਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਸਰਦੀਆਂ ਵਿੱਚ ਗਲੇਸ਼ੀਅਰ 'ਚ ਬਰਫ ਦੇ ਤੋਦੇ ਡਿੱਗਣ ਅਤੇ ਬਰਫੀਲਾ ਤੂਫਾਨ ਆਉਣਾ ਆਮ ਵਾਂਗ ਹੈ ਅਤੇ ਇਸ ਦੌਰਾਨ ਇਥੇ ਪਾਰਾ ਮਨਫੀ ਤੋਂ ਵੀ 60 ਡਿਗਰੀ ਹੇਠਾਂ ਆ ਜਾਂਦਾ ਹੈ, ਜਿਸ ਲਈ ਉਚੇਚੇ ਪ੍ਰਬੰਧ ਕਰਨੇ ਪੈਂਦੇ ਹਨ।

## ਹੈਦਰਾਬਾਦ ਵਿੱਚ ਮਹਿਲਾ ਵੈਟਰਨਰੀ ਡਾਕਟਰ ਦੇ ਕਤਲ ਦੇ ਦੋਸ਼ 'ਚ ਚਾਰ ਗ੍ਰਿਫਤਾਰ

ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਹੈਦਰਾਬਾਦ ਪੁਲਸ ਨੇ ਸਰਕਾਰੀ ਵੈਟਰਨਰੀ ਮਹਿਲਾ ਡਾਕਟਰ ਦੀ ਹੱਤਿਆ ਦੇ ਸਬੰਧ 'ਚ ਚਾਰ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮਹਿਲਾ ਦੀ ਸੜੀ ਹੋਈ ਲਾਸ਼ ਬੀਤੇ ਦਿਨ ਸ਼ਾਦਨਗਰ ਕਸਬੇ 'ਚੋਂ ਬਰਾਮਦ ਹੋਈ ਸੀ ਅਤੇ ਪੁਲਸ ਨੂੰ ਸ਼ੱਕ ਹੈ ਕਿ ਪੀੜਤ ਡਾਕਟਰ ਨਾਲ ਪਹਿਲਾਂ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਫਿਰ ਉਸ ਨੂੰ ਅੱਗ ਲਾ ਦਿੱਤੀ ਗਈ ਸੀ। ਉਸ ਦੀ ਲਾਸ਼ 70 ਫੀਸਦੀ ਸੜ ਚੁੱਕੀ ਸੀ।



ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ 'ਚ ਇੱਕ ਲਾਰੀ ਡਰਾਈਵਰ, ਕਲੀਨਰ ਤੇ ਦੋ ਹੋਰ ਸ਼ਾਮਲ ਹਨ। ਇਸ ਕੇਸ ਵਿੱਚ ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੇਸ ਨਾਲ ਸਬੰਧਿਤ ਸਾਰੇ ਸਬੂਤ ਇਕੱਠੇ ਕਰ ਲਏ ਹਨ ਅਤੇ ਪੜਤਾਲ ਕੀਤੀ ਜਾ ਰਹੀ ਹੈ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮਹਿਲਾ ਡਾਕਟਰ ਨੂੰ ਚਮੜੀ ਨਾਲ ਸਬੰਧਿਤ ਬਿਮਾਰੀ ਸੀ। ਉਹ ਕਿਸੇ ਨਿੱਜੀ ਹਸਪਤਾਲ 'ਚ ਦਿਖਾਉਣ ਲਈ ਸ਼ਾਮ 5.30 ਵਜੇ ਆਪਣੇ ਘਰੋਂ ਨਿਕਲੀ ਸੀ। ਸਾਈਬਰਾਬਦ ਡਿਪਟੀ ਪੁਲਸ ਕਮਿਸ਼ਨਰ ਪ੍ਰਕਾਸ਼ ਰੈਡੀ ਨੇ ਕਿਹਾ ਕਿ ਮਹਿਲਾ ਆਪਣਾ ਵਾਹਨ ਟੋਲ ਪਲਾਜ਼ਾ ਕੋਲ ਖੜ੍ਹਾ ਕਰ ਕੇ ਗਈ ਸੀ। ਜਦ ਉਹ ਆਪਣਾ ਵਾਹਨ ਲੈਣ ਲਈ ਵਾਪਸ ਟੋਲ ਪਲਾਜ਼ਾ ਕੋਲ ਪਹੁੰਚੀ ਤਾਂ ਦੋ ਜਣੇ ਉਸ ਕੋਲ ਆਏ ਅਤੇ ਕਿਹਾ ਕਿ ਉਸ ਦੇ ਵਾਹਨ ਦਾ ਟਾਇਰ ਪੰਕਚਰ ਹੈ ਅਤੇ ਉਹ ਉਸ ਦੀ ਮਦਦ ਕਰ ਸਕਦੇ ਹਨ। ਪੁਲਸ ਅਨੁਸਾਰ ਉਹ ਲੋਕ ਵਾਹਨ ਨੂੰ ਲੈ ਕੇ ਗਏ ਤੇ ਥੋੜ੍ਹੀ ਦੇਰ 'ਚ ਵਾਪਸ ਆ ਕੇ ਉਨ੍ਹਾਂ ਕਿਹਾ ਕਿ ਪੰਕਚਰ ਠੀਕ ਕਰਨ ਵਾਲੀ ਦੁਕਾਨ ਬੰਦ ਹੈ। ਉਨ੍ਹਾਂ ਮਹਿਲਾ ਡਾਕਟਰ ਨੂੰ ਕਿਹਾ ਕਿ ਉਹ ਉਸ ਦੇ ਵਾਹਨ ਨੂੰ ਦੂਸਰੀ ਦੁਕਾਨ ਤੱਕ ਪੁਚਾਉਣ 'ਚ ਮਦਦ ਕਰਨਗੇ। ਇਹ ਥੋੜ੍ਹੀ ਦੂਰ ਗਏ ਅਤੇ ਮਹਿਲਾ ਨੂੰ ਸੁੰਨਸਾਨ ਜਗ੍ਹਾ ਲਿਜਾ ਕੇ ਇਹ ਸਾਰੀ ਵਾਰਦਾਤ ਕਰ ਦਿੱਤੀ ਸੀ।

ਹੈਦਰਾਬਾਦ ਵਿੱਚ ਸਰਕਾਰੀ ਵੈਟਰਨਰੀ ਮਹਿਲਾ ਡਾਕਟਰ ਦੀ ਬਲਾਤਕਾਰ ਪਿੱਛੋਂ ਹੱਤਿਆ ਅਤੇ ਅੱਗ ਲਾਉਣ ਦੇ ਕੇਸ ਵਿੱਚ ਰਾਸ਼ਟਰੀ ਮਹਿਲਾ ਕਮਿਸ਼ਨ ਨੇ ਜਾਂਚ ਕਮੇਟੀ ਬਣਾਈ ਹੈ। ਐਨ ਸੀ ਡਬਲਿਊ (ਰਾਸ਼ਟਰੀ ਮਹਿਲਾ ਕਮਿਸ਼ਨ) ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਟਵੀਟ ਵਿੱਚ ਲਿਖਿਆ ਕਿ ਔਰਤਾਂ ਦਾ ਪੈਨਲ ਓਦੋਂ ਤੱਕ ਨਹੀਂ ਚੁੱਪ ਨਹੀਂ ਬੈਠੇਗਾ, ਜਦੋਂ ਤੱਕ ਦੋਸ਼ੀਆਂ ਨੂੰ ਢੁਕਵੀਂ ਸਜ਼ਾ ਨਹੀਂ ਮਿਲ ਜਾਂਦੀ। ਇਸ ਦੌਰਾਨ ਹੈਦਰਾਬਾਦ ਦੀ ਇਸ ਘਟਨ ਦਾ ਨੋਟਿਸ ਲੈਂਦਿਆਂ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਹ ਸਾਰੇ ਸੂਬਿਆਂ ਨੂੰ ਔਰਤਾਂ ਦੀ ਅਪਰਾਧਾਂ ਤੋਂ ਸੁਰੱਖਿਆ ਲਈ ਐਡਵਾਈਜ਼ਰੀ ਜਾਰੀ ਕਰੇਗੀ। ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕ੍ਰਿਸ਼ਨ ਰੈਡੀ ਨੇ ਕਿਹਾ ਕਿ ਵੈਟਰਨਰੀ ਡਾਕਟਰ ਦੀ ਮੌਤ ਦੇ ਕੇਸ 'ਚ ਦੋਸ਼ੀਆਂ ਨੂੰ ਫੜਨ ਅਤੇ ਸਜ਼ਾ ਦਿਵਾਉਣ ਲਈ ਉਹ ਤੇਲੰਗਾਨਾ ਸਰਕਾਰ ਦੇ ਅਧਿਕਾਰੀਆਂ ਦੇ ਸੰਪਰਕ 'ਚ ਹਨ।

## ਕਾਂਗਰਸੀ ਵਿਧਾਇਕ ਨੇ ਪ੍ਰਗਿਆ ਨੂੰ ਸਾੜ ਕੇ ਮਾਰਨ ਦੀ ਧਮਕੀ ਦੇ ਦਿੱਤੀ

ਇੰਦੌਰ, 1 ਦਸੰਬਰ (ਪੋਸਟ ਬਿਊਰੋ)- ਕਤਲ ਕਰਨ ਵਾਲੇ ਨੱਥੂ ਰਾਮ ਗੌਡਸੇ ਨੂੰ ਪਾਰਲੀਮੈਂਟ ਵਿੱਚ ਮਹਾਤਮਾ ਗਾਂਧੀ ਦਾ ਦੇਸ਼ ਭਗਤ ਕਹਿਣ ਉੱਤੇ ਭਾਜਪਾ ਆਗੂ ਅਤੇ ਪਾਰਲੀਮੈਂਟ ਮੈਂਬਰ ਪ੍ਰਗਿਆ ਠਾਕੁਰ ਦੇ ਵਿਰੁੱਧ ਮੱਧ ਪ੍ਰਦੇਸ਼ ਦੇ ਕਾਂਗਰਸ ਵਿਧਾਇਕ ਗੋਵਰਧਨ ਦਾਂਗੀ ਨੇ ਸਖਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਨੇ ਧਮਕੀ ਦਿੱਤੀ 'ਪ੍ਰਗਿਆ ਠਾਕੁਰ ਮੱਧ ਪ੍ਰਦੇਸ਼ ਦੇ ਵੱਲ ਆਈ ਤਾਂ ਉਨ੍ਹਾਂ ਦਾ ਪੁਤਲਾ ਨਹੀਂ, ਬਲਕਿ ਉਨ੍ਹਾਂ ਨੂੰ ਹੀ ਸਾੜ ਦੇਵਾਂਗੇ।'

ਵਰਨਣ ਯੋਗ ਹੈ ਕਿ ਪਰਸੋਂ ਪਾਰਲੀਮੈਂਟ ਵਿੱਚ ਪ੍ਰਗਿਆ ਦੇ ਬਿਆਨ ਤੋਂ ਉਸ ਸਮੇਂ ਵਿਵਾਦ ਛਿੜ ਗਿਆ ਸੀ ਜਦ ਉਨ੍ਹਾਂ ਡੀ ਐਮ ਕੇ ਮੈਂਬਰ ਏ ਰਾਜਾ ਵੱਲੋਂ ਨੱਥੂ ਰਾਮ ਗੌਡਸੇ ਦੇ ਅਦਾਲਤ ਸਾਹਮਣੇ ਮਹਾਤਮਾ ਗਾਂਧੀ ਦੀ ਹੱਤਿਆ ਦੇ ਸਬੰਧ ਵਿੱਚ ਦਿੱਤੇ ਬਿਆਨ ਦੇ ਜ਼ਿਕਰ ਉੱਤੇ ਟਿੱਪਣੀ ਕੀਤੀ ਸੀ। ਉਸ ਦੀ ਟਿੱਪਣੀ ਨੂੰ ਪਾਰਲੀਮੈਂਟ ਦੀ ਕਾਰਵਾਈ ਵਿੱਚੋਂ ਹਟਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਭਾਜਪਾ ਨੇ ਪ੍ਰਗਿਆ ਠਾਕੁਰ ਦੀ ਵਿਵਾਦਤ ਟਿੱਪਣੀ ਦੀ ਨਿਖੇਧੀ ਕੀਤੀ ਅਤੇ ਲੋਕ ਸਭਾ ਦੇ ਇਜਲਾਸ ਦੌਰਾਨ ਉਸ ਦੇ ਪਾਰਟੀ ਦੀ ਪਾਰਲੀਮੈਂਟਰੀ ਬੈਠਕ ਵਿੱਚ ਹਿੱਸਾ ਲੈਣ 'ਤੇ ਰੋਕ ਲਾਉਣ ਤੋਂ ਇਲਾਵਾ ਰੱਖਿਆ ਵਿਭਾਗ ਬਾਰੇ ਸਲਾਹਕਾਰ ਕਮੇਟੀ ਤੋਂ ਹਟਾਏ ਜਾਣ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਬਾਅਦ ਉਸ ਨੂੰ ਕਮੇਟੀ ਤੋਂ ਹਟਾ ਦਿੱਤਾ ਗਿਆ ਸੀ। ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇ ਪੀ ਨੱਡਾ ਨੇ ਦੱਸਿਆ ਕਿ 'ਭਾਜਪਾ ਪਾਰਲੀਮੈਂਟ ਮੈਂਬਰ ਪ੍ਰਗਿਆ ਸਿੰਘ ਠਾਕੁਰ ਦੀ ਟਿੱਪਣੀ ਦੀ ਨਿਖੇਧੀ ਕਰਦੀ ਹੈ, ਪਾਰਟੀ ਅਜਿਹੇ ਬਿਆਨਾਂ ਦਾ ਕਦੇ ਸਮਰਥਨ ਨਹੀਂ ਕਰਦੀ।' ਨੱਡਾ ਨੇ ਪ੍ਰਗਿਆ ਠਾਕੁਰ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਸ ਨੂੰ ਰਖਿਆ ਮਾਮਲਿਆਂ ਦੀ ਸਲਾਹਕਾਰ ਕਮੇਟੀ ਤੋਂ ਹਟਾ ਦਿੱਤਾ ਜਾਵੇਗਾ, ਜਿਸ ਵਿੱਚ ਉਸ ਨੂੰ ਪਿੱਛੇ ਜਿਹੇ ਸ਼ਾਮਲ ਕੀਤਾ ਗਿਆ ਸੀ। ਦੂਜੇ ਪਾਸੇ ਭੋਪਾਲ ਦੀ ਪਾਰਲੀਮੈਂਟ ਮੈਂਬਰ ਪ੍ਰਗਿਆ ਦੇ ਵਿਰੁਧ ਇੰਦੌਰ ਦੇ ਸਥਾਨਕ ਆਗੂ ਦਵਿੰਦਰ ਸਿੰਘ ਨੇ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਹੈ।

## ਉਧਵ ਠਾਕਰੇ ਦੀ ਸਰਕਾਰ ਫਲੋਰ ਟੈਸਟ ਤੋਂ 169 ਵਿਧਾਇਕਾਂ ਦੇ ਸਮਰਥਨ ਨਾਲ ਪਾਸ

### * ਭਾਜਪਾ ਵੱਲੋਂ ਦੂਸ਼ਣਬਾਜ਼ੀ ਅਤੇ ਵਾਕਆਊਟ

ਮੁੰਬਈ, 1 ਦਸੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿਚ ਤਿੰਨ ਪਾਰਟੀ ਗੱਠਜੋੜ ਵੱਲੋਂ ਊਧਵ ਠਾਕਰੇ ਦੀ ਅਗਵਾਈ ਹੇਠ ਬਣਾਈ ਗਈ ਸਰਕਾਰ ਨੇ ਵਿਧਾਨ ਸਭਾ ਵਿਚ ਬਹੁਮਤ ਸਾਬਤ ਕਰ ਦਿੱਤਾ ਹੈ। ਇਸ ਦੌਰਾਨ ਸਰਕਾਰ ਦੇ ਪੱਖ ਵਿਚ 169 ਵਿਧਾਇਕਾਂ ਨੇ ਆਪਣਾ ਵੋਟ ਦਿੱਤਾ, ਪਰ ਰਾਜ ਠਾਕਰੇ ਦੀ ਐਮ ਐਨ ਐਸ ਦੇ ਵਿਧਾਇਕਾਂ ਨੇ ਕਿਸੇ ਪਾਸੇ ਵੀ ਵੋਟ ਨਹੀਂ ਪਾਈ। ਵੋਟਿੰਗ ਦੌਰਾਨ ਕੁਲ 4 ਵਿਧਾਇਕ ਨਿਰਪੱਖ ਰਹੇ।



ਅੱਜ ਏਥੇ ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਹੀ ਹੰਗਾਮਾ ਹੋ ਗਿਆ। ਭਾਜਪਾ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਸੈਸ਼ਨ ਵਿਚ ਨਿਯਮਾਂ ਦੀ ਉਲੰਘਣਾ ਦੇ ਦੋਸ਼ ਲਾਏ ਤੇ ਕਿਹਾ ਕਿ ਵਿਧਾਨ ਸਭਾ ਸੈਸ਼ਨ ਬਿਨਾ ਵੰਦੇ ਮਾਤਰਮ ਦੇ ਸ਼ੁਰੂ ਹੋਇਆ ਹੈ, ਜੋ ਨਿਯਮਾਂ ਦੀ ਉਲੰਘਣਾ ਹੈ। ਪ੍ਰੋਟੇਮ ਸਪੀਕਰ ਦਿਲੀਪ ਪਾਟਿਲ ਨੇ ਕਿਹਾ ਕਿ ਗਵਰਨਰ ਨੇ ਸੈਸ਼ਨ ਦੀ ਇਜਾਜ਼ਤ ਦਿੱਤੀ ਹੈ ਤੇ ਨਿਯਮਾਂ ਦੇ ਮੁਤਾਬਕ ਸੈਸ਼ਨ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਭਾਜਪਾ ਮੈਂਬਰਾਂ ਨੇ ਕੁਝ ਦੂਸ਼ਣਬਾਜ਼ੀ ਕੀਤੀ ਤੇ ਸਦਨ ਤੋਂ ਵਾਕਆਊਟ ਕਰ ਦਿੱਤਾ ਅਤੇ ਬਾਹਰ ਜਾ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸਾਬਕਾ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਸਦਨ ਤੋਂ ਨਿਕਲ ਕੇ ਕਿਹਾ ਕਿ ਇਹ ਸੈਸ਼ਨ ਗੈਰ ਸੰਵਿਧਾਨਕ ਹੈ ਤੇ ਪ੍ਰੋਟੇਮ ਸਪੀਕਰ ਦੀ ਨਿਯੁਕਤੀ ਵੀ ਗੈਰ ਸੰਵਿਧਾਨਕ ਹੈ। ਉਨ੍ਹਾਂ ਸਵਾਲ ਕੀਤਾ ਕਿ ਪ੍ਰੋਟੇਮ ਸਪੀਕਰ ਨੂੰ ਬਦਲਣ ਦੀ ਕੀ ਲੋੜ ਪਈ ਸੀ।

ਤਿੰਨ ਪਾਰਟੀਆਂ (ਕਾਂਗਰਸ, ਐਨ ਸੀ ਪੀ ਅਤੇ ਸ਼ਿਵ ਸੈਨਾ) ਦੇ ਗੱਠਜੋੜ ਵਿੱਚੋਂ ਸ਼ਿਵ ਸੈਨਾ ਦੇ 56 ਵਿਧਾਇਕ ਹਨ, ਐਨ ਸੀ ਪੀ ਦੇ 54 ਅਤੇ ਕਾਂਗਰਸ ਦੇ 44 ਵਿਧਾਇਕ ਹਨ। ਬਹੁਮਤ ਸਾਬਤ ਕਰਨ ਲਈ 145 ਵਿਧਾਇਕਾਂ ਦੀ ਲੋੜ ਸੀ, ਪਰ ਸਰਕਾਰ ਦੇ ਪੱਖ ਵਿੱਚ 169 ਵਿਧਾਇਕਾਂ ਨੇ ਵੋਟ ਦੇ ਦਿੱਤੀ ਤੇ ਸਰਕਾਰ ਟੈੱਸਟ ਵਿੱਚੋਂ ਆਰਾਮ ਨਾਲ ਲੰਘ ਗਈ। ਇਸ ਪਿੱਛੋਂ ਮੁੱਖ ਮੰਤਰੀ ਊਧਵ ਠਾਕਰੇ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਹਾਂ ਮੈਂ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਨਾਂ ਅਤੇ ਆਪਣੇ ਮਾਤਾ ਪਿਤਾ ਦੇ ਨਾਂ ਉੱਤੇ ਵੀ ਸਹੁੰ ਚੁੱਕੀ ਹੈ। ਜੇ ਇਹ ਅਪਰਾਧ ਹੈ ਤਾਂ ਮੈਂ ਇਹ ਫਿਰ ਵੀ ਕਰਾਂਗਾ।

## ਪੁਲਸ ਨੇ ਪਾਕਿਸਤਾਨੀ ਕਹਿ ਕੇ ਅੱਧਾ ਘੰਟਾ ਬੇਰਹਿਮੀ ਨਾਲ ਕੁੱਟਣ ਵੇਲੇ 30 ਹਜ਼ਾਰ ਲੁੱਟੇ

ਫਰੀਦਾਬਾਦ, 1 ਦਸੰਬਰ (ਪੋਸਟ ਬਿਊਰੋ)- ਕਸ਼ਮੀਰੀ ਡਰਾਈਵਰ ਨੂੰ ਪਾਕਿਸਤਾਨੀ ਕਹਿ ਕੇ ਬੇਰਹਿਮੀ ਨਾਲ ਤੀਹ ਮਿੰਟ ਤੱਕ ਕੁੱਟਣ ਅਤੇ ਤੀਹ ਹਜ਼ਾਰ ਰੁਪਏ ਖੋਹਣ ਵਾਲੇ ਟਰੈਫਿਕ ਪੁਲਸ ਦੇ ਏ ਐੱਸ ਆਈ ਧਰਮਵੀਰ ਦੇ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਘਟਨਾ ਸਮੇਂ ਮੌਕੇ 'ਤੇ ਮੌਜੂਦ ਦੋ ਹੈਡ ਕਾਂਸਟੇਬਲ ਸਮੇਤ ਚਾਰ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਤੇ ਤਿੰਨ ਹੋਮਗਾਰਡਾਂ ਨੂੰ ਡਿਊਟੀ ਤੋਂ ਹਟਾ ਕੇ ਉਨ੍ਹਾਂ ਖਿਲਾਫ ਕਾਰਵਾਈ ਲਈ ਲਿਖਿਆ ਗਿਆ ਹੈ। ਇਸ ਘਟਨਾ ਨੂੰ ਪੁਲਸ ਹੈੱਡ ਕੁਆਰਟਰ ਵਿੱਚ ਗੰਭੀਰਤਾ ਨਾਲ ਲਿਆ ਗਿਆ ਹੈ।



ਡਰਾਈਵਰ ਨੇ ਟਰੈਫਿਕ ਪੁਲਸ ਦੀ ਇਸ ਗੁੰਡਾਗਰਦੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ। ਇਸ ਪਿੱਛੋਂ ਪੁਲਸ ਅਧਿਕਾਰੀ ਹਰਕਤ ਵਿੱਚ ਆਏ ਤੇ ਡਰਾਈਵਰ ਦੀ ਤਲਾਸ਼ ਕੀਤੀ। ਪੀੜਤ ਡਰਾਈਵਰ ਮੁਹੰਮਦ ਮਕਬੂਲ ਜੇ ਐਂਡ ਕੇ ਦੇ ਕੁਲਗਾਂਵ ਜ਼ਿਲੇ ਦਾ ਰਹਿਣ ਵਾਲਾ ਹੈ। ਉਹ ਕੋਲਕਾਤਾ ਤੋਂ ਮਾਲ ਟਰੱਕ ਵਿੱਚ ਲੱਦ ਕੇ ਇਸ ਰਸਤੇ ਸ੍ਰੀਨਗਰ ਜਾ ਰਹੇ ਸਨ। ਮੌਜਪੁਰ ਟੋਲ ਪਲਾਜ਼ਾ ਨੇੜੇ ਟਰੈਫਿਕ ਪੁਲਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕ ਕੇ ਪਹਿਲਾਂ ਟਰੱਕ ਦਾ 18 ਹਜ਼ਾਰ ਰੁਪਏ ਦਾ ਚਲਾਨ ਕੀਤਾ। ਫਿਰ ਤੀਹ ਹਜ਼ਾਰ ਰੁਪਏ ਖੋਹ ਲਏ। ਪੁਲਸ ਬਚਾਅ ਵਿੱਚ ਪੀੜਤ ਡਰਾਈਵਰ 'ਤੇ ਚਲਾਨ ਦਾ ਵਿਰੋਧ ਕਰਦੇ ਹੋਏ ਕੁੱਟਮਾਰ ਕਰਨ ਤੇ ਸਿਪਾਹੀ ਦਾ ਗਲਾ ਫੜਨ ਦਾ ਦੋਸ਼ ਲਾ ਰਹੀ ਹੈ।

ਪੀੜਤ ਡਰਾਈਵਰ ਮੁਹੰਮਦ ਨੇ ਦੱਸਿਆ ਕਿ ਉਹ ਮੂਲ ਰੂਪ ਤੋਂ ਜੰਮੂ-ਕਸ਼ਮੀਰ ਦੇ ਕੁਲਗਾਂਵ ਜ਼ਿਲੇ ਦਾ ਵਸਨੀਕ ਹੈ ਅਤੇ 13 ਨਵੰਬਰ ਨੂੰ ਉਹ ਕਸ਼ਮੀਰ ਤੋਂ ਸੇਬ ਟਰੱਕ ਵਿੱਚ ਲੋਡ ਕਰ ਕੇ ਕੋਲਕਾਤਾ ਲਈ ਨਿਕਲੇ ਸਨ। ਉਸ ਦੇ ਨਾਲ ਦੋ ਹੋਰ ਸਾਥੀ ਆਦਿਲ ਅਤੇ ਸਮੀਰ ਸਨ। ਕੋਲਕਾਤਾ ਵਿੱਚ ਸੇਬ ਖਾਲੀ ਕਰ ਕੇ ਉਥੋਂ 21 ਨਵੰਬਰ ਨੂੰ ਸ੍ਰੀਨਗਰ ਦੇ ਲਈ ਐਚ ਐਮ ਟੀ ਦਾ ਮਾਲ ਲੋਡ ਕਰ ਕੇ ਹਾਈਵੇ ਦੇ ਰਸਤੇ ਸ੍ਰੀਨਗਰ ਜਾ ਰਹੇ ਸਨ। ਸ਼ੁੱਕਰਵਾਰ ਸਵੇਰੇ ਉਹ ਛਾਂਇਸਾ ਥਾਣਾ ਖੇਤਰ ਵਿੱਚ ਮੌਜਪੁਰ ਟੋਲ ਪਲਾਜ਼ਾ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਦੇ ਨਾਲ ਇਹ ਘਟਨਾ ਹੋਈ ਸੀ।

### ਦਿੱਲੀ ਕਤਲੇਆਮ ਮਾਮਲਾ

## ਢੀਂਗਰਾ ਕਮੇਟੀ ਵੱਲੋਂ ਸੁਪਰੀਮ ਕੋਰਟ ਨੂੰ ਸੀਲਬੰਦ ਲਿਫਾਫ਼ੇ ਵਿੱਚ ਰਿਪੋਰਟ ਪੇਸ਼

ਨਵੀਂ ਦਿੱਲੀ, 1 ਦਸੰਬਰ (ਪੋਸਟ ਬਿਊਰੋ)- ਸਾਲ 1984 ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਸਿੱਖ ਵਿਰੋਧੀ ਕਤਲੇਆਮ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ 186 ਕੇਸਾਂ ਦੀ ਜਾਂਚ ਕਰ ਕੇ ਉਨ੍ਹਾਂ ਦੀ ਰਿਪੋਰਟ ਸ਼ੁੱਕਰਵਾਰ ਨੂੰ ਸੀਲਬੰਦ ਲਿਫਾਫ਼ੇ ਵਿੱਚ ਸੁਪਰੀਮ ਕੋਰਟ ਨੂੰ ਪੇਸ਼ ਕਰ ਦਿੱਤੀ ਹੈ। ਇਹ ਐੱਸ ਆਈ ਟੀ ਸੁਪਰੀਮ ਕੋਰਟ ਨੇ ਹੀ ਬਣਾਈ ਸੀ। ਐੱਸ ਆਈ ਟੀ ਨੂੰ ਉਨ੍ਹਾਂ ਕੇਸਾਂ ਨੂੰ ਫਿਰ ਤੋਂ ਖੋਲ੍ਹਣ ਅਤੇ ਜਾਂਚ ਦੇ ਆਦੇਸ਼ ਦਿੱਤੇ ਗਏ ਸਨ, ਜਿਹੜੇ ਪੁਲਸ ਨੇ ਪੂਰੀ ਜਾਂਚ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਬੰਦ ਕਰ ਦਿੱਤੇ ਸਨ। ਸੁਪਰੀਮ ਕੋਰਟ ਇਸ ਕੇਸ ਵਿੱਚ 2 ਹਫ਼ਤਿਆਂ ਬਾਅਦ ਫੈਸਲਾ ਲਵੇਗੀ ਕਿ ਇਸ ਰਿਪੋਰਟ ਜਨਤਕ ਕੀਤਾ ਜਾਵੇ ਜਾਂ ਨਾ ਅਤੇ ਨਾਲ ਇਸ ਵਿੱਚ ਕਿੰਨੇ ਮਾਮਲੇ ਹਨ, ਜਿਨ੍ਹਾਂ ਨੂੰ ਫਿਰ ਤੋਂ ਖੋਲ੍ਹਿਆ ਜਾਣਾ ਚਾਹੀਦਾ ਹੈ।

ਪਿਛਲੇ ਸਾਲ ਫਰਵਰੀ ਵਿੱਚ ਬਣਾਈ ਗਈ ਇਸ ਐੱਸ ਆਈ ਟੀ ਦੀ ਪ੍ਰਧਾਨਗੀ ਦਿੱਲੀ ਹਾਈ ਕੋਰਟ ਦੇ ਸਾਬਕਾ ਜਸਟਿਸ ਸ਼ਿਵ ਨਾਰਾਇਣ ਢੀਂਗਰਾ ਨੂੰ ਦਿੱਤੀ ਗਈ ਸੀ ਅਤੇ ਟੀਮ ਵਿੱਚ ਆਈ ਪੀ ਐੱਸ ਅਫਸਰ ਰਾਜਦੀਪ ਸਿੰਘ ਅਤੇ ਅਭਿਸ਼ੇਕ ਦੁਲਾਰ ਸ਼ਾਮਲ ਕੀਤੇ ਗਏ ਸਨ। ਲਗਾਤਾਰ ਜਾਂਚ ਪਿੱਛੋਂ ਐੱਸ ਆਈ ਟੀ ਨੇ ਇਹ ਰਿਪੋਰਟ ਬੰਦ ਲਿਫਾਫ਼ੇ ਵਿੱਚ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ। ਵਰਨਣ ਯੋਗ ਹੈ ਕਿ ਸੀ ਬੀ ਆਈ ਨੇ 186 ਕੇਸ ਬੰਦ ਕਰਨ ਦਾ ਫੈਸਲਾ ਕੀਤਾ ਸੀ, ਜਿਸ ਦੇ ਵਿਰੁੱਧ ਪੀੜਤਾਂ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਸੀ। ਕੋਰਟ ਦਾ ਕਹਿਣਾ ਹੈ ਕਿ ਜਸਟਿਸ ਢੀਂਗਰਾ ਕਮੇਟੀ ਦੀ ਘੋਖ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ ਕਿ ਕੀ ਇਸ ਨੂੰ ਪਟੀਸ਼ਨਕਰ ਨਾਲ ਸਾਂਝਾ ਕੀਤਾ ਜਾਵੇ ਜਾਂ ਸੀਲਬੰਦ ਰੱਖਿਆ ਜਾਵੇ। ਇਸ ਸੰਬੰਧ ਵਿੱਚ ਅਗਲੀ ਸੁਣਵਾਈ 2 ਹਫ਼ਤੇ ਬਾਅਦ ਹੋਵੇਗੀ।

ਅਸਲ ਵਿੱਚ 31 ਅਕਤੂਬਰ 1984 ਨੂੰ ਓਦੋਂ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਉਸ ਦੇ ਸਿੱਖ ਸੁਰੱਖਿਆ ਗਾਰਡਾਂ ਨੇ ਕੀਤਾ ਸੀ, ਜਿਸ ਦੇ ਅਗਲੇ ਦਿਨ ਦਿੱਲੀ ਦੇ ਕਈ ਇਲਾਕਿਆਂ ਵਿੱਚ ਹਿੰਸਾ ਭੜਕ ਪੈਣ ਦੇ ਬਾਅਦ ਹੋਏ ਦੰਗਿਆਂ ਵਿੱਚ ਸਿਰਫ਼ ਦਿੱਲੀ ਵਿੱਚ 2733 ਲੋਕਾਂ ਦੀ ਮੌਤ ਹੋਈ ਦੱਸੀ ਗਈ ਸੀ ਅਤੇ ਕੁੱਲ 3325 ਲੋਕ ਸਾਰੇ ਦੇਸ਼ ਵਿੱਚ ਮਾਰੇ ਗਏ ਦੱਸੇ ਜਾਂਦੇ ਸਨ, ਜਿਨ੍ਹਾਂ ਵਿੱਚੋਂ ਕਈ ਕੇਸ ਚੱਲ ਹੀ ਨਹੀਂ ਸਕੇ।

## ਕਰਨਾਟਕ 'ਚ ਦੋ ਭਾਜਪਾ ਵਿਰੋਧੀ ਸਾਬਕਾ ਮੁੱਖ ਮੰਤਰੀਆਂ ਉੱਤੇ ਦੇਸ਼ ਧਰੋਹ ਦਾ ਕੇਸ ਦਰਜ

### * ਸਿਧਾਰਮੱਈਆ ਅਤੇ ਐੱਚ ਡੀ ਕੁਮਾਰਸਵਾਮੀ ਦੋਵੇਂ ਲਪੇਟ ਲਏ

ਬੈਂਗਲੁਰੂ, 1 ਦਸੰਬਰ (ਪੋਸਟ ਬਿਊਰੋ)- ਕਰਨਾਟਕਾ ਰਾਜ ਦੇ ਦੋ ਸਾਬਕਾ ਮੁੱਖ ਮੰਤਰੀਆਂ ਸਿਧਰਮੱਈਆ ਤੇ ਐੱਚ ਡੀ ਕੁਮਾਰਸਵਾਮੀ ਦੇ ਨਾਲ ਬੈਂਗਲੁਰੂ ਦੇ ਉਸ ਵੇਲੇ ਦੇ ਪੁਲਿਸ ਕਮਿਸ਼ਨਰ ਟੀ ਸੁਨੀਲ ਕੁਮਾਰ, ਉਨ੍ਹਾਂ ਹੇਠ ਕੰਮ ਕਰਦੇ ਪੁਲਿਸ ਮੁਲਾਜ਼ਮਾਂ ਅਤੇ ਕਾਂਗਰਸ ਅਤੇ ਜਨਤਾ ਦਲ (ਐੱਸ) ਦੇ ਕੁਝ ਆਗੂਆਂ ਦੇ ਖ਼ਿਲਾਫ਼ ਕਰਨਾਟਕਾ ਪੁਲਿਸ ਨੇ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਹੈ। ਇਹ ਕੇਸ ਲੋਕ ਸਭਾ ਚੋਣ ਦੌਰਾਨ ਵੱਜੇ ਆਮਦਨ ਟੈਕਸ ਦੇ ਛਾਪੇ ਦਾ ਵਿਰੋਧ ਕਰਨ ਕਰ ਕੇ ਦਰਜ ਕੀਤਾ ਗਿਆ ਹੈ। ਕਾਂਗਰਸ ਪਾਰਟੀ ਨੇ ਇਸ ਕੇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ।



ਸੋਸ਼ਲ ਵਰਕਰ ਮਲਿਕਾਰੁਜਨ ਏ. ਦੀ ਸ਼ਿਕਾਇਤ ਉੱਤੇ ਬੈਂਗਲੁਰੂ ਦੀ ਇਕ ਅਦਾਲਤ ਨੇ ਕਮਰਸ਼ੀਅਲ ਸਟਰੀਟ ਪੁਲਿਸ ਸਟੇਸ਼ਨ ਨੂੰ ਅਪਰਾਧਿਕ ਸਾਜ਼ਿਸ਼ ਰਚਣ ਤੇ ਭਾਰਤ ਸਰਕਾਰ ਦੇ ਖ਼ਿਲਾਫ਼ ਜੰਗ ਛੇੜਨ ਵਾਲੇ ਯਤਨ ਸਮੇਤ ਭਾਰਤੀ ਦੰਡ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰਨ ਦਾ ਨਿਰਦੇਸ਼ ਦਿੱਤਾ ਸੀ। ਇਹ ਮਾਮਲਾ ਕਾਂਗਰਸ ਤੇ ਜਨਤਾ ਦਲ (ਐੱਸ) ਦੇ ਆਗੂਆਂ ਦੇ ਘਰਾਂ ਉੱਤੇ ਮਾਰੇ ਗਏ ਆਮਦਨ ਟੈਕਸ ਛਾਪੇ ਵਿਰੁੱਧ ਵਿਚ ਏਥੇ ਆਮਦਨ ਟੈਕਸ ਦਫ਼ਤਰ ਦੇ ਕੋਲ ਓਦੋਂ ਦੇ ਮੁੱਖ ਮੰਤਰੀ ਐੱਚ ਡੀ ਕੁਮਾਰਸਵਾਮੀ ਅਤੇ ਹੋਰ ਆਗੂਆਂ ਵੱਲੋਂ ਕੀਤੇ ਵਿਰੋਧ ਪ੍ਰਦਰਸ਼ਨਾਂ ਨਾਲ ਜੁੜਦਾ ਹੈ ਅਤੇ ਦੋਸ਼ ਹੈ ਕਿ ਕੁਮਾਰਸਵਾਮੀ ਨੇ ਛਾਪੇ ਦੀ ਸੂਚਨਾ ਮਿਲਣ ਪਿੱਛੋਂ ਲੋਕਾਂ ਨੂੰ ਹੋਣ ਵਾਲੀ ਕਾਰਵਾਈ ਦੀ ਸੂਹ ਦਿੱਤੀ ਸੀ। ਉਸ ਤੋਂ ਪਹਿਲਾਂ ਕੁਮਾਰਸਵਾਮੀ ਨੇ 27 ਮਾਰਚ ਨੂੰ ਮੀਡੀਆ ਨੂੰ ਕਿਹਾ ਸੀ ਕਿ ਛਾਪੇ ਮਾਰੇ ਜਾ ਸਕਦੇ ਹਨ, ਕਿਉਂਕਿ ਵੱਡੀ ਗਿਣਤੀ ਵਿਚ ਕੇਂਦਰੀ ਸੁਰੱਖਿਆ ਫੋਰਸ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ ਉੱਤੇ ਆ ਚੁੱਕੀ ਹੈ। ਉਨ੍ਹਾਂ ਦਾ ਸ਼ੱਕ ਅਗਲੇ ਹੀ ਦਿਨ ਸਹੀ ਸਾਬਤ ਹੋਇਆ, ਜਦੋਂ ਸੁਰੱਖਿਆ ਫੋਰਸ ਇਸ ਰਾਜ ਦੇ ਵੱਖ-ਵੱਖ ਹਿੱਸਿਆਂ ਵਿਚ ਫੈਲ ਗਈ ਸੀ ਅਤੇ ਇਸ ਪਿੱਛੋਂ ਆਮਦਨ ਟੈਕਸ ਦਫ਼ਤਰ ਅੱਗੇ ਵੱਡਾ ਪ੍ਰਦਰਸ਼ਨ ਕੀਤਾ ਗਿਆ। ਜਿਨ੍ਹਾਂ ਹੋਰਨਾਂ ਲੋਕਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਓਦੋਂ ਦੇ ਉਪ ਮੁੱਖ ਮੰਤਰੀ ਜੀ. ਪਰਮੇਸ਼ਵਰ, ਡੀ ਕੇ ਸ਼ਿਵਕੁਮਾਰ, ਕਰਨਾਟਕਾ ਦੀ ਕਾਂਗਰਸ ਦੇ ਪ੍ਰਧਾਨ ਦਿਨੇਸ਼ ਗੁੰਡੂ ਰਾਓ, ਓਦੋਂ ਦੇ ਪੁਲਿਸ ਉਪ ਕਮਿਸ਼ਨਰ ਰਾਹੁਲ ਕੁਮਾਰ ਅਤੇ ਡੀ ਦੇਵਰਾਜੂ ਦੇ ਨਾਲ ਸਾਰੇ ਚੋਣ ਅਧਿਕਾਰੀ ਵੀ ਸ਼ਾਮਲ ਹਨ। ਇਸ ਕੇਸ ਬਾਰੇ ਅਗਲੀ ਕਾਰਵਾਈ ਅਜੇ ਹੋਣੀ ਹੈ। ਦੇਸ਼ ਧਰੋਹ ਦੇ ਦੋਸ਼ਾਂ ਉੱਤੇ ਪ੍ਰਤੀਕਰਮ ਵਜੋਂ ਕਾਂਗਰਸ ਆਗੂ ਡੀ ਕੇ ਸ਼ਿਵਕੁਮਾਰ ਨੇ ਕਿਹਾ ਕਿ ਉਹ ਜੇਲ੍ਹ ਜਾਣ ਨੂੰ ਤਿਆਰ ਹਨ। ਸਾਰੇ ਕੇਸ ਰਾਜਨੀਤੀ ਤੋਂ ਪ੍ਰੇਰਤ ਹਨ ਤੇ ਉਹ ਰਾਜਨੀਤਕ ਤਰੀਕੇ ਨਾਲ ਹੀ ਜਵਾਬ ਦੇਣਗੇ।

MICHELIN Hankook Continental ROADLUX BFGoodrich AEOLUS COMPASAL

Chevron Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

Brake & Drum -Made in U.S
- On Special Sale!

Special Sale
4 CAT Batteries
$550 with Installation

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

## ਏ ਆਈ ਦੇ ਰਾਹੀਂ ਫੇਕ ਨਿਊਜ਼ ਬਣਾਉਣ ਉੱਤੇ ਚੀਨ ਵੱਲੋਂ ਰੋਕ

ਬੀਜਿੰਗ, 1 ਦਸੰਬਰ (ਪੋਸਟ ਬਿਊਰੋ)- ਚੀਨ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦਾ ਪ੍ਰਯੋਗ ਕਰ ਕੇ ਫੇਕ ਨਿਊਜ਼ ਬਣਾਉਣ ਵਾਲਿਆਂ 'ਤੇ ਪਾਬੰਦੀ ਲਾਉਂਦੇ ਹੋਏ ਇਸ ਬਾਰੇ ਨਵੇਂ ਨਿਯਮ ਜਾਰੀ ਕੀਤੇ ਹਨ।

ਬੀਤੇ ਸ਼ੁੱਕਰਵਾਰ ਨੂੰ ਜਾਰੀ ਕੀਤੇ ਨਿਯਮਾਂ ਵਿੱਚ ਕਿਹਾ ਗਿਆ ਹੈ ਕਿ ਏ ਆਈ ਦਾ ਪ੍ਰਯੋਗ ਕਰ ਕੇ ਫੇਕ ਨਿਊਜ਼ ਦੇ ਲਈ ਆਨਲਾਈਨ ਵੀਡੀਓ ਅਤੇ ਵੀਡੀਓ ਬਣਾਉਣ, ਉਸ ਨੂੰ ਵੰਡਣ ਤੇ ਪ੍ਰਸਾਰਿਤ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਜੇ ਕੋਈ ਵਿਅਕਤੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਜੁਰਮ ਦਾ ਦੋਸ਼ੀ ਮੰਨਿਆ ਜਾਏਗਾ। ਇਹ ਨਿਯਮ ਇੱਕ ਜਨਵਰੀ 2020 ਤੋਂ ਲਾਗੂ ਹੋਣਗੇ।

ਨਵੇਂ ਨਿਯਮਾਂ ਮੁਤਾਬਕ ਜੇ ਕੋਈ ਵੀਡੀਓ ਜਾਂ ਆਈ ਡੀ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਂ ਆਭਾਸੀ ਤਕਨੀਕ ਰਾਹੀਂ ਬਣਾਇਆ ਗਿਆ ਤਾਂ ਇਸ ਦੇ ਲਈ ਸਾਫ ਤੌਰ 'ਤੇ ਚਿਤਾਵਨੀ ਜਾਰੀ ਕਰਨੀ ਹੋਵੇਗੀ। ਨਵੇਂ ਨਿਯਮਾਂ ਵਿੱਚ ਵਿਸ਼ੇਸ਼ ਤੌਰ 'ਤੇ ਡੀਪਫੇਕ ਤਕਨੀਕ ਦੇ ਖਤਰੇ 'ਤੇ ਚਿੰਤਾ ਜਤਾਈ ਗਈ ਹੈ। ਚੀਨ ਦੀ ਸਾਈਬਰ ਸਪੇਸ ਅਥਾਰਟੀ ਨੇ ਚਿਤਾਵਨੀ ਦਿੱਤੀ ਹੈ ਕਿ ਡੀਪਫੇਕ ਤਕਨੀਕ ਨਾਲ ਜਿੱਥੇ ਸਮਾਜਕ ਵਿਵਸਥਾ ਪ੍ਰਭਾਵਤ ਹੋਣ ਦਾ ਖਤਰਾ ਹੈ, ਉਥੇ ਦੇਸ਼ ਦੀ ਰਾਜਨੀਤਕ ਸਥਿਰਤਾ 'ਤੇ ਨਕਾਰਾਤਮਕ ਪ੍ਰਭਾਵ ਪਿਆ ਹੈ। ਸਾਲ 2016 ਦੀ ਅਮਰੀਕੀ ਚੋਣ ਮੁਹਿੰਮ ਦੇ ਦੌਰਾਨ ਵੱਡੀ ਗਿਣਤੀ ਵਿੱਚ ਆਨਲਾਈਨ ਫੇਕ ਨਿਊਜ਼ ਦੀ ਵਰਤੋਂ ਦੇ ਬਾਅਦ ਇਸ ਬਾਰੇ ਚਿੰਤਾਵਾਂ ਵਧ ਗਈਆਂ ਹਨ।

ਵਰਨਣ ਯੋਗ ਹੈ ਕਿ ਚੀਨ ਵਿੱਚ ਇੱਕ ਫੇਸ ਸਵੈਪਿੰਗ ਐਪ 'ਜਾਓ' ਦਾ ਪ੍ਰਯੋਗ ਹੁੰਦਾ ਹੈ, ਜਿਸ ਵਿੱਚ ਤੁਸੀਂ ਕਿਸੇ ਅਭਿਨੇਤਾ ਦੇ ਚਿਹਰੇ ਉਤੇ ਆਪਣਾ ਪਸੰਦੀਦਾ ਚਿਹਰਾ ਲਾ ਸਕਦੇ ਹੋ। ਡੀਪਫੇਕ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ। ਡੀਪ ਲਰਨਿੰਗ ਤੇ ਫੇਕ। ਡੀਪ ਲਰਨਿੰਗ, ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਹਿੱਸਾ ਹੈ। ਡੀਪਫੇਕ ਹਿਊਮਨ ਇਮੇਜ਼ ਸਿੰਥੈਸਿਸ ਨਾਂਅ ਦੀ ਤਕਨੀਕ 'ਤੇ ਕੰਮ ਕਰਦਾ ਹੈ। ਜਿਵੇਂ ਅਸੀਂ ਕਿਸੇ ਚੀਜ਼ ਦੀ ਫੋਟੋ ਕਾਪੀ ਕਰਦੇ ਹਾਂ, ਉਵੇਂ ਤਕਨੀਕ ਚਲਦੀਆਂ ਫਿਰਦੀਆਂ ਚੀਜ਼ਾਂ ਦੀ ਕਾਪੀ ਕਰ ਸਕਦੀਆਂ ਹਨ। ਸਕਰੀਨ 'ਤੇ ਇੱਕ ਇਨਸਾਨ ਨੂੰ ਤੁਸੀਂ ਚੱਲਦੇ-ਫਿਰਦੇ, ਬੋਲਦੇ ਦੇਖ ਸਕਦੇ ਹੋ, ਜੋ ਨਕਲੀ ਹੋਵੇਗਾ।

# ਲੰਡਨ ਵਿਚ ਹੋਏ ਅੱਤਵਾਦੀ ਹਮਲੇ ਦੀ ਤੰਦ ਪਾਕਿਸਤਾਨ ਤੇ ਅਲ-ਕਾਇਦਾ ਨਾਲ ਜੁੜੀ

### * ਮਾਰੇ ਗਏ ਸ਼ੱਕੀ ਦੇ ਸੰਬੰਧ ਪਾਕਿ ਨਾਲ ਜੁੜੇ ਨਿਕਲੇ




ਲੰਡਨ, 1 ਦਸੰਬਰ (ਪੋਸਟ ਬਿਊਰੋ)- ਲੰਡਨ ਬ੍ਰਿਜ ਦੇ ਹਮਲੇ ਦੇ ਸ਼ੱਕੀ ਦੋਸ਼ੀ ਵਜੋਂ ਪਛਾਣੇ ਗਏ ਦੋਸ਼ੀ ਉਸਮਾਨ ਖ਼ਾਨ ਦੇ ਤਾਰ ਪਾਕਿਸਤਾਨ ਨਾਲ ਜੁੜੇ ਨਿਕਲੇ ਹਨ। ਇਸ ਬਾਰੇ ਲੰਡਨ ਪੁਲਿਸ ਦਾ ਦਾਅਵਾ ਹੈ ਕਿ ਉਸਮਾਨ ਸਾਬਕਾ ਅੱਤਵਾਦੀ ਹੈ ਅਤੇ ਅਲ-ਕਾਇਦਾ ਵਰਗੇ ਅੱਤਵਾਦੀ ਸੰਗਠਨ ਦੀ ਸੋਚ ਤੋਂ ਪ੍ਰਭਾਵਤ ਹੈ। ਉਸ ਨੇ ਆਪਣਾ ਬਚਪਨ ਪਾਕਿ-ਸਤਾਨ ਵਿਚ ਗੁਜ਼ਾਰਿਆ ਸੀ ਅਤੇ ਉਸ ਦੀ ਮੁੱਢਲੀ ਪੜ੍ਹਾਈ ਵੀ ਓਥੇ ਹੋਈ ਸੀ। ਪਾਕਿਸਤਾਨ ਵਿਚ ਉਹ ਆਪਣੀ ਬੀਮਾਰ ਮਾਂ ਦੇ ਨਾਲ ਰਹਿੰਦਾ ਸੀ ਅਤੇ ਅਲ ਕਾਇਦਾ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ।

ਪਤਾ ਲੱਗਾ ਹੈ ਕਿ ਸ਼ੁੱਕਰਵਾਰ ਬਾਅਦ ਦੋਪਹਿਰ ਲੰਡਨ ਬ੍ਰਿਜ ਵਿਖੇ ਹੋਏ ਹਮਲੇ ਦਾ ਦੋਸ਼ੀ ਪਿਛਲੇ ਸਾਲ ਬ੍ਰਿਟੇਨ ਦੀ ਜੇਲ੍ਹ ਵਿਚੋਂ ਰਿਹਾਅ ਹੋਇਆ ਸੀ। ਲੰਡਨ ਪੁਲਿਸ ਦੇ ਮੁਤਾਬਕ ਉਸ ਤੋਂ ਪਹਿਲਾਂ 1990 ਵਿਚ ਲੰਡਨ ਐਕਸਚੇਂਜ ਦੇ ਬੰਬ ਧਮਾਕੇ ਵਿਚ ਉਸ ਦੀ ਭੂਮਿਕਾ ਲਈ ਉਸ ਨੂੰ 16 ਸਾਲ ਜੇਲ੍ਹ ਦੀ ਸਜ਼ਾ ਹੋਈ ਸੀ। ਉਸ ਧਮਾਕੇ ਵਿਚ ਦੋ ਲੋਕਾਂ ਦੀ ਮੌਤ ਹੋਈ ਸੀ। ਅਖਬਾਰ ਟੈਲੀਗ੍ਰਾਫ ਦੇ ਅਨੁਸਾਰ ਸਾਲ 2012 ਵਿਚ ਸਜ਼ਾ ਸੁਣਾਉਂਦੇ ਸਮੇਂ ਜੱਜ ਨੇ ਚੇਤਾਵਨੀ ਦਿੱਤੀ ਸੀ ਕਿ ਉਹ ਇਕ ਗੰਭੀਰ ਜੇਹਾਦੀ ਹੈ, ਉਸ ਨੂੰ ਰਿਹਾਅ ਨਹੀਂ ਕਰਨਾ ਚਾਹੀਦਾ। ਇਹ ਆਮ ਨਾਗਰਿਕਾਂ ਲਈ ਖ਼ਤਰਾ ਹੈ।

ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਬਾਅਦ ਦੋਪਹਿਰ ਬ੍ਰਿਟੇਨ ਦੀ ਰਾਜਧਾਨੀ ਦੇ ਲੰਡਨ ਬ੍ਰਿਜ ਖੇਤਰ ਵਿਚ ਇਕ ਸ਼ੱਕੀ ਵਿਅਕਤੀ ਨੇ ਲੋਕਾਂ ਉੱਤੇ ਚਾਕੂਆਂ ਨਾਲ ਹਮਲਾ ਸ਼ੁਰੂ ਕਰ ਦਿੱਤਾ ਸੀ, ਜਿਸ ਵਿਚ ਛੇ ਲੋਕ ਜ਼ਖ਼ਮੀ ਹੋ ਗਏ ਸਨ।

ਅੱਤਵਾਦੀ ਜਮਾਤ ਇਸਲਾਮਿਕ ਸਟੇਟ (ਆਈ ਐੱਸ) ਨੇ ਲੰਡਨ ਵਿਚ ਚਾਕੂਬਾਜ਼ੀ ਦੀ ਜ਼ਿੰਮੇਵਾਰੀ ਲਈ ਹੈ। ਇਸ ਹਮਲੇ ਵਿਚ ਦੋ ਲੋਕਾਂ ਦੀ ਮੌਤ ਹੋਈ ਅਤੇ ਪੁਲਿਸ ਨੇ ਹਮਲਾਵਰ ਨੂੰ ਮਾਰ ਦਿੱਤਾ ਸੀ। ਇਸ ਬਾਰੇ ਆਈ ਐੱਸ ਨੇ ਆਪਣੇ ਖ਼ਿਲਾਫ਼ ਕਈ ਦੇਸ਼ਾਂ ਦੀ ਸਾਂਝ ਦਾ ਜ਼ਿਕਰ ਕਰ ਕੇ ਨਿਊਜ਼ ਏਜੰਸੀ ਤੋਂ ਕਿਹਾ ਕਿ ਲੰਡਨ ਵਿਚ ਹਮਲਾ ਕਰਨ ਵਾਲਾ ਬੰਦਾ ਆਈ ਐੱਸ ਦਾ ਲੜਾਕਾ ਸੀ ਤੇ ਉਸ ਨੇ ਗੱਠਜੋੜ ਦੇਸ਼ਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਲਈ ਇਹ ਕੁਝ ਕੀਤਾ ਹੈ।

## ਹੇਗ 'ਚ ਚਾਕੂਬਾਜ਼ੀ, ਤਿੰਨ ਨਾਬਾਲਗ ਜ਼ਖਮੀ




ਹੇਗ, 1 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਮਸ਼ਹੂਰ ਲੰਡਨ ਬ੍ਰਿਜ ਦੇ ਵਾਂਗ ਨੀਦਰਲੈਂਡ ਦੇ ਹੇਗ ਵਿੱਚ ਵੀ ਇੱਕ ਹੋਰ ਹਮਲਾਵਰ ਨੇ ਅਚਾਨਕ ਚਾਕੂ ਨਾਲ ਲੋਕਾਂ 'ਤੇ ਹਮਲਾ ਕਰ ਦਿੱਤਾ। ਸ਼ੁੱਕਰਵਾਰ ਸ਼ਾਮ ਹੇਗ ਦੇ ਮੁੱਖ ਸ਼ਾਪਿੰਗ ਇਲਾਕੇ ਵਿੱਚ ਹੋਈ ਇਸ ਘਟਨਾ ਵਿੱਚ ਤਿੰਨ ਨਾਬਾਲਗ ਜ਼ਖਮੀ ਹੋ ਗਏ। ਇੱਕ ਡਿਪਾਰਟਮੈਂਟ ਸਟੋਰ ਵਿੱਚ ਹੋਈ ਇਸ ਵਾਰਦਾਤ ਪਿੱਛੋਂ ਹਮਲਾਵਰ ਫਰਾਰ ਹੋ ਗਿਆ, ਘਟਨਾ ਪਿੱਛੋਂ ਦੁਕਾਨਦਾਰ ਦਹਿਸ਼ਤ ਵਿੱਚ ਹਨ। ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਇਸ ਬਾਰੇ ਚਿਤਾਵਨੀ ਜਾਰੀ ਕਰਦੇ ਹੋਏ ਘਟਨਾ ਸਥਾਨ ਤੋਂ ਦੂਰ ਰਹਿਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਇਸ ਘਟਨਾ ਤੋਂ ਕੁਝ ਘੰਟੇ ਪਹਿਲਾਂ ਬ੍ਰਿਟੇਨ ਦੇ ਲੰਡਨ ਬ੍ਰਿਜ 'ਤੇ ਚਾਕੂਬਾਜ਼ੀ ਦੀ ਘਟਨਾ ਹੋਈ ਸੀ ਜਿਸ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਸੀ। ਲੰਡਨ ਪੁਲਸ ਨੇ ਇਸ ਨੂੰ ਅੱਤਵਾਦੀ ਹਮਲਾ ਕਰਾਰ ਦਿੱਤਾ ਸੀ। ਪੁਲਸ ਨੇ ਸ਼ੱਕੀ ਹਮਲਾਵਰ ਉਸਮਾਨ ਖਾਨ ਨੂੰ ਵੀ ਮਾਰ ਦਿੱਤਾ ਸੀ। ਨੀਦਰਲੈਂਡ ਪੁਲਸ ਹੇਗ ਹਮਲੇ ਦਾ ਫਿਲਹਾਲ ਕੋਈ ਅੱਤਵਾਦੀ ਕੁਨੈਕਸ਼ਨ ਨਹੀਂ ਲੱਭ ਰਹੀ ਹੈ। ਹੇਗ ਵਿੱਚ ਇਹ ਘਟਨਾ ਪਾਰਲੀਮੈਂਟ ਤੋਂ ਕੁਝ ਦੂਰ ਸ਼ਹਿਰ ਦੇ ਗ੍ਰੀਟ ਬਾਜ਼ਾਰ ਚੌਕ ਇਲਾਕੇ ਵਿੱਚ ਹਡਸਨ ਬੇ ਡਿਪਾਰਟਮੈਂਟਲ ਸਟੋਰ ਵਿੱਚ ਹੋਈ। ਇਥੇ ਸਾਰੇ ਵੱਡੇ ਬਰਾਂਡ ਦੀਆਂ ਦੁਕਾਨਾਂ ਹਨ।

ਹਮਲੇ ਦੇ ਸੰਬੰਧ ਵਿੱਚ ਪੁਲਸ ਦੇ ਬੁਲਾਰੇ ਮਰੀਜੇ ਕੁਈਪਰ ਨੇ ਕਿਹਾ ਕਿ ਸਾਰੇ ਹਾਲਾਤ ਨੂੰ ਧਿਆਨ ਵਿੱਚ ਰੱਖ ਕੇ ਜਾਂਚ ਕੀਤੀ ਜਾ ਰਹੀ ਹੈ। ਸਾਰੇ ਜ਼ਖਮੀ ਨਾਬਾਲਗ ਹਨ ਅਤੇ ਹਮਲੇ ਪਿੱਛੋਂ ਇਨ੍ਹਾਂ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਸਮੇਂ ਵਾਰਦਾਤ ਦੇ ਪਿੱਛੇ ਕਿਸੇ ਅੱਤਵਾਦੀ ਸਾਜ਼ਿਸ਼ ਦੀ ਗੱਲ ਦਿਖਾਈ ਨਹੀਂ ਦੇ ਰਹੀ ਹੈ। ਇੱਕ ਚਸ਼ਮਦੀਦ ਨੇ ਦੱਸਿਆ ਕਿ ਛੁਰੇਬਾਜ਼ੀ ਪਿੱਛੋਂ ਦੋ ਨਾਬਾਲਗ ਲੜਕੀਆਂ ਭੱਜਦੀਆਂ ਸਟੋਰ ਵਿੱਚ ਆਈਆਂ। ਇੱਕ ਹੋਰ ਨੇ ਦੱਸਿਆ ਕਿ ਉਸ ਨੇ ਦੋ ਲੜਕੀਆਂ ਨੂੰ ਚੀਕਦੇ ਹੋਏ ਭੱਜਦਿਆਂ ਦੇਖਿਆ। ਚਸ਼ਮਦੀਦ ਮੁਤਾਬਕ ਵਾਰਦਾਤ ਪਿੱਛੋਂ ਹਮਲਾਵਰ ਚੀਤੇ ਦੀ ਫੁਰਤੀ ਨਾਲ ਭੱਜ ਨਿਕਲਿਆ। ਸ਼ੁਰੂ ਵਿੱਚ ਪੁਲਸ ਨੇ ਹਮਲਵਾਰ ਦੀ ਉਮਰ ਚਾਲੀ ਤੋਂ ਪੰਜਾਹ ਦੇ ਆਸਪਾਸ ਦੱਸੀ, ਪਰੰਤੂ ਬਾਅਦ ਵਿੱਚ ਉਸ ਨੇ ਆਪਣਾ ਬਿਆਨੇ ਇਹ ਕਹਿੰਦੇ ਹੋਏ ਵਾਪਸ ਲੈ ਲਿਆ ਕਿ ਅਜੇ ਜਾਂਚ ਕੀਤੀ ਜਾ ਰਹੀ ਹੈ।

ਪਿਛਲੇ ਕੁਝ ਦਿਨਾਂ ਵਿੱਚ ਨੀਦਰਲੈਂਡ ਵਿੱਚ ਕਈ ਅੱਤਵਾਦੀ ਹਮਲੇ ਹੋਏ ਸਨ। ਮਾਰਚ ਵਿੱਚ ਯੂਟ੍ਰੈਕਟ ਸ਼ਹਿਰ ਦੀ ਟ੍ਰਾਮ ਵਿੱਚ ਫਾਇਰਿੰਗ ਵਿੱਚ ਚਾਰ ਲੋਕ ਮਾਰੇ ਗਏ ਸਨ। ਇਹ ਵਾਰਦਾਤ ਤੁਰਕੀ ਵਿੱਚ ਜਨਮੇ ਇੱਕ ਵਿਅਕਤੀ ਨੇ ਕੀਤੀ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਪਾਕਿਸਤਾਨੀ ਨੂੰ ਡੱਚ ਡਿਪਲੋਮੈਟ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਦੋਸ਼ੀ ਕਰਾਰ ਦਿੰਦੇ ਹੋਏ 10 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ।

### ਖ਼ਾਦਮ ਹੁਸੈਨ ਰਿਜ਼ਵੀ ਕਹਿੰਦੈ:

## ਜਿਨ੍ਹਾਂ ਪਾਕਿਸਤਾਨੀਆਂ ਨੂੰ ਸਿੱਖਾਂ ਨਾਲ ਪਿਆਰ ਹੈ, ਅੰਮ੍ਰਿਤਸਰ ਹੀ ਚਲੇ ਜਾਣ



ਲਾਹੌਰ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਕੱਟੜਪੰਥੀ ਤਹਿਰੀਕ-ਏ-ਲਬੈਕ ਪਾਰਟੀ (ਟੀ ਐੱਲ ਪੀ) ਦੇ ਮੁਖੀ ਖ਼ਾਦਮ ਹੁਸੈਨ ਰਿਜ਼ਵੀ ਨੇ ਸੰਮੇਲਨ ਦੌਰਾਨ ਸਿੱਖਾਂ ਪ੍ਰਤੀ ਜ਼ਹਿਰ ਉਗਲਦਿਆਂ ਕਿਹਾ ਕਿ ਜਿਨ੍ਹਾਂ (ਪਾਕਿਸਤਾਨੀਆਂ) ਨੂੰ ਸਿੱਖਾਂ ਨਾਲ ਪਿਆਰ ਹੈ, ਉਹ ਅੰਮ੍ਰਿਤਸਰ ਚਲੇ ਜਾਣ ਤੇ ਉਥੇ ਸਿੱਖਾਂ ਦੇ ਹੱਥਾਂ 'ਚ ਹੱਥ ਪਾ ਕੇ ਗਾਣੇ ਗਾਉਣ। ਉਸ ਦੇ ਇਸ ਤਰ੍ਹਾਂ ਦੇ ਪ੍ਰਚਾਰ ਦੇ ਨਾਲ ਸਿੱਖ ਭਾਈਚਾਰੇ ਵਿੱਚ ਕਾਫੀ ਰੋਸ ਹੈ।

ਦੱਸਿਆ ਗਿਆ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੇ ਵੱਖ-ਵੱਖ ਸੰਬੋਧਨਾਂ ਦੌਰਾਨ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਿੱਖ ਕੌਮ ਦਾ ਮਦੀਨਾ ਅਤੇ ਸ੍ਰੀ ਨਨਕਾਣਾ ਸਾਹਿਬ ਨੂੰ ਮੱਕਾ ਦੱਸ ਰਹੇ ਹਨ। ਸਿੱਖਾਂ ਪ੍ਰਤੀ ਉਨ੍ਹਾਂ ਦੀ ਇਸ ਭਾਵਨਾ ਦਾ ਮਜ਼ਾਕ ਬਣਾ ਕੇ ਖਾਦਮ ਹੁਸੈਨ ਰਿਜ਼ਵੀ ਨੇ ਵਿਰੋਧ ਕਰਦਿਆਂ ਕਿਹਾ ਕਿ ਪਾਕਿਸਤਾਨ ਸਿੱਖਾਂ ਦੀਆਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਨੂੰ ਰਾਹਦਾਰੀਆ (ਕਰਤਾਰਪੁਰ ਲਾਂਘਾ) ਦੇਣ ਲਈ ਨਹੀਂ ਬਣਿਆ ਅਤੇ ਨਾ ਸਿੱਖਾਂ ਦੇ ਕਿਸੇ ਅਸਥਾਨ ਦੀ ਮੱਕਾ ਮਦੀਨਾ ਨਾਲ ਤੁਲਨਾ ਕਰਨ ਲਈ ਬਣਿਆ ਹੈ।

ਪਤਾ ਲੱਗਾ ਹੈ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਪਿੱਛੋਂ ਸਿੱਖ ਅਤੇ ਮੁਸਲਿਮ ਭਾਈਚਾਰੇ ਵਿੱਚ ਵਧ ਰਹੀ ਨੇੜਤਾ ਤੇ ਭਾਈਚਾਰਕ ਸਾਂਝ ਤੋਂ ਘਬਰਾਹਟ ਵਿੱਚ ਆਏ ਕੱਟੜਪੰਥੀ ਰਿਜ਼ਵੀ ਨੇ ਆਪਣੀ ਪਿਛਲੀ ਵੀਡੀਓ ਵਿੱਚ ਸਿੱਖ ਸ਼ਰਧਾਲੂਆਂ ਪ੍ਰਤੀ ਇਤਰਾਜ਼ ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ। ਉਸ ਨੇ ਇਮਰਾਨ ਖਾਨ ਨੂੰ ਕਿਸੇ ਸ਼ਹਿਰ ਜਾਂ ਕਿਸੇ ਹੋਰ ਧਰਮ ਦੇ ਅਸਥਾਨ ਦੀ ਤੁਲਾਨ ਮੱਕਾ ਮਦੀਨਾ ਨਾਲ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੰਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਵੀ ਗਲਤ ਸ਼ਬਦਾਵਲੀ ਵਰਤੀ ਅਤੇ ਸਿੱਖਾਂ ਅਤੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ। ਪਾਕਿਸਤਾਨੀ ਸਿੱਖਾਂ ਸਮੇਤ ਸਮੁੱਚੇ ਸਿੱਖ ਜਗਤ ਨੇ ਰਿਜ਼ਵੀ ਵੱਲੋਂ ਸਿੱਖ ਗੁਰੂ ਸਾਹਿਬਾਨ, ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖਾਂ ਪ੍ਰਤੀ ਇਤਰਾਜ਼ ਯੋਗ ਸ਼ਬਦਾਵਲੀ ਵਰਤੇ ਜਾਣ ਦੀ ਨਿੰਦਾ ਕੀਤੀ ਤੇ ਪਾਕਿ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮੁਸਲਿਮ ਤੇ ਸਿੱਖਾਂ ਦੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਰਿਜ਼ਵੀ ਵਰਗੇ ਨਫਰਤ ਪੈਦਾ ਕਰਨ ਵਾਲੇ ਧਾਰਮਿਕ ਆਗੂਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

## ਬ੍ਰਿਟੇਨ ਵਿੱਚੋਂ ਮਿਲੀਆਂ ਲਾਸ਼ਾਂ ਵੀਅਤਨਾਮ ਭੇਜੀਆਂ ਗਈਆਂ

ਮਾਸਕੋ, 1 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿਚ ਇੱਕ ਟਰੱਕ 'ਚੋਂ ਬਰਾਮਦ ਹੋਈਆਂ 23 ਵੀਅਤਨਾਮੀ ਨਾਗਰਿਕਾਂ ਦੀਆਂ ਲਾਸ਼ਾਂ ਨੂੰ ਵੀਅਤਨਾਮ ਭੇਜ ਦਿੱਤਾ ਗਿਆ ਹੈ। ਇਹ 30 ਲਾਸ਼ਾਂ ਬ੍ਰਿਟੇਨ ਵਿੱਚ ਟਰੱਕ ਵਿੱਚੋਂ ਬਰਾਮਦ ਹੋਈਆਂ ਸਨ, ਜਿਨ੍ਹਾਂ 'ਚੋਂ 16 ਲਾਸ਼ਾਂ ਨੂੰ ਬੁੱਧਵਾਰ ਨੂੰ ਵੀਅਤਨਾਮ ਭੇਜ ਦਿੱਤਾ ਗਿਆ ਸੀ।

ਮਿਲੀ ਰਿਪੋਰਟ ਮੁਤਾਬਕ ਹਨੋਈ ਦੇ ਨੋਈ-ਬਾਈ ਕੌਮਾਂਤਰੀ ਹਵਾਈ ਅੱਡੇ ਉੱਤੇ ਕੱਲ੍ਹ ਸਵੇਰੇ ਇੱਕ ਜਹਾਜ਼ 23 ਲਾਸ਼ਾਂ ਨੂੰ ਲੈ ਕੇ ਪੁੱਜਾ। ਜਾਂਚ ਅਧਿਕਾਰੀਆਂ ਨੇ ਬਾਅਦ 'ਚ ਇਨ੍ਹਾਂ ਲਾਸ਼ਾਂ ਨੂੰ ਐਂਬੂਲੈਂਸਾਂ ਰਾਹੀਂ ਉਨ੍ਹਾਂ ਦੇ ਰਿਸ਼ਤੇਦਾਰਾਂ ਕੋਲ ਪੁਚਾ ਦਿੱਤਾ।

ਵਰਨਣ ਯੋਗ ਹੈ ਕਿ ਅਕਤੂਬਰ ਵਿੱਚ ਬ੍ਰਿਟੇਨ ਦੇ ਐਸੈਕਸ ਕਾਊਂਟੀ ਦੇ ਇੱਕ ਇੰਡਸਟਰੀਅਲ ਪਾਰਕ ਵਿੱਚ ਇੱਕ ਟਰੱਕ 'ਚੋਂ 39 ਵੀਅਤਨਾਮੀ ਨਾਗਰਿਕਾਂ ਦੀਆਂ ਲਾਸ਼ਾਂ ਮਿਲੀਆਂ ਸਨ, ਜਿਨ੍ਹਾਂ ਕਾਰਨ ਪੂਰੇ ਦੇਸ਼ ਵਿੱਚ ਹੰਗਾਮਾ ਮਚ ਗਿਆ ਸੀ। ਇਸ ਬਾਰੇ ਟਰੱਕ ਚਾਲਕ ਮੌਰਿਸੇ ਰਾਨਿਬਨਸਨ, ਉੱਤਰੀ ਆਇਰਲੈਂਡ ਦੇ ਇੱਕ ਵਿਅਕਤੀ ਸਣੇ ਕਈ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਸੀ ਅਤੇ ਉਨ੍ਹਾਂ 'ਤੇ ਕਤਲ ਅਤੇ ਮਨੁੱਖੀ ਤਸਕਰੀ ਸਣੇ ਕਈ ਮਾਮਲੇ ਦਰਜ ਕੀਤੇ ਗਏ।

### ਪਾਕਿ ਦੇ ਜੱਜ ਨੇ ਕਿਹਾ:

## ਸੰਵਿਧਾਨ ਨੂੰ ਕੀ ਦੇਖੀਏ, ਸਾਨੂੰ ਤਾਂ ਭਾਰਤ ਅਤੇ ਸੀ ਆਈ ਏ ਦਾ ਏਜੰਟ ਬਣਾ ਦਿੱਤਾ ਗਿਐ

ਇਸਲਾਮਾਬਾਦ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ ਦੇ ਮੁੱਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਲਈ ਸੇਵਾ ਵਿੱਚ ਜੁੜੇ ਕੇਸ ਦੀ ਸੁਣਵਾਈ ਦੌਰਾਨ ਜੱਜਾਂ ਨੂੰ ਜਿਸ ਦਰਦ ਵਿੱਚੋਂ ਲੰਘਣਾ ਪਿਆ, ਉਸ ਦਾ ਜ਼ਿਕਰ ਚੀਫ ਜਸਟਿਸ ਆਸਿਫ ਸਈਦ ਖੋਸਾ ਨੇ ਸੁਣਵਾਈ ਵੇਲੇ ਆਪਣੀ ਟਿੱਪਣੀ ਵਿੱਚ ਕੀਤਾ ਹੈ।

ਜਸਟਿਸ ਖੋਸਾ ਨੇ ਸੁਣਵਾਈ ਦੌਰਾਨ ਕਿਹਾ ਕਿ ਇਸ ਕੇਸ ਵਿੱਚ ਉਨ੍ਹਾਂ ਦੀ ਅਗਵਾਈ ਵਾਲੀ ਬੈਂਚ ਨੇ ਸੰਵਿਧਾਨ ਤੇ ਕਾਨੂੰਨ ਦੀਆਂ ਧਰਾਵਾਂ ਦੀ ਬਾਰੀਕੀ ਨਾਲ ਘੋਖ ਦਾ ਆਪਣਾ ਕੰਮ ਕੀਤਾ ਸੀ, ਪਰ ਇਸ ਦੇ ਲਈ ਲੋਕਾਂ ਨੇ ਜੱਜਾਂ ਦੇ ਖਿਲਾਫ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਨੂੰ ਭਾਰਤ ਅਤੇ ਸੀ ਆਈ ਏ (ਅਮਰੀਕੀ ਖੁਫੀਆ ਸੰਸਥਾ) ਦਾ ਏਜੰਟ ਆਖਿਆ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਿਕ ਸੰਸਥਾਵਾਂ ਬਾਰੇ ਅਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਜਸਟਿਸ ਖੋਸਾ ਨੇ ਆਪਣੀ ਟਿੱਪਣੀ ਵਿੱਚ ਕਿਹਾ ਕਿ ਇਹ ਕਹਿ ਦਿੱਤਾ ਗਿਆ ਕਿ ਤਿੰਨੇ ਜੱਜ ਸੀ ਆਈ ਏ ਦੇ ਏਜੰਟ ਹਨ। ਲੋਕਾਂ ਨੇ ਇਥੋਂ ਤੱਕ ਕਿਹਾ ਦਿੱਤਾ ਕਿ ਤਿੰਨੋਂ ਜੱਜ ਭਾਰਤ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ। ਇਨ੍ਹਾਂ ਲੋਕਾਂ ਨੇ ਕਿਹਾ ਕਿ ਪਾਕਿਸਤਾਨ ਦੇ ਇਨ੍ਹਾਂ ਜੱਜਾਂ ਨੂੰ ਭਾਰਤ ਦੇ ਟੀ ਵੀ ਚੈਨਲਾਂ ਉੱਤੇ ਵਿਖਾਇਆ ਜਾ ਰਿਹਾ ਹੈ।

## ਕੁਆਰੇਪਣ ਦੀ ਡਾਕਟਰੀ ਜਾਂਚ ਉਤੇ ਪਾਬੰਦੀ ਦਾ ਬਿੱਲ ਪੇਸ਼

ਨਿਊ ਯਾਰਕ, 1 ਦਸੰਬਰ (ਪੋਸਟ ਬਿਊਰੋ)- ਨਿਊ ਯਾਰਕ 'ਚ ਸਟੇਟੇ ਪਾਰਲੀਮੈਂਟ ਮੈਂਬਰਾਂ ਨੇ ਅਜਿਹਾ ਬਿੱਲ ਪੇਸ਼ ਕੀਤਾ ਹੈ, ਜੋ ਰਾਜ ਵਿੱਚ ਡਾਕਟਰਾਂ ਨੂੰ ਕੁਆਰੇਪਣ ਦੀ ਡਾਕਟਰੀ ਜਾਂਚ ਕਰਨ ਤੋਂ ਰੋਕ ਦੇਵੇਗਾ।

ਨਿਊ ਯਾਰਕ ਦੀ ਸਟੇਟੇ ਅਸੈਂਬਲੀ ਵਿੱਚ ਸੋਮਵਾਰ ਇਹ ਬਿੱਲ ਪੇਸ਼ ਕੀਤਾ ਗਿਆ। ਇਸ ਬਾਰੇ ਰਾਜਾਂ ਲਈ ਇੱਕ ਮੰਗ ਪੱਤਰ ਹੈ। ਇਸ ਹਫਤੇ ਦੇ ਅੰਤ ਵਿੱਚ ਰਾਜ ਦੀ ਸੈਨੇਟ ਵਿੱਚ ਇੱਕ ਸਹਿਯੋਗੀ ਬਿੱਲ ਵੀ ਪੇਸ਼ ਕੀਤਾ ਗਿਆ। ਜੇ ਇਹ ਕਾਨੂੰਨ ਪਾਸ ਹੋ ਜਾਂਦਾ ਹੈ ਤਾਂ ਕੁਆਰੇਪਣ ਦੀ ਜਾਂਚ ਕਰਾਉਣ ਵਾਲੇ ਡਾਕਟਰ, ਜਿਸ ਦਾ ਬਿੱਲ ਟੈਕਸਟ ਇਹ ਦੱਸਦਾ ਹੈ ਕਿ ਔਰਤ ਵੱਲੋਂ ਜਿਨਸੀ ਸੰਬੰਧ ਕਾਇਮ ਕੀਤੇ ਗਏ ਹਨ, ਨੂੰ ਪੇਸ਼ੇਵਰ ਦੁਰਾਚਾਰ ਦੇ ਜੁਰਮਾਨੇ ਅਤੇ ਸੰਭਾਵਿਤ ਅਪਰਾਧਕ ਦੋਸ਼ਾਂ ਦੇ ਅਧੀਨ ਕੀਤਾ ਜਾਵੇਗਾ। ਅਸੈਂਬਲੀ ਬਿੱਲ ਲਈ ਮੈਮੋਰੰਡਮ ਵਿੱਚ ਕਿਹਾ ਗਿਆ ਹੈ ਕਿ ਇਸ ਕਾਨੂੰਨ ਦਾ ਉਦੇਸ਼ ਔਰਤਾਂ 'ਤੇ ਹਾਈਮਨ ਟੈਸਟਾਂ ਦੇ ਪ੍ਰਦਰਸ਼ਨ ਨੂੰ ਰੋਕਣਾ ਹੈ ਤਾਂ ਜੋ ਇਹ ਪਤਾ ਨਾ ਲਾਇਆ ਜਾ ਸਕੇ ਕਿ ਔਰਤ ਕੁਆਰੀ ਹੈ ਜਾਂ ਨਹੀਂ। ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਹ ਟੈਸਟ ਕੇਵਲ ਔਰਤਾਂ ਅਤੇ ਕੁੜੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੀ ਨਹੀਂ ਹਨ ਸਗੋਂ ਬਲਾਤਕਾਰ ਦੇ ਮਾਮਲਿਆਂ 'ਚ ਔਰਤਾਂ ਨੂੰ ਹੋਰ ਵਾਧੂ ਦਰਦ ਦਿੰਦੇ ਹਨ।

## ਪ੍ਰਧਾਨ ਮੰਤਰੀ ਜੌਨਸਨ ਨੇ ਬਹਿਸ ਵਿੱਚ ਜਾਣ ਤੋਂ ਇਨਕਾਰ ਕੀਤਾ



ਲੰਡਨ, 1 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕੱਲ੍ਹ ਏਥੇ ਜਲਵਾਯੂ ਪਰਿਵਰਤਨ ਦੇ ਮੁੱਦੇ ਉੱਤੇ ਟੀ ਵੀ ਉੱਤੇ ਹੋ ਰਹੀ ਚੋਣ ਬਹਿਸ ਤੋਂ ਖੁਦ ਨੂੰ ਵੱਖ ਕਰ ਲਿਆ। ਇਸ ਉੱਤੇ ਟੀ ਵੀ ਚੈਨਲ ਨੇ ਉਨ੍ਹਾਂ ਦੀ ਥਾਂ ਕੰਜ਼ਰਵੇਟਿਵ ਪਾਰਟੀ ਦੇ ਲੋਕਾਂ ਵਾਲੀ ਸੀਟ ਉੱਤੇ ਬਰਫ ਦੀ ਮੂਰਤੀ ਰੱਖ ਕੇ ਬਹਿਸ ਪੂਰੀ ਕੀਤੀ। ਬੋਰਸ ਜੌਨਸਨ ਦੇ ਇਲਾਵਾ ਬ੍ਰੈਗਜ਼ਿਟ ਪਾਰਟੀ ਦੇ ਆਗੂ ਨਿਗੇਲ ਫਰਾਜ ਨੇ ਵੀ ਇਸ ਵਿੱਚ ਹਿੱਸਾ ਨਹੀਂ ਲਿਆ। ਉਨ੍ਹਾਂ ਦੀ ਥਾਂ ਵੀ ਪਾਰਟੀ ਦੇ ਪ੍ਰਤੀਕ ਵਜੋਂ ਬਰਫ ਦੀ ਕਲਾਕ੍ਰਿਤ ਰੱਖੀ ਗਈ।

ਯੂਰਪੀ ਪਾਰਲੀਮੈਂਟ ਵਿੱਚ ਜਲਵਾਯੂ ਪਰਿਵਰਤਨ ਐਮਰਜੈਂਸੀ ਐਲਾਨੇ ਜਾਣ ਦੇ ਮੁੱਦੇ ਉਤੇ ਹੋਈ ਵੋਟਿੰਗ ਦੇ ਕੁਝ ਘੰਟੇ ਪਿੱਛੋਂ ਇਹ ਬਹਿਸ ਕਰਵਾਈ ਗਈ ਸੀ। ਬ੍ਰਿਟੇਨ ਵਿੱਚ 12 ਦਸੰਬਰ ਨੂੰ ਆਮ ਚੋਣਾ ਹੋਣ ਵਾਲੀਆਂ ਹਨ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੇ ਬ੍ਰਿਟੇਨ ਦੇ ਮੀਡੀਆ ਰੈਗੂਲੇਟਰੀ ਆਫਕਾਮ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਪਾਰਟੀ ਨੇ ਪ੍ਰਧਾਨ ਮੰਤਰੀ ਜੌਨਸਨ ਦੀ ਥਾਂ ਇੱਕ ਹੋਰ ਆਗੂ ਮਾਈਕਲ ਗੋਵ ਨੂੰ ਚਰਚਾ ਵਿੱਚ ਸ਼ਾਮਲ ਹੋਣ ਦੀ ਤਜਵੀਜ਼ ਦਿੱਤਾ ਸੀ ਪ੍ਰੰਤੂ ਚੈਨਲ ਚਾਰ ਨੇ ਇਹ ਗੱਲ ਰੱਦ ਕਰ ਦਿੱਤੀ। ਪਾਰਟੀ ਨੇ ਦੋਸ਼ ਲਾਇਆ ਕਿ ਚੈਨਲ ਦਾ ਫੈਸਲਾ ਦੱਸਦਾ ਹੈ ਕਿ ਉਹ ਕੰਜ਼ਰਵੇਟਿਵ ਪਾਰਟੀ ਨੂੰ ਟੀ ਵੀ ਬਹਿਸ ਵਿੱਚ ਪ੍ਰਤੀਨਿਧਤਾ ਨਹੀਂ ਦੇਣਾ ਚਾਹੁੰਦਾ। ਇਸ ਬਹਿਸ ਵਿੱਚ ਵਿਰੋਧੀ ਧਿਰ ਵੱਲੋਂ ਲੇਬਰ ਪਾਰਟੀ ਦੇ ਆਗੂ ਜੈਰੇਮੀ ਕਾਰਬਿਨ, ਲਿਬਰਲ ਡੈਮੋਕ੍ਰੇਟ ਜੋ ਸਵਿਨਸਨ ਅਤੇ ਹੋਰ ਪਾਰਟੀਆਂ ਦੇ ਮੁੱਖੀਆਂ ਨੇ ਹਿੱਸਾ ਲਿਆ ਸੀ, ਜਿਸ ਵਿੱਚ ਉਨ੍ਹਾਂ ਨੇ ਜਲਵਾਯੂ ਪਰਿਵਰਤਨ ਨਾਲ ਨਿਪਟਣ ਲਈ ਆਪਣੀ ਪਾਰਟੀ ਦੀਆਂ ਯੋਜਨਾਵਾਂ ਨੂੰ ਜਨਤਾ ਦੇ ਸਾਹਮਣੇ ਰੱਖਿਆ ਸੀ। ਦੋ ਆਗੂਆਂ ਦੀ ਥਾਂ ਬਰਫ ਦੀ ਕਲਾਕ੍ਰਿਤ ਰੱਖਣ ਬਾਰੇ ਚੈਨਲ ਚਾਰ ਨੇ ਕਿਹਾ ਕਿ ਇਹ ਧਰਤੀ ਦੀ ਹੰਗਾਮੀ ਹਾਲਤ ਦੀ ਪ੍ਰਤੀਨਿਧਤਾ ਕਰਦਾ ਹੈ। ਜੌਨਸਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਥੈਰੇਸਾ ਮੇ ਨੇ 2017 ਦੀ ਚੋਣ ਤੋਂ ਪਹਿਲੇ ਟੀ ਵੀ ਵਾਲੀ ਕਿਸੇ ਬਹਿਸ ਵਿੱਚ ਹਿੱਸਾ ਨਹੀਂ ਲਿਆ ਸੀ।


FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


## ਲਗਭਗ 18000 ਸਾਲ ਪੁਰਾਣਾ ਜੀਵ ਬਰਫ ਵਿੱਚ ਦਫਨ ਮਿਲਿਆ

ਮਾਸਕੋ, 1 ਦਸੰਬਰ (ਪੋਸਟ ਬਿਊਰੋ)- ਰੂਸ ਦੇ ਵਿਗਿਆਨੀ ਓਦੋਂ ਹੈਰਾਨ ਰਹਿ ਗਏ ਜਦੋਂ ਸਾਈਬੇਰੀਆ ਦੇ ਯਾਕੁਤਸਕ ਵਿੱਚ ਬਰਫ ਹਟਣ ਤੋਂ ਬਾਅਦ ਇੱਕ ਜੀਵ ਮਿਲਿਆ। ਇਸ ਜੀਵ ਦਾ ਸਰੀਰ ਪੂਰੀ ਤਰ੍ਹਾਂ ਸੁਰੱਖਿਅਤ ਸੀ। ਇਸ ਦੇ ਵਾਲ, ਦੰਦ ਅਤੇ ਨੱਕ ਪੂਰੀ ਤਰ੍ਹਾਂ ਸਹੀ ਸਲਾਮਤ ਮਿਲੇ ਹਨ।

ਰੂਸੀ ਵਿਗਿਆਨੀਆਂ ਨੇ ਜਦੋਂ ਡੀ ਐੱਨ ਏ ਟੈਸਟ ਰਾਹੀਂ ਇਸ ਦੀ ਕਾਰਬਨ ਡੇਟਿੰਗ ਕਰਵਾਈ ਤਾਂ ਪਤਾ ਲੱਗਾ ਕਿ ਇਹ ਕਰੀਬ 18 ਹਜ਼ਾਰ ਸਾਲ ਤੋਂ ਬਰਫ ਹੇਠਾਂ ਦੱਬਿਆ ਪਿਆ ਸੀ, ਪਰ ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਕੁੱਤੇ ਦਾ ਬੱਚਾ ਹੈ ਜਾਂ ਭੇੜੀਏ ਦਾ। ਰੂਸੀ ਵਿਗਿਆਨੀਆਂ ਦੀ ਮਦਦ ਸਵੀਡਨ ਦੇ ਵਿਗਿਆਨੀ ਵੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਰਮਾਫ੍ਰਾਸਟ ਕੰਡੀਸ਼ਨ ਹੋਣ ਕਾਰਨ ਇਸ ਦਾ ਸਰੀਰ ਇੰਨਾ ਸੁਰੱਖਿਅਤ ਬਚਿਆ ਹੈ। ਜਦੋਂ ਕੋਈ ਜੀਵ-ਜੰਤੂ ਦੋ ਸਾਲ ਤੋਂ ਵੱਧ ਸਮੇਂ ਲਈ ਜ਼ੀਰੋ ਡਿਗਰੀ ਤਾਪਮਾਨ ਤੋਂ ਹੇਠਾਂ ਰਹਿੰਦਾ ਹੈ ਤਾਂ ਉਸ ਨੂੰ ਪਰਮਾਫ੍ਰਾਸਟ ਕਹਿੰਦੇ ਹਨ। ਵਿਗਿਆਨੀ ਮੰਨਦੇ ਹਨ ਕਿ ਅਜੋਕੇ ਕੁੱਤੇ ਭੇੜੀਏ ਦੀ ਹੀ ਘਰੇਲੂ ਨਸਲ ਹਨ। ਇਸ ਬਾਰੇ ਨੇਚਰ ਮੈਗਜ਼ੀਨ ਵਿੱਚ 2017 ਵਿੱਚ ਲੇਖ ਛਪਿਆ ਸੀ। ਅਜੋਕੇ ਘਰੇਲੂ ਕੁੱਤੇ ਦਾ ਜੈਵਿਕ ਇਤਿਹਾਸ 20 ਤੋਂ ਚਾਲੀ ਹਜ਼ਾਰ ਸਾਲ ਪੁਰਾਣਾ ਹੈ।

ਬਰਫ ਹੇਠੋਂ ਲੱਭੇ ਇਸ ਜੀਵ ਦਾ ਨਾਂ ਡੋਗੇਰ ਰੱਖਿਆ ਗਿਆ ਹੈ। ਡੋਗੇਰ ਦਾ ਮਤਲਬ ਹੁੰਦਾ ਹੈ ਦੋਸਤ। ਇਹ ਨਾਂਅ ਰੂਸੀ ਵਿਗਿਆਨੀਆਂ ਨੇ ਰੱਖਿਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਇੱਕ ਨਰ ਹੈ। ਵਿਗਿਆਨੀਆਂ ਨੂੰ ਜਾਂਚ ਵਿੱਚ ਪਤਾ ਲੱਗਿਆ ਕਿ ਜਦੋਂ ਇਹ ਜੀਵ ਬਰਫ ਵਿੱਚ ਦਫਨ ਹੋਇਆ ਤਾਂ ਇਸ ਦੀ ਉਮਰ ਸਿਰਫ ਦੋ ਮਹੀਨੇ ਸੀ। ਵਿਗਿਆਨੀਆਂ ਦਾ ਮੰਨਣਾ ਹੈ ਕਿ ਅਜਿਹਾ ਵੀ ਹੋ ਸਕਦਾ ਹੈ ਕਿ ਇਹ ਕੁੱਤੇ ਤੇ ਭੇੜੀਏ ਦੇ ਵਿਚਾਲੇ ਦੀ ਕੋਈ ਨਸਲ ਹੋਵੇ।

### ਪਾਕਿ ਦੇ ਮੰਤਰੀ ਨੇ ਕਿਹਾ:

# ਕਰਤਾਰਪੁਰ ਲਾਂਘਾ ਇਮਰਾਨ ਨੇ ਨਹੀਂ ਦਿੱਤਾ, ਜਨਰਲ ਬਾਜਵਾ ਦੇ ਦਿਮਾਗ ਦੀ ਕਾਢ ਸੀ



ਇਸਲਾਮਾਬਾਦ, 1 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਸੱਤਾ ਸੰਭਾਲਣ ਦੇ ਕੁਝ ਹਫ਼ਤੇ ਬਾਅਦ ਜਦੋਂ ਅਚਾਨਕ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਗੱਲ ਕਹੀ ਸੀ, ਉਦੋਂ ਤੋਂ ਭਾਰਤ ਦੇ ਕਈ ਸੁਰੱਖਿਆ ਮਾਹਰ ਇਸ ਪੇਸ਼ਕਸ਼ ਦੇ ਕਾਰਨ ਬਾਰੇ ਸੋਚਾਂ ਵਿੱਚ ਸਨ। ਅੱਜ ਪਾਕਿਸਤਾਨ ਦੇ ਇਕ ਕੇਂਦਰੀ ਮੰਤਰੀ ਨੇ ਇਸ ਬਾਰੇ ਖੁੱਲ੍ਹ ਕੇ ਕਹਿ ਦਿੱਤਾ ਹੈ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਪਿੱਛੇ ਇਮਰਾਨ ਖਾਨ ਨਹੀਂ, ਅਸਲ ਵਿੱਚ ਜਨਰਲ ਬਾਜਵਾ ਸੀ।

ਇਮਰਾਨ ਖਾਨ ਸਰਕਾਰ ਦੇ ਰੇਲ ਮੰਤਰੀ ਸ਼ੇਖ ਰਾਸ਼ਿਦ ਨੇ ਕਿਹਾ ਹੈ ਕਿ ਕਰਤਾਰੁਪਰ ਗਲਿਆਰਾ ਜਨਰਲ ਕਰਮ ਜਾਵੇਦ ਬਾਜਵਾ ਦੇ ਦਿਮਾਗ ਦੀ ਉਪਜ ਸੀ ਅਤੇ ਭਾਰਤ ਇਸ ਦਾ ਖਾਮਿਆਜ਼ਾ ਲੰਬੇ ਸਮੇਂ ਤਕ ਭੁਗਤੇਗਾ। ਮੰਤਰੀ ਦੇ ਇਸ ਬਿਆਨ ਨਾਲ ਭਾਰਤ ਦੇ ਖਿਲਾਫ ਕਿਸੇ ਚਾਲ ਦੀ ਚਰਚਾ ਵੀ ਛਿੜ ਸਕਦੀ ਹੈ। ਰੇਲ ਮੰਤਰੀ ਰਾਸ਼ਿਦ ਪਹਿਲਾਂ ਵੀ ਭਾਰਤ ਵਿਰੋਧੀ ਬਿਆਨ ਦਾਗਦੇ ਰਹਿੰਦੇ ਹਨ ਤੇ ਆਪਣੇ ਬਿਆਨਾਂ ਨਾਲ ਇਮਰਾਨ ਖਾਨ ਸਰਕਾਰ ਦੀ ਵੀ ਬੇਇੱਜ਼ਤੀ ਕਰਵਾਉਂਦੇ ਹਨ। ਅੱਜ ਸ਼ਨਿਚਰਵਾਰ ਦਾ ਉਨ੍ਹਾਂ ਦਾ ਇਹ ਬਿਆਨ ਵੀ ਵਿਵਾਦ ਖੜਾ ਕਰ ਸਕਦਾ ਹੈ, ਜਿਸ ਦੌਰਾਨ ਇਕ ਪਾਸੇ ਉਨ੍ਹਾਂ ਨੇ ਆਪਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਲਾਂਘੇ ਦੇ ਮਾਮਲੇ ਵਿੱਚ ਝੂਠਾ ਕਰ ਦਿੱਤਾ, ਜਿਹੜੇ ਇਸ ਗਲਿਆਰੇ ਦਾ ਸਿਹਰਾ ਖੁਦ ਲੈ ਚੁਕੇ ਹਨ। ਦੂਸਰੇ ਪਾਸੇ ਇਸ ਵਕਤ ਆਪਣੀ ਨੌਕਰੀ ਵਿੱਚ ਵਾਧੇ ਕਾਰਨ ਵਿਵਾਦਾਂ ਵਿੱਚ ਫਸੇ ਜਨਰਲ ਬਾਜਵਾ ਦੇ ਬਾਰੇ ਚਰਚਾ ਛੇੜ ਦਿੱਤੀ ਹੈ। ਇਮਰਾਨ ਖਾਨ ਦੀ ਇੱਛਾ ਸੀ ਕਿ ਜਨਰਲ ਬਾਜਵਾ ਦਾ ਕਾਰਜਕਾਲ ਤਿੰਨ ਸਾਲ ਵਧਾਇਆ ਜਾਵੇ, ਪਰ ਸੁਪਰੀਮ ਕੋਰਟ ਦੇ ਫੈਸਲੇ ਨਾਲ ਜਨਰਲ ਬਾਜਵਾ ਨੂੰ ਸਿਰਫ ਛੇ ਮਹੀਨੇ ਹੋਰ ਮਿਲੇ ਅਤੇ ਉਸ ਦੇ ਕਾਰਨ ਦੇਸ਼ ਦੀ ਰਾਜਨੀਤੀ ਕਾਫੀ ਭਖੀ ਹੋਈ ਹੈ। ਇਸ ਦੌਰਾਨ ਇਸ ਮੰਤਰੀ ਦਾ ਬਿਆਨ ਬਲਦੀ ਉੱਤੇ ਤੇਲ ਪਾ ਸਕਦਾ ਹੈ।

# ਦੁਲਹਨ ਮਹਿੰਦੀ ਸਜਾ ਕੇ ਬੈਠੀ ਰਹੀ, ਮੁੰਡਾ ਪਰਵਾਰ ਸਮੇਤ ਕਿਸੇ ਪਾਸੇ ਖਿਸਕ ਗਿਆ



ਅੰਮ੍ਰਿਤਸਰ, 1 ਦਸੰਬਰ (ਪੋਸਟ ਬਿਊਰੋ)- ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸੰਬੰਧ ਬਣਾਉਣ ਪਿੱਛੋਂ ਫਿਰ ਵਿਆਹ ਤੋਂ ਇਨਕਾਰ ਕਰਨ ਵਾਲੇ ਨੌਜਵਾਨ ਉੱਤੇ ਬਲਾਤਕਾਰ ਦਾ ਕੇਸ ਦਰਜ ਹੋਣ ਲੱਗਾ ਤਾਂ ਉਸ ਨੇ ਵਿਆਹ ਦਾ ਸਮਝੌਤਾ ਕਰਨ ਦੀ ਗੱਲ ਕਹਿ ਕੇ ਪੁਲਸ ਕਾਰਵਾਈ ਰੁਕਵਾ ਲਈ। ਕੱਲ੍ਹ ਦੁਲਹਨ ਹੱਥਾਂ 'ਚ ਮਹਿੰਦੀ ਲਾ ਕੇ ਲਾਲ ਜੋੜੇ ਵਿੱਚ ਸਜੀ ਬੈਠੀ ਰਹੀ, ਪਰ ਨਾ ਬਾਰਾਤ ਪਹੁੰਚੀ ਅਤੇ ਨਾ ਲਾੜਾ। ਥਾਣਾ ਬੀ ਡਵੀਜ਼ਨ ਵਿੱਚ ਨਵੀਂ ਸ਼ਿਕਾਇਤ ਦਰਜ ਕੀਤੀ ਗਈ ਹੈ। ਥਾਣਾ ਇੰਚਾਰਜ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਲਛਮਣਸਰ ਚੌਕ ਦੇ ਰੋਹਿਤ ਸਹਿਗਲ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਪਰ ਦੋਸ਼ੀ ਦਾ ਮੋਬਾਈਲ ਬੰਦ ਹੈ, ਉਸ ਦੇ ਪਰਵਾਰ ਨਾਲ ਗੱਲਬਾਤ ਚੱਲ ਰਹੀ ਹੈ।

ਇਸ ਮਹਾਨਗਰ ਦੇ ਇੱਕ ਇਲਾਕੇ ਦੀ ਵਸਨੀਕ ਪੀੜਤਾ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਫੇਸਬੁਕ 'ਤੇ ਉਸ ਦੀ ਮੁਲਾਕਾਤ ਰੋਹਿਤ ਸਹਿਗਲ ਨਾਲ ਹੋਈ ਸੀ। ਰੋਹਿਤ ਨੇ ਪੀੜਤਾ ਨੂੰ ਦੱਸਿਆ ਕਿ ਉਹ ਫੈਕਟਰੀ ਦਾ ਮਾਲਕ ਹੈ ਤੇ ਉਸ ਤੋਂ ਬਿਨਾਂ ਨਹੀਂ ਰਹਿ ਸਕਦਾ। ਰੋਹਿਤ ਨੇ ਉਸ ਨੂੰ ਪਿਆਰ ਦੇ ਜਾਲ 'ਚ ਫਸਾਉਣਾ ਸ਼ੁਰੂ ਕਰ ਦਿੱਤਾ। ਮੌਕਾ ਪਾ ਕੇ ਉਸ ਨੇ ਉਸ ਨਾਲ ਸਰੀਰਕ ਸੰਬੰਧ ਬਣਾ ਲਏ। ਕੁਝ ਸਮਾਂ ਬਾਅਦ ਦੋਸ਼ੀ ਨੇ ਉਸ ਦਾ ਫੋਨ ਚੁੱਕਣਾ ਬੰਦ ਕਰ ਦਿੱਤਾ। ਜਦੋਂ ਉਸ ਨੂੰ ਜਾ ਕੇ ਮਿਲੀ ਤਾਂ ਉਸ ਨੇ ਦੱਸਿਆ ਕਿ ਉਹ ਵਿਆਹ ਨਹੀਂ ਕਰ ਸਕਦਾ, ਉਸ ਦੇ ਪਰਵਾਰ ਵਾਲੇ ਵਿਆਹ ਨੂੰ ਰਾਜ਼ੀ ਨਹੀਂ ਹਨ। ਪੀੜਤਾ ਨੇ ਸਾਰੀ ਗੱਲ ਆਪਣੇ ਪਰਵਾਰ ਨੂੰ ਦੱਸੀ ਤਾਂ ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੂੰ ਸ਼ਿਕਾਇਤ ਕੀਤੀ ਗਈ। ਇਸ ਦੀ ਜਾਂਚ ਇੰਸਪੈਕਟਰ ਰਾਜਵਿੰਦਰ ਕੌਰ ਨੂੰ ਸੌਂਪੀ ਗਈ ਤਾਂ ਜਾਂਚ ਵਿੱਚ ਰੋਹਿਤ ਉਤੇ ਦੋਸ਼ ਸਾਬਤ ਹੋ ਗਏ। ਜਦੋਂ ਉਸ ਨੂੰ ਲੱਗਾ ਕਿ ਪੁਲਸ ਉਸ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰੇਗੀ ਤਾਂ ਉਸ ਨੇ ਥਾਣੇ 'ਚ ਸਮਝੌਤਾ ਕੀਤਾ ਕਿ ਉਹ 30 ਨਵੰਬਰ ਨੂੰ ਇਸ ਕੁੜੀ ਨਾਲ ਵਿਆਹ ਕਰਵਾ ਲਵੇਗਾ। ਪੀੜਤਾ ਦੇ ਪਰਵਾਰ ਨੇ ਹੈਸੀਅਤ ਮੁਤਾਬਕ ਵਿਆਹ ਦਾ ਬੰਦੋਬ-ਸਤ ਕਰ ਲਿਆ ਤੇ ਸਾਰਾ ਪਰਵਾਰ ਸ਼ੁੱਕਰਵਾਰ ਉਡੀਕਦਾ ਰਿਹਾ, ਪਰ ਨਾ ਲਾੜਾ ਬਰਾਤ ਲੈ ਕੇ ਨਹੀਂ ਪੁੱਜਾ।

# ਮੱਧ ਪ੍ਰਦੇਸ਼ ਤੋਂ ਫੜੇ ਗੈਂਗਸਟਰ ਲੱਖਾ ਅਤੇ ਅਮਰੀਕ ਨੇ ਕਤਲ ਦਾ ਜੁਰਮ ਕਬੂਲਿਆ

ਫਰੀਦਕੋਟ, 1 ਦਸੰਬਰ (ਪੋਸਟ ਬਿਊਰੋ)- ਪਿੰਡ ਕੋਟਸੁਖੀਆ ਦੇ ਡੇਰਾ ਬਾਬਾ ਹਰਕਾ ਦਾਸ ਵਿੱਚ ਬੀਤੀ ਸੱਤ ਨਵੰਬਰ ਨੂੰ ਸੰਤ ਬਾਬਾ ਦਿਆਲ ਦਾਸ ਦੀ ਗੋਲੀ ਮਾਰ ਕੇ ਮਾਰ ਦੇਣ ਦੇ ਮੁੱਖ ਦੋਸ਼ੀ ਗੈਂਗਸਟਰ ਲਖਵਿੰਦਰ ਸਿੰਘ ਲੱਖਾ ਅਤੇ ਅਮਰੀਕ ਸਿੰਘ ਸ਼ੇਰੂ ਨੂੰ ਮੱਧ ਪ੍ਰਦੇਸ਼ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਦੋਵੇਂ ਜਣੇ ਖਤਰਨਾਕ ਗੈਂਗਸਟਰ ਸੁਖਪ੍ਰੀਤ ਬੁੱਢਾ ਦੇ ਗੈਂਗ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਇਸ ਕਤਲ ਲਈ ਪਿੰਡ ਕਪੂਰੇ (ਮੋਗਾ) ਦੇ ਡੇਰਾ ਦਰਬਾਰ ਦੇ ਸੰਤ ਜਰਨੈਲ ਦਾਸ ਨੇ ਸੁਪਾਰੀ ਦਿੱਤੀ ਸੀ, ਪਰ ਸੁਪਾਰੀ ਵਜੋਂ ਕਿੰਨੇ ਰੁਪਏ ਦਾ ਭੁਗਤਾਨ ਹੋਣਾ ਸੀ ਅਤੇ ਪੇਸ਼ਗੀ ਵਿੱਚ ਕਿੰਨਾ ਹੋਇਆ ਸੀ, ਇਨ੍ਹਾਂ ਗੱਲਾਂ ਦਾ ਖੁਲਾਸਾ ਪੁੱਛਗਿੱਛ ਦੇ ਬਾਅਦ ਹੋ ਸਕੇਗਾ। ਇਨ੍ਹਾਂ ਦੋਵਾਂ ਦੀ ਗ੍ਰਿਫਤਾਰੀ ਦੀ ਸੂਚਨਾ ਦੇ ਬਾਅਦ ਮੱਧ ਪ੍ਰਦੇਸ਼ ਗਈ ਫਰੀਦਕੋਟ ਪੁਲਸ ਦੀ ਟੀਮ ਨੇ ਉਨ੍ਹਾਂ ਤੋਂ ਮੁੱਢਲੀ ਪੁੱਛਗਿੱਛ ਕਰ ਲਈ ਹੈ।


## ਸੇਵਾਦਾਰ ਦੇ ਕਤਲ ਦਾ ਮਾਮਲਾ

ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਬਾਬਾ ਦਿਆਲ ਸਿੰਘ ਦੇ ਕਤਲ ਵਿੱਚ ਪਿੰਡ ਕਪੂਰੇ ਦੇ ਸੰਤ ਜਰਨੈਲ ਸਿੰਘ ਅਤੇ ਅਣਪਛਾਤੇ ਲੋਕਾਂ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲਸ ਨੇ ਵਾਰਦਾਤ ਤੋਂ ਪਹਿਲਾਂ ਡੇਰੇ ਦੀ ਰੇਕੀ ਕਰਨ ਵਾਲੇ ਦੋ ਦੋਸ਼ੀਆਂ ਪਿੰਡ ਚੁਗਾਂਵਾ (ਮੋਗਾ) ਦੇ ਅਮਰਜੀਤ ਸਿੰਘ ਉਰਫ ਮੱਖਣ ਅਤੇ ਪਿੰਡ ਕਪੂਰੇ (ਮੋਗਾ) ਦੇ ਹਰਮੀਤ ਸਿੰਘ ਉਰਫ ਰੂਬਲ ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਦੀ ਪੁੱਛਗਿੱਛ ਤੋਂ ਪੂਰੇ ਮਾਮਲੇ ਤੋਂ ਪਰਦਾ ਉਠਿਆ ਸੀ। ਉਨ੍ਹਾਂ ਦੀ ਪੁੱਛਗਿੱਛ ਤੋਂ ਭੇਦ ਖੁੱਲ੍ਹਾ ਕਿ ਇਹ ਕਤਲ ਸੰਤ ਜਰਨੈਲ ਦਾਸ ਨੇ ਕਰਵ-ਾਇਆ ਸੀ ਅਤੇ ਉਨ੍ਹਾਂ ਦੀ ਰੇਕੀ ਕਰਨ ਪਿੱਛੋਂ ਕਤਲ ਦੀ ਵਾਰਦਾਤ ਪਿੰਡ ਨਵਾਂ ਕਿਲ੍ਹਾ ਦੇ ਨਾਥੇਵਾਲਾ (ਮੋਗਾ) ਦੇ ਲਖਵਿੰਦਰ ਸਿੰਘ ਉਰਫ ਲੱਖਾ ਤੇ ਪਿੰਡ ਜੈਮਲਵਾਲਾ (ਮੋਗਾ) ਦੇ ਅਮਰੀਕ ਸਿੰਘ ਉਰਫ ਸ਼ੇਰੂ ਨੇ ਕੀਤੀ ਸੀ। ਇਨ੍ਹਾਂ ਦੋਵਾਂ ਦੋਸ਼ੀਆਂ ਨੂੰ ਮੱਧ ਪ੍ਰਦੇਸ਼ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਮੱਧ ਪ੍ਰਦੇਸ਼ ਵਿੱਚ ਗ੍ਰਿਫਤਾਰ ਲਖਵਿੰਦਰ ਸਿੰਘ ਲੱਖਾ ਅਤੇ ਅਮਰੀਕ ਸਿੰਘ ਸ਼ੇਰੂ ਨੇ ਪੰਜਾਬ ਪੁਲਸ ਦੀ ਟੀਮ ਵੱਲੋਂ ਕੀਤੀ ਪੁੱਛਗਿੱਛ ਵਿੱਚ ਮੰਨਿਆ ਕਿ ਸੰਤ ਦਿਆਲ ਦਾਸ ਦੇ ਕਤਲ ਲਈ ਉਨ੍ਹਾਂ ਨੂੰ ਸੰਤ ਜਰਨੈਲ ਦਾਸ ਨੇ ਸੁਪਾਰੀ ਦਿੱਤੀ ਸੀ ਅਤੇ ਵਾਰਦਾਤ ਦੇ ਬਾਅਦ ਉਹ ਫਰਾਰ ਹੋ ਗਏ ਸਨ। ਮੱਧ ਪ੍ਰਦੇਸ਼ ਦੀ ਪੁਲਸ ਨੇ ਉਨ੍ਹਾਂ ਕੋਲੋਂ ਤਿੰਨ ਪਿਸਤੌਲ ਤੇ ਕਰੀਬ 100 ਕਾਰਤੂਸਾਂ ਦੇ ਨਾਲ ਇੱਕ ਸਵਿਫਟ ਕਾਰ ਬਰਾਮਦ ਕੀਤੀ ਹੈ ਅਤੇ ਪੁੱਛਗਿੱਛ ਵਿੱਚ ਪਤਾ ਲੱਗਾ ਹੈ ਕਿ ਕਾਰ ਉਨ੍ਹਾਂ ਨੇ ਮੋਗਾ ਦੇ ਪਿੰਡ ਚੜਿੱਕ ਤੋਂ ਚੋਰੀ ਕੀਤੀ ਸੀ, ਜਿਸ ਦੇ ਸੰਬੰਧ ਵਿੱਚ ਸਾਊਥ ਸਿਟੀ ਮੋਗਾ ਵਿੱਚ ਕੇਸ ਵੀ ਦਰਜ ਹੈ।

# ਮਹਾਰਾਸ਼ਟਰ ਦਾ ਸਾਬਕਾ ਮੁੱਖ ਮੰਤਰੀ ਫੜਨਵੀਸ ਵੀ ਫਸਣ ਲੱਗਾ

*** ਚੋਣ ਐਫੀਡੇਵਿਟ ਵਿੱਚ ਅਪਰਾਧਿਕ ਕੇਸਾਂ ਦਾ ਓਹਲਾ ਰੱਖਣ ਦਾ ਦੋਸ਼**



ਨਾਗਪੁਰ, 1 ਦਸੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਨਾਗਪੁਰ ਦੀ ਇਕ ਅਦਾਲਤ ਨੇ ਚੋਣ ਐਫੀਡੇਵਿਟ ਵਿੱਚ ਆਪਣੇ ਖ਼ਿਲਾਫ਼ ਦੋ ਅਪਰਾਧਿਕ ਕੇਸਾਂ ਦੀ ਜਾਣਕਾਰੀ ਲੁਕਾਉਣ ਕਾਰਨ ਦਾਖ਼ਲ ਕੀਤੀ ਗਈ ਅਰਜ਼ੀ ਉੱਤੇ ਸੰਮਨ ਜਾਰੀ ਕਰ ਦਿੱਤਾ ਹੈ।

ਨਾਗਪੁਰ ਸਦਰ ਥਾਣੇ ਦੇ ਅਧਿਕਾਰੀ ਮੁਤਾਬਕ ਵੀਰਵਾਰ ਨੂੰ ਸਾਬਕਾ ਮੁੱਖ ਮੰਤਰੀ ਦੀ ਰਿਹਾਇਸ਼ ਉੱਤੇ ਅਦਾਲਤ ਦਾ ਸੰਮਨ ਸੌਂਪ ਦਿੱਤਾ ਗਿਆ ਸੀ। ਸਾਬਕਾ ਮੁੱਖ ਮੰਤਰੀ ਨਾਗਪੁਰ ਦੇਵੇਂ-ਦਰ ਫੜਨਵੀਸ ਤੋਂ ਵਿਧਾਨ ਸਭਾ ਮੈਂਬਰ ਚੁਣੇ ਗਏ ਹਨ। ਉਨ੍ਹਾਂ ਵਿਰੁੱਧ ਸੁਪਰੀਮ ਕੋਰਟ ਦੇ ਹੁਕਮ ਉੱਤੇ ਇਹ ਪ੍ਰਕਿਰਿਆ ਸ਼ੁਰੂ ਹੋਈ ਹੈ। ਨਾਗਪੁਰ ਦੇ ਵਕੀਲ ਸਤੀਸ਼ ਉਕੇ ਨੇ 2014 ਵਿੱਚ ਅਦਾਲਤ ਨੂੰ ਅਰਜ਼ੀ ਦੇ ਕੇ ਫੜਨਵੀਸ ਦੇ ਖ਼ਿਲਾਫ਼ ਅਪਰਾਧਿਕ ਕੇਸ ਚਲਾਉਣ ਦੀ ਮੰਗ ਕੀਤੀ ਸੀ, ਜਿਹੜੀ ਮੈਜਿਸਟ੍ਰੇਟੀ ਅਦਾਲਤ ਨੇ ਰੱਦ ਕਰ ਦਿੱਤੀ ਸੀ। ਫਿਰ ਬਾਂਬੇ ਹਾਈ ਕੋਰਟ ਨੇ ਵੀ ਸਾਬਕਾ ਮੁੱਖ ਮੰਤਰੀ ਫੜਨਵੀਸ ਨੂੰ ਛੋਟ ਦਿੰਦਿਆਂ ਹੇਠਲੀ ਅਦਾਲਤ ਦਾ ਫ਼ੈਸਲਾ ਕਾਇਮ ਰੱਖਿਆ ਸੀ, ਪਰ ਸੁਪਰੀਮ ਕੋਰਟ ਨੇ ਪਹਿਲੀ ਅਕਤੂਬਰ ਨੂੰ ਮੈਜਿਸਟ੍ਰੇਟੀ ਅਦਾਲਤ ਨੂੰ ਵਕੀਲ ਸਤੀਸ਼ ਉਕੇ ਦੀ ਅਰਜ਼ੀ ਦੀ ਸੁਣਵਾਈ ਕਰਨ ਦੇ ਲਈ ਨਿਰਦੇਸ਼ ਦਿੱਤਾ ਸੀ। ਮੈਜਿਸਟ੍ਰੇਟੀ ਕੋਰਟ ਨੇ ਭਾਜਪਾ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਖ਼ਿਲਾਫ਼ ਅਪਰਾਧਿਕ ਪ੍ਰਕਿਰਿਆ ਸ਼ੁਰੂ ਕਰਨ ਦੀ ਅਰਜ਼ੀ ਪਹਿਲੀ ਨਵੰਬਰ ਨੂੰ ਸਵੀਕਾਰ ਕਰ ਲਈ ਸੀ।

ਫੜਨਵੀਸ ਦੇ ਖ਼ਿਲਾਫ਼ ਸਾਲ 1996 ਅਤੇ 1998 ਵਿੱਚ ਜਾਲਸਾਜ਼ੀ ਤੇ ਧੋਖਾਧੜੀ ਦੇ ਕੇਸ ਦਰਜ ਹੋਏ ਸਨ। ਦੋਵਾਂ ਕੇਸਾਂ ਵਿੱਚ ਉਨ੍ਹਾਂ ਦੇ ਖ਼ਿਲਾਫ਼ ਦੋਸ਼ ਤੈਅ ਨਹੀਂ ਸਨ ਕੀਤੇ ਗਏ। ਵਕੀਲ ਸਤੀਸ਼ ਉਕੇ ਨੇ ਦੋਸ਼ ਲਾਇਆ ਕਿ ਸਾਬਕਾ ਮੁੱਖ ਮੰਤਰੀ ਫੜਨਵੀਸ ਨੇ 2014 ਦੇ ਆਪਣੇ ਚੋਣ ਐਫੀਡੇਵਿਟ ਵਿੱਚ ਇਹ ਸੂਚਨਾ ਨਹੀਂ ਦਿੱਤੀ ਸੀ। ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਸਬੰਧਤ ਇਸ ਕੇਸ ਵਿੱਚ ਇਹ ਪ੍ਰਕਿਰਿਆ ਓਦੋਂ ਸ਼ੁਰੂ ਹੋਈ, ਜਦੋਂ ਮਹਾਰਾਸ਼ਟਰ ਵਿੱਚ ਇਕ ਦਿਨ ਪਹਿਲਾਂ ਸ਼ਿਵ ਸੈਨਾ ਦੀ ਅਗਵਾਈ ਵਾਲੇ ਗਠਜੋੜ ਦੀ ਸਰਕਾਰ ਨੇ ਸਹੁੰ ਚੁੱਕੀ ਹੈ।

# ਕਾਂਗਰਸ ਦੇ ਨੇਤਾ ਨਾਨਾ ਪਟੋਲੇ ਮਹਾਰਾਸ਼ਟਰ ਦੀ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ



ਮੁੰਬਈ, 1 ਦਸੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਵਿਧਾਇਕ ਨਾਨਾ ਪਟੋਲੇ ਮਹਾਰਾਸ਼ਟਰ ਵਿਧਾਨ ਸਭਾ ਦੇ ਨਵੇਂ ਸਪੀਕਰ ਚੁਣੇ ਗਏ ਹਨ। ਸ਼ਿਵ ਸੈਨਾ, ਐੱਨ ਸੀ ਪੀ ਅਤੇ ਕਾਂਗਰਸ ਦੇ ਗਠਜੋੜ ਨੇ ਉਨ੍ਹਾਂ ਨੂੰ ਸਪੀਕਰ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਸੀ ਅਤੇ ਭਾਜਪਾ ਦੇ ਮੈਦਾਨ ਛੱਡ ਜਾਣ ਨਾਲ ਉਹ ਬਿਨਾਂ ਮੁਕਾਬਲਾ ਚੁਣੇ ਗਏ ਹਨ।

ਵਰਨਣ ਯੋਗ ਕਿ ਇਸ ਤੋਂ ਪਹਿਲਾਂ ਭਾਜਪਾ ਨੇ ਚੋਣ ਨਾ ਲੜਨ ਦਾ ਫੈਸਲਾ ਕਰ ਕੇ ਆਪਣੇ ਉਮੀਦਵਾਰ ਕਿਸ਼ਨ ਸ਼ੰਕਰ ਕਥੋਰੇ ਦਾ ਨਾਂ ਵਾਪਸ ਲੈ ਲਿਆ ਸੀ। ਮਹਾਰਾਸ਼ਟਰ ਭਾਜਪਾ ਦੇ ਪ੍ਰਧਾਨ ਚੰਦਰਕਾਂਤ ਪਾਟਿਲ ਨੇ ਕਿਹਾ ਹੈ ਕਿ ਭਾਜਪਾ ਨੇ ਕੱਲ੍ਹ ਵਿਧਾਨ ਸਭਾ ਸਪੀਕਰ ਦੇ ਲਈ ਕਿਸ਼ਨ ਸ਼ੰਕਰ ਕਥੋਰੇ ਦਾ ਨਾਂ ਅੱਗੇ ਕੀਤਾ ਸੀ, ਪਰ ਸਾਰੇ ਨੇਤਾਵਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਅਸੀਂ ਕਥੋਰੇ ਦਾ ਨਾਂ ਵਾਪਸ ਲੈਣ ਦਾ ਫੈਸਲਾ ਕੀਤਾ ਹੈ।

ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਬਹੁਮਤ ਹਾਸਲ ਕਰਨ ਪਿੱਛੋਂ ਊਧਵ ਠਾਕਰੇ ਦੀ ਅਗਵਾਈ ਹੇਠ 'ਮਹਾਰਾਸ਼ਟਰ ਵਿਕਾਸ ਆਘਾੜੀ' ਦੀ ਸਰਕਾਰ ਕੰਮ ਕਰਨ ਲੱਗ ਪਈ ਹੈ। ਊਧਵ ਠਾਕਰੇ ਨੂੰ 169 ਵੋਟਾਂ ਮਿਲੀਆਂ ਸਨ ਤੇ ਭਾਜਪਾ ਦੇ 105 ਵਿਧਾਇਕਾਂ ਨੇ ਵਿਧਾਨ ਸਭਾ ਤੋਂ ਵਾਕਆਊਟ ਕੀਤਾ ਸੀ, ਪਰ 4 ਵਿਧਾਇਕਾਂ ਨੇ ਕਿਸੇ ਪਾਸੇ ਵੋਟ ਹੀ ਨਹੀਂ ਸੀ ਪਾਈ। ਨਵੇਂ ਸਪੀਕਰ ਚੁਣੇ ਗਏ ਨਾਨਾ ਪਟੋਲੇ ਦੀ ਪਛਾਣ ਤੇਜ਼ ਤੱਰਾਰ ਨੇਤਾ ਵਜੋਂ ਹੁੰਦੀ ਹੈ। ਉਹ ਹਮੇਸ਼ਾ ਕਿਸਾਨਾਂ ਦੇ ਮੁੱਦੇ ਨੂੰ ਚੁੱਕਦੇ ਰਹੇ ਹਨ ਤੇ ਲਗਭਗ 32 ਸਾਲਾ ਤੋਂ ਰਾਜਨੀਤੀ ਵਿੱਚ ਹਨ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ। ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਸਫਾਈ ਕਰਦਾ ਬੱਚਾ ਲਿਫਟ ਹੇਠ ਦੱਬ ਕੇ ਮਾਰਿਆ ਗਿਆ

ਲੁਧਿਆਣਾ, 1 ਦਸੰਬਰ (ਪੋਸਟ ਬਿਊਰੋ)- ਸ਼ਹਿਰ ਦੇ ਇਸਲਾਮਗੰਜ ਖੇਤਰ ਵਿੱਚ ਲਿਫਾਫਿਆਂ ਦੀ ਦੁਕਾਨ 'ਤੇ ਸਫਾਈ ਕਰਦੇ ਨੌਕਰ ਦੀ ਲਿਫਟ ਹੇਠਾਂ ਆਣ ਕੇ ਮੌਤ ਹੋ ਗਈ। ਉਹ ਇੱਥੇ ਪਿਛਲੇ ਛੇ ਮਹੀਨੇ ਤੋਂ ਕੰਮ ਕਰ ਰਿਹਾ ਸੀ। ਅਚਾਨਕ ਲਿਫਟ ਹੇਠਾਂ ਜਾਣ ਲੱਗੀ ਵੇਖ ਕੇ ਉਹ ਡਰ ਕੇ ਬਾਹਰ ਨਿਕਲਣ ਲੱਗਾ ਤਾਂ ਉਹ ਵਿੱਚ ਹੀ ਦੱਬ ਗਿਆ। ਉਸ ਨੂੰ ਲਿਫਟ ਤੋਂ ਕੱਢ ਕੇ ਸੀ ਐੱਮ ਸੀ ਹਸਪਤਾਲ ਲਿਜਾਇਆ ਗਿਆ ਇਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਮਿਲੀ ਜਾਣਕਾਰੀ ਮੁਤਾਬਕ ਪਿੰਡ ਮਿਰਜ਼ਾਪੁਰ, ਜ਼ਿਲਾ ਬਲਰਾਮਪੁਰ ਉੱਤਰ ਪ੍ਰਦੇਸ਼ ਦਾ ਵਾਸੀ ਅਰਵਿੰਦਰ ਕੁਮਾਰ (16 ਸਾਲ) ਛੇ ਮਹੀਨੇ ਪਹਿਲਾਂ ਆਪਣੇ ਜੀਜੇ ਕੋਲ ਕੰਮ ਲਈ ਆਇਆ ਸੀ। ਉਸ ਦਾ ਜੀਜਾ ਇਸਲਾਮਗੰਜ 'ਚ ਰਿਹੜਾ ਚਲਾਉਂਦਾ ਹੈ ਤੇ ਉਸ ਨੇ ਬੱਚੇ ਨੂੰ ਪ੍ਰਿੰਸ ਲਿਫਾਫਾ ਸਟੋਰ 'ਤੇ ਕੰਮ ਉੱਤੇ ਲਗਵਾਇਆ ਸੀ। ਘਟਨਾ ਦੇ ਦਿਨ ਉਹ ਸਵੇਰੇ ਦਸ ਵਜੇ ਘਰੋਂ ਦੁਕਾਨ 'ਤੇ ਗਿਆ। ਇਸ ਤਿੰਨ ਮੰਜ਼ਿਲਾ ਇਮਾਰਤ 'ਚ ਪਹਿਲੀ ਮੰਜ਼ਿਲ 'ਤੇ ਲਿਫਾਫਿਆਂ ਦੀ ਦੁਕਾਨ ਹੈ ਤੇ ਦੂਜੀਆਂ ਦੋ ਮੰਜ਼ਿਲਾਂ 'ਤੇ ਲਿਫਾਫਿਆਂ ਦਾ ਗੋਦਾਮ ਬਣਾਇਆ ਹੈ। ਅਰਵਿੰਦਰ ਕੁਮਾਰੇ ਪਹਿਲੀ ਮੰਜ਼ਿਲ 'ਤੇ ਸਫਾਈ ਕਰ ਰਿਹਾ ਸੀ ਤਾਂ ਸਫਾਈ ਕਰਦਾ ਬਿਨਾਂ ਗੇਟ ਦੀ ਲਿਫਟ ਵਿੱਚ ਚਲਾ ਗਿਆ। ਓਦੋਂ ਹੀ ਲਿਫਟ ਹੇਠਾਂ ਡਿੱਗਣ ਲੱਗੀ। ਜਦੋਂ ਉਹ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਲਿਫਟ ਦੇ ਹੇਠਾਂ ਦੱਬ ਗਿਆ ਅਤੇ ਕਰੀਬ 20 ਮਿੰਟ ਤੱਕ ਦੱਬਿਆ ਰਿਹਾ। ਦੁਕਾਨਦਾਰ ਤੇ ਆਂਢ-ਗੁਆਂਢ ਦੇ ਲੋਕਾਂ ਨੇ ਕਿਸੇ ਤਰ੍ਹਾਂ ਲਿਫਟ 'ਤੇ ਲੱਗੀ ਲੋਹੇ ਦੀ ਤਾਰ ਨੂੰ ਖਿੱਚ ਕੇ ਉਪਰ ਕੀਤਾ ਤੇ ਬੱਚੇ ਨੂੰ ਬਾਹਰ ਕੱਢ ਕੇ ਉਸ ਨੂੰ ਸੀ ਐੱਮ ਸੀ ਹਸਪਤਾਲ ਪੁਚਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਕੈਪਟਨ ਅਮਰਿੰਦਰ ਵੱਲੋਂ ਮੰਗ

# ਅਸਲਾ ਲਾਇਸੰਸੀ ਲਈ ਤਿੰਨ ਦੀ ਥਾਂ ਇੱਕ ਹਥਿਆਰ ਰੱਖਣ ਬਾਰੇ ਮੁੜ ਵਿਚਾਰ ਕਰੋ



ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਸੰਵੇਦਨਸ਼ੀਲ ਰਾਜ ਅਤੇ ਇਸ ਦੇ ਗੜਬੜ ਵਾਲੇ ਇਤਿਹਾਸ ਦਾ ਧਿਆਨ ਰੱਖ ਕ ਪੰਜਾਬ 'ਚ ਅਸਲਾ ਲਾਇਸੰਸੀ ਲਈ ਜਾਇਜ਼ ਤੌਰ 'ਤੇ ਤਿੰਨ ਹਥਿਆਰ ਰੱਖਣ ਦੀ ਗਿਣਤੀ ਘਟਾ ਕੇ ਇੱਕ ਨਾ ਕਰਨ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕੈਪਟਨ ਅਮਰਿੰਦਰ ਸਿੰਘ ਨੇ ਆਰਮਜ਼ ਐਕਟ-1959 ਵਿੱਚ ਸੋਧ ਕਰਨ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਤਜਵੀਜ਼ ਦੀ ਘੋਖ ਕਰਨ ਲਈ ਕਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਕੁਝ ਸੂਬੇ ਇੱਕ ਲਾਇਸੰਸ 'ਤੇ ਰੱਖੇ ਜਾ ਸਕਣ ਵਾਲੇ ਹਥਿਆਰਾਂ ਦੀ ਗਿਣਤੀ ਘਟਾਉਣ ਦੇ ਇੱਛੁਕ ਹਨ ਤਾਂ ਇਨ੍ਹਾਂ ਨੂੰ ਇਸ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਪਰ ਇਸ ਨਾਲ ਬਾਕੀ ਰਾਜਾਂ ਪ੍ਰਤੀ ਕੋਈ ਪੱਖਪਾਤ ਨਾ ਕੀਤਾ ਜਾਵੇ। ਆਪਣੇ ਪੱਤਰ ਵਿੱਚ ਮੁੱਖ ਮੰਤਰੀ ਨੇ ਦੱਸਿਆ ਕਿ ਹਾਲ ਹੀ 'ਚ ਕਰਤਾਰਪੁਰ ਲਾਂਘਾ ਖੋਲ੍ਹਣ ਮੌਕੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੌਰਾਨ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਇਹ ਮੁੱਦਾ ਚੁੱਕਿਆ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਸਤਾਵਿਤ ਸੋਧਾਂ 'ਚੋਂ ਬਹੁਤੀਆਂ ਸੋਧਾਂ ਨਾਲ ਸਹਿਮਤ ਹੈ, ਪਰ ਇੱਕ ਲਾਇਸੰਸ ਉੱਤੇ ਹਥਿਆਰਾਂ ਦੀ ਗਿਣਤੀ ਤਿੰਨ ਤੋਂ ਘਟਾ ਕੇ ਇੱਕ ਕਰਨ ਬਾਰੇ ਕੁਝ ਸ਼ੰਕੇ ਹਨ। ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਤੇ ਤੇ ਲੰਮਾ ਸਮਾਂ ਖਾੜਕੂਵਾਦ ਦੀ ਹਿੰਸਾ ਦਾ ਸੇਕ ਹੰਢਾਉਣ ਕਰਕੇ ਵੱਡੀ ਗਿਣਤੀ 'ਚ ਲੋਕਾਂ ਕੋਲ ਇੱਕ ਤੋਂ ਵੱਧ ਹਥਿਆਰ ਹਨ ਤੇ ਜਿਹੜੇ ਕਿਸਾਨ ਪਿੰਡਾਂ ਤੋਂ ਬਾਹਰ ਆਪਣੇ ਖੇਤਾਂ ਵਿੱਚ ਘਰ ਪਾ ਕੇ ਰਹਿੰਦੇ ਹਨ, ਉਨ੍ਹਾਂ ਕੋਲ ਵੀ ਆਪਣੀ ਰਾਖੀ ਲਈ ਹਥਿਆਰ ਹਨ। ਉਨ੍ਹਾਂ ਪੱਤਰ ਵਿੱਚ ਇਹ ਵੀ ਲਿਖਿਆ ਕਿ ਇਹ ਵੀ ਮੱਹਤਵ ਪੂਰਨ ਪੱਖ ਹੈ ਕਿ ਲਾਇਸੰਸੀ ਹਥਿਆਰਾਂ ਦੀ ਵਰਤੋਂ ਨਾਲ ਅਪਰਾਧ ਬਹੁਤ ਘੱਟ ਹੋਏ ਹਨ।

## ਹਾਥੀ ਨੇ ਬੱਸ ਦਾ ਸ਼ੀਸ਼ਾ ਤੋੜ ਕੇ ਅਧਿਆਪਕ ਮਾਰ ਮੁਕਾਇਆ



ਰਾਮਨਗਰ (ਉਤਰਾਖੰਡ), 1 ਦਸੰਬਰ (ਪੋਸਟ ਬਿਊਰੋ)- ਰਾਮਨ-ਗਰ ਤੋਂ ਬਾਗੇਸ਼ਵਰ ਜਾਂਦੀ ਇੱਕ ਯਾਤਰੀ ਬਸ 'ਤੇ ਹਾਥੀ ਨੇ ਹਮਲਾ ਕਰ ਕੇ ਇੱਕ ਅਧਿਆਪਕ ਨੂੰ ਮਾਰ ਦਿੱਤਾ ਹੈ। ਹਮਲਾਵਰ ਹਾਥੀ ਨੇ ਖਾਣੇ ਦੀ ਭਾਲ ਵਿੱਚ ਬਸ ਦੀ ਖਿੜਕੀ ਅਤੇ ਦਰਵਾਜ਼ੇ ਦੇ ਸ਼ੀਸ਼ੇ ਤੋੜ ਕੇ ਬਸ ਵਿੱਚ ਹਾਹਾਕਾਰ ਮਚਾ ਦਿੱਤੀ। ਇਸ ਦੌਰਾਨ ਮਚੀ ਭਾਜੜ ਵਿੱਚ ਕਈ ਯਾਤਰੀ ਜ਼ਖਮੀ ਹੋ ਗਏ। ਯਾਤਰੀਆਂ ਨੇ ਬਸ ਦੀਆਂ ਖਿੜਕੀਆਂ ਤੋਂ ਛਾਲਾਂ ਮਾਰ ਕੇ ਜਾਨਾਂ ਬਚਾਈਆਂ।

ਕੱਲ੍ਹ ਸਵੇਰੇ ਪੰਜ ਵਜੇ ਇੱਕ ਬਸ ਰਾਮਨਗਰ ਤੋਂ ਬਾਗੇਸ਼ਵਰ ਲਈ ਰਵਾਨਾ ਹੋਈ। ਕਰੀਬ ਤੀਹ ਕਿਲੋਮੀਟਰ ਦੂਰ ਕਾਲਗੜ੍ਹ ਜੰਗਲ ਡਵੀਜ਼ਨ ਦੇ ਮਨਰਾਲ ਰੇਂਜ ਦੇ ਕਾਰ-ਬੇਟ ਟਾਈਗਰ ਰਿਜ਼ਰਵ ਵਿੱਚ ਕਾਠ ਕੀ ਨਾਵ ਪਿੰਡ ਦੇ ਕੋਲ ਸੜਕ ਕੰਢੇ ਦੀਆਂ ਜੰਗਲੀ ਝਾੜੀਆਂ ਵਿੱਚ ਲੁਕੇ ਇੱਕ ਹਾਥੀ ਨੇ ਬਸ ਦਾ ਰਸਤਾ ਰੋਕ ਦਿੱਤਾ। ਬਸ ਚਾਲਕ ਪੂਰਨ ਚੰਦਰ ਮੌਲੇਖੀ ਹੜਬੜਾਹਟ ਵਿੱਚ ਛੱਡ ਕੇ ਭੱਜ ਗਿਆ। ਗੁੱਸੇ ਵਿੱਚ ਆਏ ਹਾਥੀ ਨੇ ਬਸ ਦੇ ਅਗਲੇ ਸ਼ੀਸ਼ੇ ਨੂੰ ਸੁੰਢ ਨਾਲ ਤੋੜ ਦਿੱਤਾ ਅਤੇ ਬਸ ਦੀ ਅਗਲੀ ਸੀਟ 'ਤੇ ਬੈਠੇ ਹੋਏ ਜੀ ਆਈ ਸੀ ਇੰਟਰ ਕਾਲਜ, ਨੇਵਲ ਸਲਟ ਅਲਮੋੜਾ ਦੇ ਸੰਸਕ੍ਰਿਤ ਦੇ ਲੈਕਚਰਾਰ ਗਿਰੀਸ਼ ਚੰਦਰ ਪਾਂਡੇ ਵਾਸੀ ਰਾਮਨਗਰ ਨੂੰ ਮਾਰ ਦਿੱਤਾ। ਭਾਜੜ ਵਿੱਚ ਕਈ ਯਾਤਰੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ।

# ਮਹਿਲਾ ਥਾਣੇਦਾਰ ਨੇ ਪ੍ਰੇਮ ਜਾਲ ਵਿੱਚ ਫਸਾ ਕੇ ਬਦਮਾਸ਼ ਫੜ੍ਹਿਆ

ਛਤਰਪੁਰ, 1 ਦਸੰਬਰ (ਪੋਸਟ ਬਿਊਰੋ)- ਟੀ ਵੀ ਸੀਰੀਅਲ ਦੇਖ ਕੇ ਅਪਰਾਧ ਕਰਨ ਦੀਆਂ ਖਬਰਾਂ ਕਈ ਵਾਰ ਵੇਖੀਆਂ ਹਨ, ਪਰ ਮੱਧ ਪ੍ਰਦੇਸ਼ ਦੇ ਛਤਰਪੁਰਾ ਦੀ ਮਹਿਲਾ ਸਬ ਇੰਸਪੈਕਟਰ ਮਾਧਵੀ ਅਗਨੀਹੋਤਰੀ ਨੇ ਇਸ ਤਕਰੀਬ ਨਾਲ ਇੱਕ ਖਤਰਨਾਕ ਅਪਰਾਧੀ ਕਾਬੂ ਕਰ ਲਿਆ। ਇਸ ਇਨਾਮੀ ਬਦਮਾਸ਼ 'ਤੇ ਕਤਲ ਵਰਗਾ ਗੰਭੀਰ ਦੋਸ਼ ਹੈ।

ਸਬ ਇੰਸਪੈਕਟਰ ਮਾਧਵੀ ਨੇ ਕੇਵਲ ਤਿੰਨ ਦਿਨ ਵਿੱਚ ਫੋਨ ਅਤੇ ਵਟਸਐਪ ਉਤੇ ਰੰਗੀਨ ਮਿਜ਼ਾਜ ਬਦਮਾਸ਼ ਬਾਲ ਕਿਸ਼ਨ ਚੌਬੇ ਨਾਲ ਦੋਸਤੀ ਕਰ ਕੇ ਵਿਆਹ ਦਾ ਪ੍ਰਸਤਾਵ ਰੱਖਿਆ ਅਤੇ ਮੰਦਰ ਵਿੱਚ ਬੁਲਾ ਲਿਆ। 55 ਸਾਲਾ ਬਦਮਾਸ਼ ਵਿਆਹ ਦੇ ਨਾਂਅ 'ਤੇ ਦੌੜਦਾ ਆਇਆ। ਫਿਰ ਕੀ ਸੀ, ਉਡੀਕ ਵਿੱਚ ਬੈਠੇ ਪੁਲਸ ਵਾਲਿਆਂ ਨੇ ਉਸ ਨੂੰ ਕਾਬੂ ਕਰ ਲਿਆ।

ਛਤਰਪੁਰ ਜ਼ਿਲੇ ਦੀ ਗਰੌਲੀ ਪੁਲਸ ਚੌਕੀ ਦੀ ਇੰਚਾਰਜ ਮਾਧਵੀ ਅਗਨੀਹੋਤਰੀ ਇਸ ਦੇ ਬਾਅਦ ਚਰਚਾ ਵਿੱਚ ਹੈ। ਮਹੋਬਾ (ਉਤਰ ਪ੍ਰਦੇਸ਼) ਜ਼ਿਲੇ ਦੇ ਪਿੰਡ ਖਮਾ ਦਾ ਬਾਲ ਕ੍ਰਿਸ਼ਨ ਚੌਬੇ (55) ਕਈ ਅਪਰਾਧਾਂ ਵਿੱਚ ਕਈ ਮਹੀਨਿਆਂ ਤੋਂ ਫਰਾਰ ਸੀ। ਪੁਲਸ ਨੇ ਉਸ 'ਤੇ 10 ਹਜ਼ਾਰ ਦਾ ਇਨਾਮ ਐਲਾਨ ਕੀਤਾ ਸੀ। ਉਸ ਨੂੰ ਫੜਨ ਲਈ ਨੌਗਾਂਵ ਦੇ ਐੱਸ ਡੀ ਓ ਪੀ ਸ੍ਰੀਨਾਥ ਸਿੰਘ ਬਘੇਲ ਦੀ ਅਗਵਾਈ ਬਣਾਈ ਟੀਮ ਵਿੱਚ ਗਰੌਲੀ ਚੌਕੀ ਦੀ ਇੰਚਾਰਜ ਮਾਧਵੀ ਅਗਨੀਹੋਤਰੀ ਸਮੇਤ ਕਈ ਪੁਲਸ ਮੁਲਾਜ਼ਮ ਸਨ। 28 ਨਵੰਬਰ ਨੂੰ ਨੌਗਾਂਵ ਥਾਣੇ ਦੀ ਸੀਮਾ ਨਾਲ ਲੱਗਦੇ ਉੱਤਰ ਪ੍ਰਦੇਸ਼ ਦੇ ਪਿੰਡ ਬਿਜੌਰੀ ਵਿੱਚ ਪੁਲਸ ਨੇ ਜਾਲ ਵਿਛਾ ਕੇ ਉਸ ਨੂੰ ਕਾਬੂ ਕਰ ਲਿਆ। ਉਹ ਮਹਿਲਾ ਥਾਣੇਦਾਰ ਦੇ ਪ੍ਰੇਮ ਜਾਲ ਵਿੱਚ ਫਸ ਕੇ ਉਥੇ ਆਇਆ ਸੀ। ਉਸ ਕੋਲੋਂ ਪਲਸਰ ਮੋਟਰ ਸਾਈਕਲ, ਇੱਕ ਦੇਸੀ ਪਿਸਤੌਲ ਅਤੇ ਤਿੰਨ ਕਾਰਤੂਸ ਜ਼ਬਤ ਕੀਤੇ ਗਏ।

ਪੁਲਸ ਨੂੰ ਪਤਾ ਲੱਗਾ ਸੀ ਕਿ ਬਾਲ ਕਿਸ਼ਨ ਚੌਬੇ ਰੰਗੀਨ ਮਿਜਾਜ ਹੈ। ਮਹਿਲਾ ਸਬ ਇੰਸਪੈਕਟਰ ਨੇ ਉਸ ਦਾ ਫੋਨ ਨੰਬਰ ਪਤਾ ਕੀਤਾ ਤੇ ਰਾਧਾ ਬਣ ਕੇ ਗੱਲ ਸ਼ੁਰੂ ਕੀਤੀ। ਗੱਲਾਂ ਵਿੱਚ ਲਾਉਣ ਦੇ ਬਾਅਦ ਵਟਸਐਪ ਤੋਂ ਫੋਟੋ ਦਾ ਅਦਾਨ-ਪ੍ਰਦਾਨ ਹੋਇਆ। ਸਾਦੀ ਵਰਦੀ ਵਿੱਚ ਸਬ ਇੰਸਪੈਕਟਰ ਦੀ ਫੋਟੋ ਦੇਖ ਕੇ ਚੌਬੇ ਨੂੰ ਸ਼ੱਕ ਨਹੀਂ ਹੋਇਆ ਕਿ ਪੁਲਸ ਉਸ ਨੂੰ ਫਸਾ ਰਹੀ ਹੈ। ਵਿਆਹ ਦਾ ਪ੍ਰਸਤਾਵ ਦੇ ਕੇ ਮਾਧਵੀ ਨੇ ਮੰਦਰ ਬੁਲਾਇਆ। ਜਦੋਂ ਬਦਮਾਸ਼ ਆਇਆ, ਮਾਧਵੀ ਨੇ ਟੀਮ ਨੂੰ ਇਸ਼ਾਰਾ ਕਰ ਦਿੱਤਾ। ਟੀਮ ਨੇ ਬਾਲ ਕਿਸ਼ਨ ਨੂੰ ਭੱਜਣ ਨਹੀਂ ਦਿੱਤਾ। ਮਾਧਵੀ ਨੇ ਦੱਸਿਆ ਕਿ ਉਹ ਰੋਜ਼ ਕਰਾਈਮ ਪੋਰਟਲ ਦੇਖਦੀ ਹੈ, ਜਿਸ ਕਾਰਨ ਇਹ ਆਈਡੀਆ ਆਇਆ। ਸਾਲ 2015 ਵਿੱਚ ਰਾਏਸੇਨ ਜ਼ਿਲੇ ਦੇ ਬੇਗਮਗੰਜ ਥਾਣੇ ਵਿੱਚ ਤੈਨਾਤੀ ਦੇ ਦੌਰਾਨ ਵੀ ਉਨ੍ਹਾਂ ਨੇ ਹੱਤਿਆ ਦੇ ਇੱਕ ਦੋਸ਼ੀ ਨੂੰ ਇਸੇ ਤਰ੍ਹਾਂ ਗ੍ਰਿਫਤਾਰ ਕੀਤਾ ਸੀ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

## ਫਾਹਾ ਲੈ ਕੇ ਇੱਕ ਜਣੇ ਵੱਲੋਂ ਖੁਦਕੁਸ਼ੀ

ਔੜ, 1 ਦਸੰਬਰ (ਪੋਸਟ ਬਿਊਰੋ)- ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਹੇੜੀਆਂ ਵਿਖੇ ਇੱਕ ਵਿਅਕਤੀ ਵੱਲੋਂ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ।

ਪਤਾ ਲੱਗਾ ਹੈ ਕਿ ਜਸਪਾਲ ਸਿੰਘ ਪੁੱਤਰ ਸੋਹਣ ਸਿੰਘ (59) ਪੰਜਾਬ ਰੋਡਵੇਜ਼ ਤੋਂ ਸੇਵਾਮੁਕਤ ਹੋਣ ਪਿੱਛੋਂ ਓਂਕਾਰ ਬਸ ਸਰਵਿਸ 'ਚ ਚੈਕਰ ਦੀ ਨੌਕਰੀ ਕਰਦਾ ਸੀ। ਕੱਲ੍ਹ ਰਾਤ ਆਪਣੇ ਘਰ ਵਾਪਸ ਆਇਆ ਤੇ ਹੱਥ ਮੂੰਹ ਧੋਣ ਤੋਂ ਬਾਅਦ ਆਪਣੇ ਕਮਰੇ ਵਿੱਚ ਚਲਾ ਗਿਆ। ਜਦੋਂ ਉਹ ਕਾਫੀ ਸਮਾਂ ਬਾਹਰ ਨਾ ਨਿਕਲਿਆ ਤਾਂ ਉਸ ਦੀ ਪਤਨੀ ਦੇਖਣ ਗਈ, ਪਰ ਕਮਰਾ ਅੰਦਰੋਂ ਬੰਦ ਸੀ। ਉਸ ਨੇ ਦਰਵਾਜ਼ਾ ਖੜਕਾਇਆ, ਪਰ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਉਸ ਨੇ ਖਿੜਕੀ ਤੋਂ ਦੇਖਿਆ ਤਾਂ ਜਸਪਾਲ ਸਿੰਘ ਅੰਦਰ ਪੱਖੇ ਨਾਲ ਲਟਕ ਰਿਹਾ ਸੀ। ਲੋਕਾਂ ਵੱਲੋਂ ਪਿੰਡ ਦੇ ਸਰਪੰਚ ਅਤੇ ਪੰਚ-ਾਇਤ ਮੈਂਬਰਾਂ ਨੂੰ ਇਸ ਘਟਨਾ ਸੰਬੰਧੀ ਦੱਸਿਆ ਗਿਆ ਅਤੇ ਪੁਲਸ ਥਾਣੇ ਮੁਕੰਦਪੁਰ ਨੂੰ ਸੂਚਿਤ ਕੀਤਾ ਗਿਆ।

# ਵਿਧਾਇਕਾਂ ਦੀ ਤਨਖਾਹ ਦਾ ਆਮਦਨ ਟੈਕਸ ਸਰਕਾਰੀ ਖਜ਼ਾਨੇ ਤੋਂ ਭਰਨ ਤੋਂ ਹਾਈ ਕੋਰਟ ਹੋਈ ਹੈਰਾਨ



ਚੰਡੀਗੜ੍ਹ, 1 ਦਸੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਵਿਧਾਇਕਾਂ ਵੱਲੋਂ ਤਨਖਾਹ ਉਤੇ ਲੱਗਣ ਵਾਲਾ ਆਮਦਨ ਟੈਕਸ ਆਪਣੀ ਜੇਬ ਵਿੱਚੋਂ ਨਾ ਭਰਨ 'ਤੇ ਹੈਰਾਨੀ ਜ਼ਾਹਰ ਕੀਤੀ ਹੈ।

ਹਾਈ ਕੋਰਟ ਦੇ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਐਸ ਐਸ ਸਿੱਧੂ ਨੇ ਕੇਸ ਦੀ ਸੁਣਵਾਈ ਕੀਤੀ ਹੈ, ਜਿਸ ਵਿੱਚ ਪਟੀਸ਼ਨਰ ਵਕੀਲ ਐਚ ਸੀ ਅਰੋੜਾ ਨੇ ਕੇਸ ਦਾਇਰ ਕਰਕੇ ਵਿਧਾਇਕਾਂ ਦੀ ਤਨਖਾਹ 'ਤੇ ਲੱਗਣ ਵਾਲਾ ਆਮਦਨ ਟੈਕਸ ਸਰਕਾਰੀ ਖਜ਼ਾਨੇ ਤੋਂ ਭਰਨ 'ਤੇ ਸਵਾਲ ਕੀਤਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇੱਕ ਪਾਸੇ ਸਰਕਾਰ ਵਿੱਤ ਸੰਕਟ ਦੇ ਕਾਰਨ ਮੁਲਾਜ਼ਮਾਂ ਨੂੰ ਤਨਖਾਹ ਤੇ ਪੈਨਸ਼ਨ ਦੇਣ ਵਿੱਚ ਔਕੜ ਦੱਸ ਰਹੀ ਹੈ, ਦੂਜੇ ਪਾਸੇ ਵਿਧਾਇਕਾਂ ਨੂੰ ਵੱਡਾ ਲਾਭ ਦਿੱਤਾ ਗਿਆ ਹੈ। ਪੰਜਾਬ ਲੈਜਸਲੇਟਿਵ ਅਸੈਂਬਲੀ ਐਕਟ ਦੇ ਸੈਕਸ਼ਨ ਤਿੰਨ ਏ ਏ ਵਿੱਚ ਵਿਧਾਇਕਾਂ ਨੂੰ ਆਮਦਨ ਟੈਕਸ ਤੋਂ ਛੋਟ ਦਿੱਤੀ ਗਈ, ਪਰ ਨਾਲ ਇਹ ਕਿਹਾ ਗਿਆ ਹੈ ਕਿ ਜੇ ਕੋਈ ਟੈਕਸ ਲੱਗਦਾ ਹੈ ਤਾਂ ਉਹ ਸਰਕਾਰ ਭਰੇਗੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਵਿਧਾਇਕਾਂ ਦੀ ਤਨਖਾਹ ਉੱਤੇ ਆਮਦਨ ਟੈਕਸ ਭਰਨ ਨਾਲ ਸਰਕਾਰੀ ਖਜ਼ਾਨੇ 'ਤੇ 10.72 ਕਰੋੜ ਦਾ ਸਲਾਨਾ ਬੋਝ ਪੈ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.
FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੂਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators
◦ AZ-DZ Drivers
◦ Forklift Driver
◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪਿੱਪਲਾ ਵੇ ਮੇਰੇ ਪਿੰਡ ਦਿਆ, ਤੇਰੀਆਂ ਠੰਢੀਆਂ ਛਾਵਾਂ..

ਡਾ. ਲਖਵਿੰਦਰ ਸਿੰਘ ਲੱਖੇਵਾਲੀ



ਅੱਜ ਸ਼ਹਿਰਾਂ ਤਾਂ ਕੀ, ਪਿੰਡਾਂ ਵਿੱਚ ਵੀ ਘਰ-ਘਰ ਇੰਟਰਨੈਟ ਤੇ ਸਮਾਰਟ ਫੋਨਾਂ ਨੇ ਕਰੋੜਾਂ ਦੀ ਜਨਸੰਖਿਆ ਵਾਲੇ ਦੇਸ਼ ਵਿੱਚ ਹਰ ਬੱਚੇ, ਜਵਾਨ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਇਕੱਲੇ ਰਹਿਣ ਦੀ ਆਦਤ ਪਾ ਦਿੱਤੀ ਹੈ। ਕਿਸੇ ਵੇਲੇ ਲੋਕ ਦਿਨ ਦਾ ਜ਼ਿਆਦਾ ਸਮਾਂ ਸੱਥਾਂ, ਦਰਵਾਜ਼ਿਆਂ, ਖੂਹਾਂ-ਟੋਭਿਆਂ 'ਤੇ ਲੱਗੇ ਪਿੱਪਲ ਵਰਗੇ ਵਿਸ਼ਾਲ ਰੁੱਖਾਂ ਹੇਠ ਇਕੱਠੇ ਗੁਜ਼ਾਰਦੇ ਸਨ। ਮੁਟਿਆਰਾਂ ਗੀਟੇ ਖੇਡਣ ਤੋਂ ਲੈ ਕੇ ਕਿੱਕਲੀ ਪਾਉਣਾ, ਪੀਘਾਂ ਝੂਟਣੀਆਂ, ਚਾਦਰਾਂ ਕੱਢਣੀਆਂ, ਚਰਖੇ ਕੱਤਣੇ ਆਦਿ ਤੇ ਗੱਭਰੂਆਂ ਦਾ ਬਜ਼ੁਰਗਾਂ ਨਾਲ ਤਾਸ਼ ਖੇਡਣਾ, ਪਿੰਡ ਤੋਂ ਲੈ ਕੇ ਦੇਸ਼ ਤੱਕ ਦੀ ਰਾਜਨੀਤੀ ਵਿਚਾਰਨਾ, ਗੱਲਾਂ ਕਰਦੇ-ਕਰਦੇ ਵਾਣ ਵੱਟਣਾ, ਮੰਜੇ ਬੁਣਨਾ ਤੇ ਘਰੇਲੂ ਕੰਮ, ਅਮਲੀਆਂ ਦਾ ਆਉਂਦੀ ਜਾਂਦੀ ਨੂੰ ਟਿੱਚਰ ਕਰਨਾ, ਸਭ ਕੁਝ ਪਿੱਪਲਾਂ ਬੋਹੜਾਂ ਵਰਗੇ ਰੁੱਖਾਂ ਹੇਠ ਹੁੰਦਾ ਸੀ। ਸਾਉਣ ਮਹੀਨੇ ਤੀਆਂ ਦੇ ਦਿਨੀਂ ਇਨ੍ਹਾਂ ਰੁੱਖਾਂ ਹੇਠ ਮੁਟਿਆਰਾਂ ਖੂਬ ਹੱਸਦੀਆਂ ਖੇਡਦੀਆਂ ਤੇ ਉਨ੍ਹਾਂ ਦੇ ਸਹੁਰੇ ਜਾਣ ਮਗਰੋਂ ਵੀ ਰੁੱਖ ਦਿਲ ਦਿਮਾਗ ਵਿੱਚ ਰਹਿੰਦੇ ਸਨ। ਪਿੱਪਲਾਂ ਦਾ ਸਾਡੀ ਰੋਜ਼ਮਰਾ ਜ਼ਿੰਦਗੀ ਵਿੱਚ ਜੁੜੇ ਹੋਣ ਸਬੰਧੀ ਅਨੇਕਾਂ ਸਾਹਿਤਕ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ:

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ,
ਤੇਰੀਆਂ ਠੰਢੀਆਂ ਛਾਵਾਂ।
ਢਾਬ ਤੇਰੀ ਦਾ ਗੰਧਲਾ ਪਾਣੀ,
ਉਤੋਂ ਬੂਰ ਹਟਾਵਾਂ।
ਪਿੱਪਲੀ 'ਤੇ ਦੋ ਪੀਂਘਾਂ ਪਾਈਆਂ,
ਦੋ ਮੁਟਿਆਰਾਂ ਝੂਟਣ ਆਈਆਂ,
ਪੀਂਘ ਚੜ੍ਹਾਈ, ਵੰਗ ਟਕਰਾਈ,
ਜੋੜਾ ਟੁੱਟ ਗਿਆ ਵੰਗਾਂ ਦਾ
ਮੈਂ ਆਸ਼ਕ ਹੋ ਗਈ ਵੇ ਰਾਂਝਣਾ,
ਪੀੜ ਵੇਖ ਕੇ ਦੰਦਾਂ ਦਾ।

ਪਿੱਪਲ ਦਾ ਸਬੰਧ ਸਾਡੇ ਸਾਹਿਤ ਸਭਿਆਚਾਰ ਤੱਕ ਹੀ ਸੀਮਤ ਨਹੀਂ, ਹਿੰਦੂ ਧਰਮ ਦੀਆਂ ਕਈ ਮਿਥਿਹਾਸਿਕ ਵੰਨਗੀਆਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਕਿ 'ਰੁੱਖਾਂ ਵਿੱਚ ਮੈਂ ਪਿੱਪਲ ਹਾਂ।' ਹਿੰਦੂ ਧਰਮ ਵਿੱਚ ਇਸ ਨੂੰ ਬ੍ਰਹਮਾ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਦਾ ਸਬੰਧ ਵਿਸ਼ਨੂੰ ਮਹਾਰਾਜ ਨਾਲ ਜੋੜਿਆ ਜਾਂਦਾ ਹੈ। ਦਰਅਸਲ ਇਸ ਰੁੱਖ ਦੀ ਪੂਜਾ ਪੁਰਾਤਨ ਵੇਲੇ ਤੋਂ ਹੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਪਵਿੱਤਰ ਤੇ ਪੂਜਣਯੋਗ ਰੁੱਖ ਮੰਨਿਆ ਜਾਂਦਾ ਹੈ।

ਪਿੱਪਲਾ ਵੇ ਹਰਿਔਲਿਆ ਤੇਰਾ ਪੂਜਾ ਮੁੱਢ
ਤੈਨੂੰ ਪੂਜ ਕੇ ਪਿੱਪਲਾ ਮੈਂ ਕਦੀ ਨਾ ਪਾਵਾਂ ਦੁੱਖ।

ਪਿੱਪਲ ਦੀ ਪਛਾਣ ਵਿਸ਼ਵ ਪੱਧਰ 'ਤੇ ਉਦੋਂ ਬਣੀ, ਜਦੋਂ ਗੌਤਮ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਇਸ ਰੁੱਖ ਹੇਠ ਹੋਈ। ਇਸੇ ਮਹਾਨਤਾ ਸਦਕਾ ਪਿੱਪਲ ਅੱਜ ਸੰਸਾਰ ਦੇ ਜ਼ਿਆਦਾ ਦੇਸ਼ਾਂ ਵਿੱਚ 'ਬੋਧੀ ਰੁੱਖ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀਲੰਕਾ ਵਿੱਚ ਮੌਜੂਦਾ ਤਕਰੀਬਨ 2000 ਸਾਲ ਤੋਂ ਵੀ ਪੁਰਾਤਨ ਰੁੱਖ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਦੀ ਉਮਰ ਆਮ ਰੁੱਖਾਂ ਤੋਂ ਕਾਫੀ ਵੱਧ ਹੈ। ਭਾਰਤੀ ਲੋਕ ਕਥਾਵਾਂ ਵਿੱਚ ਪਿੱਪਲ ਨੂੰ ਬੋਹੜ ਦੀ ਪਤਨੀ ਮੰਨਿਆ ਜਾਂਦਾ ਹੈ ਤੇ ਲੋਕ ਰੀਤੀ ਰਿਵਾਜਾਂ ਅਨੁਸਾਰ ਇਸ ਦਾ ਵਿਆਹ 'ਨਿੰਮ' ਨਾਲ ਕਰਦੇ ਹਨ। ਹਿੰਦੂ ਅਤੇ ਬੋਧੀ ਲੋਕਾਂ ਵਿੱਚ ਇਸ ਦੀ ਮੰਨਤ ਐਨੀ ਜ਼ਿਆਦਾ ਹੁੰਦੀ ਹੈ ਕਿ ਲੋਕ ਇਸ ਦੇ ਮੁੱਢ ਜਾਂ ਟਾਹਣੀਆਂ ਤੱਕ ਨੂੰ ਵੀ ਕੱਟਣਾ ਪਾਪ ਸਮਝਦੇ ਹਨ।

ਹੋਰਨਾਂ ਧਰਮਾਂ ਤੋਂ ਇਲਾਵਾ ਸਿੱਖ ਧਰਮ ਵਿੱਚ ਵੀ ਪਿੱਪਲ ਦੇ ਰੁੱਖ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ। ਇਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਨਾਨਕ ਮਤੇ ਵਿਖੇ ਨੈਨੀਤਾਲ ਦੀ ਤਹਿਸੀਲ ਸਤਾਰਗੰਜ ਅੰਦਰ ਹੈ, ਜਿਸ ਨੂੰ ਪਿੱਪਲ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਿਸੇ ਜ਼ਮਾਨੇ ਵਿੱਚ ਇਥੇ ਗੋਰਖ ਪੰਥੀ ਨਾਥ ਜੋਗੀਆਂ ਦਾ ਮਠ ਹੋਇਆ ਕਰਦਾ ਸੀ। ਇਸ ਤੋਂ ਇਲਾਵਾ ਇਕ ਗੁਰਦੁਆਰਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਹੈ, ਜਿਸ ਨੂੰ ਗੁਰਦੁਆਰਾ ਪਿੱਪਲੀ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਇਹ ਪੁਤਲੀਘਰ, ਅੰਮ੍ਰਿਤਸਰ ਵਿਖੇ ਹੈ ਅਤੇ ਇਕ ਹੋਰ ਗੁਰਦੁਆਰਾ ਪਿੱਪਲੀ ਸਾਹਿਬ, ਬਿਲਗਾ ਜ਼ਿਲਾ ਜਲੰਧਰ ਵਿਖੇ ਵੀ ਹੈ।

ਵਿਸ਼ਾਲ ਘੇਰੇ, ਉਚਾਈ ਵਾਲੇ ਇਸ ਪੱਤਝੜੀ ਰੁੱਖ ਦੇ ਸਰਦੀ ਦੇ ਦਿਨਾਂ ਵਿੱਚ ਪੱਤੇ ਝੜ ਜਾਂਦੇ ਹਨ। ਪਿੱਪਲ ਦੇ ਪੱਤਿਆਂ ਦੀ ਖੜ-ਖੜ ਦਾ ਜ਼ਿਕਰ ਲੋਕ ਗੀਤਾਂ ਵਿੱਚ ਅਕਸਰ ਸੁਣਨ ਨੂੰ ਮਿਲਦਾ ਹੈ:

ਪਿੱਪਲ ਦਿਆ ਪੱਤਿਆ ਤੇਰੇ ਪੱਤ ਨੇ ਸਾਵੇ ਵੇ,
ਨਿੱਤ ਕੁਰਲਾਵਾਂ ਬੀਬਾ, ਮੈਂ ਤੇਰੇ ਹਾਵੇ ਵੇ।
ਪਿੱਪਲ ਦਿਆ ਪੱਤਿਆ ਵੇ, ਕੇਹੀ ਖੜ-ਖੜ ਲਾਈ ਆ,
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ।

ਮਾਰਚ ਮਹੀਨੇ ਦੇ ਅਖੀਰ ਜਾਂ ਅਪਰੈਲ ਦੇ ਸ਼ੁਰੂਆਤੀ ਦਿਨਾਂ ਵਿੱਚ ਨਿਕਲੇ ਨਵੇਂ ਗੁਲਾਬੀ ਅਤੇ ਤਾਂਬੇ ਰੰਗੇ ਪੱਤੇ ਲਿਸ਼ਕਾਂ ਮਾਰਦੇ ਰੁੱਖ ਨੂੰ ਖੂਬਸੂਰਤ ਬਣਾਉਂਦੇ ਹਨ। ਪਿੱਪਲ ਦੇ ਅੰਡਾਕਾਰ, ਦਿਲ ਦੀ ਸ਼ਕਲ ਵਾਲੇ ਅਤੇ ਲੰਮੀ ਪਤਲੀ ਪੂਛ ਜਿਹੀ ਵਾਲੇ ਹਲਕੇ ਪੱਤੇ ਇਸ ਦੀ ਅਲੱਗ ਪਛਾਣ ਹਨ। ਹਲਕੀ ਜਿਹੀ ਹਵਾ ਨਾਲ ਪੱਤਿਆਂ ਦੀ ਹੁੰਦੀ ਖੜ-ਖੜ ਜੇਠ ਹਾੜ੍ਹ ਦੀਆਂ ਧੁੱਪਾਂ ਵਿੱਚ ਪਿੱਪਲ ਹੇਠਾਂ ਸੁੱਤੇ ਇਨਸਾਨ ਨੂੰ ਲੋਰੀ ਦੇਣ ਦਾ ਅਹਿਸਾਸ ਕਰਵਾਉਂਦੀ ਹੈ। ਪਿੱਪਲ ਦੇ ਫੁੱਲਾਂ ਬਾਰੇ ਸੋਚਣ 'ਤੇ ਇਕ ਸਵਾਲ ਉਠਦਾ ਹੈ ਕਿ ਕੀ ਤੁਸੀਂ ਪਿੱਪਲ ਦੇ ਫੁੱਲਾਂ ਨੂੰ ਵੇਖਿਆ ਹੈ? ਇਹ ਬੜੀ ਰੌਚਕ ਗੱਲ ਹੈ ਕਿ ਪਿੱਪਲ ਨੂੰ ਲੱਗਣ ਵਾਲੀਆਂ ਗੋਲ੍ਹਾਂ ਅਸਲ ਵਿੱਚ ਫਲ ਨਹੀਂ ਹੁੰਦੀਆਂ, ਬਲਕਿ ਉਹ ਇਕ ਅਜਿਹਾ ਖੋਲ ਜਾਂ ਭਾਂਡਾ ਹੁੰਦੀਆਂ ਹਨ, ਜਿਸ ਵਿੱਚ ਫੁੱਲ ਅਤੇ ਫਲ ਦੋਵੇਂ ਪਾਏ ਜਾਂਦੇ ਹਨ। ਗੋਲ੍ਹਾਂ ਪਿੱਪਲ ਬੋਹੜ ਅਤੇ ਗੂਲਰ ਆਦਿ ਸਭ ਇਕੋ ਜਾਤੀ ਦੇ ਰੁੱਖ ਹੋਣ ਕਰਕੇ ਸਭਨਾਂ 'ਤੇ ਨਜ਼ਰ ਆਉਂਦੀਆਂ ਹਨ।

ਪਿੱਪਲਾਂ ਉਤੇ ਆਈਆਂ ਬਹਾਰਾਂ,
ਬੋਹੜਾਂ ਨੂੰ ਲੱਗ ਗਈਆਂ ਗੋਲ੍ਹਾਂ।
ਛੱਡ ਕੇ ਨਾ ਜਾਈਂ ਮਿੱਤਰਾ,
ਦਿਲ ਦੇ ਬੋਲ ਮੈਂ ਬੋਲਾਂ।

ਗੋਲ੍ਹਾਂ ਸ਼ੁਰੂ ਦੇ ਦਿਨਾਂ ਵਿੱਚ ਲਾਲ ਤੇ ਪੱਕ ਕੇ ਹੌਲੀ-ਹੌਲੀ ਗੂੜ੍ਹੇ ਜਾਮਣੀ ਰੰਗ ਦੀਆਂ ਹੋ ਜਾਂਦੀਆਂ ਹਨ। ਅਨੇਕਾਂ ਤਰ੍ਹਾਂ ਦੇ ਪੰਛੀ ਇਨ੍ਹਾਂ ਗੋਲ੍ਹਾਂ ਨੂੰ ਖਾਣਾ ਬਹੁਤ ਪਸੰਦ ਕਰਦੇ ਹਨ ਅਤੇ ਇਨ੍ਹਾਂ ਪੰਛੀਆਂ ਦੀਆਂ ਬਿੱਠਾਂ ਰਾਹੀਂ ਪਿੱਪਲ ਦੇ ਬੀਜ ਅਨੇਕਾਂ ਰੁੱਖਾਂ, ਇਮਾਰਤਾਂ ਵਿੱਚ ਪੁੱਜ ਜਾਂਦੇ ਹਨ, ਜਿੱਥੋਂ ਬਾਅਦ ਵਿੱਚ ਪਿੱਪਲ ਉਗੇ ਵਿਖਾਈ ਦਿੰਦੇ ਹਨ। ਪਿੱਪਲ ਦੀਆਂ ਵਧੀਆਂ ਹੋਈਆਂ ਜੜ੍ਹਾਂ ਇਮਾਰਤਾਂ ਵਿੱਚ ਤਰੇੜਾਂ ਪਾ ਦਿੰਦੀਆਂ ਹਨ। ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਪਿੱਪਲ ਨਹੀਂ ਲਾਉਣਾ ਚਾਹੀਦਾ, ਬਲਕਿ ਖੁੱਲ੍ਹੀਆਂ ਥਾਵਾਂ 'ਤੇ ਵਿਉਂਤਬੰਦੀ ਅਨੁਸਾਰ ਲਾਉਣਾ ਚਾਹੀਦਾ ਹੈ। ਬੀਜ ਅਤੇ ਕਲਮ ਦੋਵਾਂ ਤਰੀਕਿਆਂ ਰਾਹੀਂ ਅਸੀਂ ਇਸ ਰੁੱਖ ਦੀ ਪੌਦ ਤਿਆਰ ਕਰ ਸਕਦੇ ਹਾਂ।

ਛਾਂ ਦੀ ਪ੍ਰਾਪਤੀ ਤੋਂ ਇਲਾਵਾ ਪਿੱਪਲ ਦੇ ਸੱਕ ਤੋਂ ਮਸੂੜਿਆਂ ਦੇ ਰੋਗ, ਚਮੜੀ ਰੋਗ, ਕਬਜ਼, ਅਸਥਮਾ ਯਾਨੀ ਸਾਹ ਰੋਗ, ਬਾਂਝਪਣ, ਨਕਸੀਰ ਫੁੱਟਣਾ ਆਦਿ ਅਨੇਕ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਪਿੱਪਲ ਦੇ ਪੱਤੇ ਚਾਰੇ ਦੇ ਰੂਪ ਵਿੱਚ ਸੁਕਾ ਕੇ ਕਲਾ ਦੇ ਕੰਮਾਂ ਵਿੱਚ ਖੂਬ ਵਰਤੇ ਜਾਂਦੇ ਹਨ। ਪਿੱਪਲ ਦੇ ਮਾਮਲੇ ਵਿੱਚ ਇਕ ਅਹਿਮ ਗੱਲ ਇਹ ਸਾਂਝੀ ਕਰਨੀ ਲਾਜ਼ਮੀ ਹੈ ਕਿ ਪਿੱਪਲ ਸਾਡੇ ਸਭਨਾਂ ਲਈ ਪੂਜਣਯੋਗ ਰੁੱਖ ਹੈ ਅਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ, ਪਰ ਕਈ ਵਾਰ ਇਸ ਰੁੱਖ ਨੂੰ ਪੂਜਣ ਸਮੇਂ ਤੇਲ ਅਰਪਣ ਕੀਤਾ ਜਾਂਦਾ ਹੈ, ਜੋ ਸਮਾਂ ਪਾ ਕੇ ਰੁੱਖ ਖਤਮ ਹੋਣ ਦਾ ਕਾਰਨ ਜਾ ਬਣਦਾ ਹੈ। ਪੂਜਾ ਕਰਨ ਦਾ ਇਹ ਵੀ ਤਰੀਕਾ ਅਪਣਾਇਆ ਜਾ ਸਕਦਾ ਹੈ ਕਿ ਅਸੀਂ ਪੁਰਾਣੇ ਲੱਗੇ ਰੁੱਖਾਂ ਨੂੰ ਕੱਟਣ ਤੋਂ ਗੁਰੇਜ਼ ਕਰੀਏ, ਨਵੇਂ ਅਤੇ ਢੁਕਵੇਂ ਸਥਾਨਾਂ 'ਤੇ ਵਿਉਂਤਬੰਦੀ ਅਨੁਸਾਰ ਰੁੱਖ ਲਾਉਣੇ ਚਾਹੀਦੇ ਹਨ ਤਾਂ ਜੋ ਸਾਡੇ ਪਿੰਡਾਂ ਸ਼ਹਿਰਾਂ ਵਿੱਚ ਕੁਦਰਤੀ ਤੇ ਹਰਿਆਵਲ ਭਰਪੂਰ ਮਾਹੌਲ ਬਣਿਆ ਰਹੇ। ਲੋਕ ਆਪਣੇ ਗਲੀ ਮੁਹੱਲਿਆਂ ਵਿੱਚ ਇਨ੍ਹਾਂ ਨੂੰ ਹਮੇਸ਼ਾ ਤੋਂ ਨਿਹਾਰਦੇ ਅਤੇ ਰੋਜ਼ ਦੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਲਿਆਉਂਦੇ ਰਹਿਣ। ਕਿੰਨਾ ਚੰਗਾ ਹੋਵੇ ਜੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਆਪਣੇ ਘਰ ਆਉਂਦਿਆਂ ਨੂੰ ਇਨ੍ਹਾਂ ਬੋਲਾਂ ਰਾਹੀਂ ਘਰਾਂ ਦੀ ਨਿਸ਼ਾਨੀ ਦੱਸਣ:

ਬਾਜ਼ਾਰ ਵਿਕੇਂਦੀ ਤਰ ਵੇ,
ਮੇਰਾ ਸਾਹਮਣੀ ਗਲੀ ਵਿੱਚ ਘਰ ਵੇ,
ਪਿੱਪਲ ਨਿਸ਼ਾਨੀ, ਜੀਵੇਂ ਢੋਲਾ।
ਢੋਲ ਜਾਨੀ,
ਸਾਡੀ ਗਲੀ ਆਵੇਂ, ਤੇਰੀ ਮਿਹਰਬਾਨੀ।

# ਬੇਜੀ, ਓਪਰੇ ਅਤੇ ਪਕੜ

-ਸਿੱਧੂ ਦਮਦਮੀ-

ਮਾਜਰਾ 1988 ਦੀ ਵਿਸਾਖੀ ਦਾ ਹੈ। ਸੁਰੱਖਿਆ ਪ੍ਰਬੰਧ ਬੜੇ ਸਖਤ ਸਨ, ਲਗਭਗ ਜੰਗ ਦੇ ਦਿਨਾਂ ਵਰਗੇ। ਮੌੜ ਮੰਡੀ ਤੇ ਮੇਰੇ ਜਨਮ ਸਥਾਨ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚਕਾਰਲੀ ਲਗਭਗ ਬਾਰਾਂ ਕਿਲੋਮੀਟਰ ਲੰਬੀ ਸੜਕ ਉਤੇ ਹੀ ਦਰਜਨ ਦੇ ਕਰੀਬ ਸਕਿਓਰਿਟੀ ਬੈਰੀਅਰ ਲੱਗੇ ਹੋਏ ਸਨ। ਕਾਰਨ ਸੀ ਤਖਤ ਦਮਦਮਾ ਸਾਹਿਬ 'ਤੇ ਲੱਗਣ ਵਾਲਾ ਵਿਸਾਖੀ ਦਾ ਜੋੜ-ਮੇਲਾ, ਜਿਸ ਦੇ ਪਿਛੋਕੜ ਵਿੱਚ ਕੁਝ ਸਾਲ ਪਹਿਲਾਂ ਹੋਏ ਬਲੂ ਸਟਾਰ ਆਪਰੇਸ਼ਨ ਦਾ ਦੁਖਾਂਤ ਹਾਲੇ ਤਪ ਰਿਹਾ ਸੀ। ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਟੁੱਟ ਚੁੱਕੀ ਸੀ ਤੇ ਗਵਰਨਰ ਦਾ ਰਾਜ ਚਾਲੂ ਹੋ ਚੁੱਕਾ ਸੀ। ਨਤੀਜਨ ਮਾਹੌਲ ਵਿੱਚ ਧਾਰਮਿਕ ਤਣਾਅ ਤੇ ਸਿਆਸੀ ਧੂੰਆਂ ਭਰਿਆ ਹੋਇਆ ਸੀ।

ਬੈਰੀਅਰਾਂ ਉੱਤੇ ਤੈਨਾਤ ਬਹੁਤੇ ਪੰਜਾਬ ਪਲਸ ਅਤੇ ਸੀ ਆਰ ਪੀ ਵਾਲੇ ਵੱਢੂ-ਖਾਊਂ ਕਰ ਰਹੇ ਸਨ। ਜੋੜ ਮੇਲੇ ਵਿੱਚ ਸ਼ਾਮਲ ਹੋਣ ਲਈ ਜਾਂਦੇ ਸ਼ਰਧਾਲੂਆਂ ਦੀ ਤਲਾਸ਼ੀ ਲੈਣ ਦੇ ਬਹਾਨੇ ਖਿੱਚ ਧੂਹ ਹੋ ਰਹੀ ਸੀ। ਗੱਡੀਆਂ ਅੱਗੇ ਜਾਣ ਤੋਂ ਰੋਕੀਆਂ ਜਾ ਰਹੀਆਂ ਸਨ। ਸ਼ਰਧਾਲੂਆਂ ਨੂੰ ਮੇਲੇ ਵੱਲ ਪੈਦਲ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਸ਼ਾਇਦ ਸਰਕਾਰ ਮੇਲੇ ਵਿੱਚ ਇਕੱਠ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਵਿੱਚ ਸੀ। ਮੇਰੀ ਕਾਰ ਦੇ ਸ਼ੀਸ਼ੇ ਉਤੇ ਪੰਜਾਬ ਸਰਕਾਰ ਦੇ ਪ੍ਰੈਸ ਸਟਿੱਕਰ ਨੇ ਮੇਰਾ ਕੰਮ ਰੈਲਾ ਬਣਾ ਦਿੱਤਾ। ਹਰ ਬੈਰੀਅਰ 'ਤੇ ਜਦੋਂ ਉਹ ਮੇਰੀ ਕਾਰ ਰੋਕਦੇ ਤਾਂ ਮੈਂ ਸਟਿੱਕਰ ਵੱਲ ਇਸ਼ਾਰਾ ਕਰ ਕੇ ਪ੍ਰੈਸ ਕਹਿ ਦਿੰਦਾ। ਉਹ ਅਣਮੰਨੇ ਜਿਹੇ ਮਨ ਨਾਲ ਸੜਕ 'ਤੇ ਲਾਈ ਰੋਕ ਵਿੱਚ ਵਿਰਲ ਦੇਂਦੇ ਤੇ ਮੇਰੀ ਕਾਰ ਨੂੰ ਲੰਘਣ ਦਿੰਦੇ। ਕੁਝ ਬੈਰੀਅਰਾਂ 'ਤੇ ਪ੍ਰੈੱਸ ਦੇ ਸਟਿੱਕਰ ਨਾਲ ਉਨ੍ਹਾਂ ਦੀ ਤਸੱਲੀ ਨਾ ਹੋਈ ਤਾਂ ਮੈਨੂੰ ਆਪਣੇ ਸਰਕਾਰੀ ਸ਼ਨਾਖਤੀ ਕਾਰਡ ਦਾ ਸਹਾਰਾ ਲੈਣਾ ਪਿਆ।

ਮੇਲੇ ਦੀ ਧੱਕਾ ਮੁੱਕੀ ਵਿਚ ਦੀ ਹੁੰਦਾ ਜਿਵੇਂ ਕਿਵੇਂ ਮੈਂ ਕਾਰ ਸਮੇਤ ਪਿੰਡ ਪਹੁੰਚ ਗਿਆ। ਅੱਗੇ ਤਖਤ ਦਮਦਮਾ ਸਾਹਿਬ ਦੀ ਵਲਗਣ 'ਤੇ ਪੈਂਦਾ ਸਾਡਾ ਪੁਸ਼ਤੈਨੀ ਘਰ ਮੇਲੇ ਦੇ ਸ਼ੋਰ-ਓ-ਗੁਲ ਦੇ ਉਲਟ ਅਜੀਬ ਜਿਹੀ ਚੁੱਪ ਵਿੱਚ ਲਿਪਟਿਆ ਪਿਆ ਸੀ। ਤਖਤ ਸਾਹਿਬ ਦਰਸ਼ਨੀ ਡਿਓਢੀ ਦੇ ਸਾਹਮਣੇ ਸ਼ਸਤਰਬੱਧ ਪੁਲਸ ਦੀਆਂ ਦੋ ਜੀਪਾਂ ਖੜ੍ਹੀਆਂ ਸਨ। ਇੱਕ ਦਾ ਮੂੰਹ ਸਾਡੇ ਘਰ ਵੱਲ ਸੀ, ਜਿਵੇਂ ਇਹ ਉਸ ਦਾ ਟਾਰਗੈਟ ਹੋਵੇ। ਘਰ ਦੇ ਮੇਨ ਗੇਟ ਮੂਹਰਿਓਂ ਲੰਘਦੀ ਸੜਕ 'ਤੇ ਸਾਦਾ ਕੱਪੜਿਆਂ ਵਿੱਚ ਕੁਝ ਪੁਲਸ ਵਾਲੇ ਖੜ੍ਹੇ ਗੱਪਾਂ ਮਾਰ ਰਹੇ ਸਨ।

ਅਸਲ ਵਿੱਚ ਜਦੋਂ ਦਾ ਮੈਂ ਪੱਤਰਕਾਰੀ ਦੇ ਕਿੱਤੇ ਵਿੱਚ ਆਇਆ ਸਾਂ, ਉਦੋਂ ਤੋਂ ਵਿਸਾਖੀ ਦੇ ਹਰ ਜੋੜ ਮੇਲੇ 'ਤੇ ਸਾਡਾ ਘਰ ਮੀਡੀਆ ਕਰਮੀਆਂ ਦੀ ਰੌਣਕ ਦਾ ਕੇਂਦਰ ਰਹਿੰਦਾ ਆਇਆ ਸੀ। ਮੇਰੇ ਲੇਖਕ ਮਿੱਤਰਾਂ ਲਈ ਇਹ ਮੇਲੇ-ਗੇਲੇ ਦਾ ਮੌਕਾ ਹੁੰਦਾ ਸੀ। ਤਖਤ ਸਾਹਿਬ ਦੇ ਐਨ ਨੇੜੇ ਇਹ ਢੁਕਵੀਂ ਥਾਂ ਹੋਣ ਕਾਰਨ ਜੋੜ-ਮੇਲੇ ਵਿਚਲੀਆਂ ਸਿਆਸੀ ਕਾਨਫਰੰਸਾਂ ਤੇ ਹੋਰ ਗਤੀਵਿਧੀਆਂ ਕਵਰ ਕਰਨ ਆਏ ਪੱਤਰਕਾਰ ਮਿੱਤਰ ਇਥੇ ਦਮ ਮਾਰਨ, ਖਬਰ ਦੇ ਸਰੋਤ ਨਾਲ ਵਿਸ਼ੇਸ਼ ਇੰਟਰਵਿਊ ਕਰਨ ਅਤੇ ਨਿੱਕੀਆਂ-ਮੋਟੀਆਂ ਪ੍ਰੈੱਸ ਕਾਨਫਰੰਸਾਂ ਕਰਨ ਲਈ ਆਉਣ ਲੱਗੇ ਸਨ। ਹੌਲੀ ਹੌਲੀ ਮੀਡੀਆ ਨੂੰ ਲੱਭਣ ਵਾਲੇ ਸਿਆਸੀ ਲੀਡਰ ਤੇ ਲੋਕ ਸੰਪਰਕ ਵਾਲਿਆਂ ਦਾ ਲੜ ਫੜੀ ਕਈ ਵਾਰ ਖੁਫੀਆ ਏਜੰਸੀਆਂ ਦੇ ਕਾਰਕੁੰਨ ਵੀ ਲੰਘ ਆਉਂਦੇ ਸਨ। ਨਿਰਸੰਦੇਹ ਸਾਰਿਆਂ ਦੇ ਮਨਸ਼ੇ ਵੱਖੋ-ਵੱਖ ਹੁੰਦੇ ਸਨ।

ਇਸ ਤੋਂ ਪਹਿਲਾਂ ਕਿ ਘਰ ਦੇ ਚੁਬਾਰਿਆਂ ਵਿੱਚ ਬੈਠੇ ਪੱਤਰਕਾਰ ਮਿੱਤਰਾਂ ਨੂੰ ਮੈਂ ਮਿਲਦਾ, ਮੇਰੀ ਮਾਤਾ, ਜਿਨ੍ਹਾਂ ਨੂੰ ਅਸੀਂ ਬੇਜੀ ਕਹਿੰਦੇ ਸਾਂ, ਮੈਨੂੰ ਇੱਕ ਪਾਸੇ ਲੈ ਗਈ। ਉਹ ਬਹੁਤ ਖੌਫਜ਼ਦਾ ਸੀ। ਪੈਨਿਕ ਅਟੈਕ ਕਾਰਨ ਉਸ ਨੇ ਆਪਣਾ ਪੇਟ ਫੜਿਆ ਹੋਇਆ ਸੀ। ਉਹ ਮੇਰੇ ਕੰਨ ਵਿੱਚ ਫੁਸਫੁਸਾਉਣ ਲੱਗੀ, 'ਓਪਰਿਆਂ ਨੇ ਘਰ ਉੱਤੇ ਕਬਜ਼ਾ ਕਰ ਲਿਐ। ਕੁਝ ਤਾਂ ਪੱਤਰਕਾਰ ਨੇ ਤੇ ਕੁਝ ਦੂਸਰੇ।' 'ਦੂਸਰਿਆਂ' ਦੀ ਪਛਾਣ ਦੱਸਣ ਦੀ ਥਾਂ ਉਸ ਨੇ ਘਰ ਦੇ ਇੱਕ ਖੂੰਜੇ ਵੱਲ ਇਸ਼ਾਰਾ ਕੀਤਾ, ਜਿੱਥੇ ਕੁਝ ਜਣੇ ਮੰਜਿਆਂ ਉੱਤੇ ਆਰਾਮ ਕਰ ਰਹੇ ਸਨ। ਏਨੇ ਨੂੰ ਮੇਰੇ ਪਿਤਾ ਜੀ, ਜੋ ਸਿਰੇ ਦੇ ਆਸ਼ਾਵਾਦੀ ਸਨ, ਸਾਡੇ ਕੋਲ ਆ ਗਏ। ਉਨ੍ਹਾਂ ਨੇ ਮੁਸਕਰਾਉਂਦਿਆਂ ਬੇਜੀ ਨੂੰ ਇਤਮੀਨਾਨ ਰੱਖਣ ਦੀ ਸਲਾਹ ਦਿੱਤੀ, 'ਕੋਈ ਆਖਰ ਨਹੀਂ ਆ ਚੱਲੀ! ਠੰਢ ਰੱਖ।' ਬੇਜੀ ਦਾ ਬੁੜਬੁੜਾਣਾ ਜਾਰੀ ਰਿਹਾ। ਅਸਲ ਵਿੱਚ ਮੇਰੇ ਛੋਟੇ ਭਰਾ ਨੇ ਬੇਜੀ ਨੂੰ ਦੱਸ ਦਿੱਤਾ ਸੀ ਕਿ ਮੰਜਿਆਂ 'ਤੇ ਆਰਾਮ ਕਰ ਰਹੇ ਗਰੁੱਪ ਵਿੱਚ ਬਲੂ ਸਟਾਰ ਅਪਰੇਸ਼ਨ ਵਿੱਚ ਮਾਰੇ ਗਏ ਇੱਕ ਖਾੜਕੂ ਆਗੂ ਦੀ ਪਤਨੀ ਅਤੇ ਬੇਟੇ ਤੋਂ ਇਲਾਵਾ ਟਕਸਾਲ ਦਾ ਇੱਕ ਰੂਪੋਸ਼ ਜਥੇਦਾਰ ਵੀ ਸ਼ਾਮਲ ਸੀ। ਇਸ ਲਈ ਘਰ ਦੇ ਮੂਹਰੇ ਘੁੰਮਦੀ ਪੁਲਸ ਤੇ ਅੰਦਰ ਬੈਠੇ 'ਦੂਸਰਿਆਂ' ਕਾਰਨ ਬੇਜੀ ਦੋ ਪੁੜਾਂ ਵਿੱਚ ਫਸੀ ਮਹਿਸੂਸ ਕਰ ਰਹੀ ਸੀ।

ਘਰ ਦੇ ਇੱਕ ਚੁਬਾਰੇ ਵਿੱਚ ਪੱਤਰਕਾਰਾਂ ਦੀ ਗੱਲਬਾਤ ਗੂੰਜ ਰਹੀ ਸੀ। ਦਿੱਲੀ ਦੇ ਪੱਤਰਕਾਰਾਂ ਦੀ ਟੋਲੀ, ਜਿਸ ਵਿੱਚ ਜੀ ਕੇ ਸਿੰਘ, ਬਾਦਸ਼ਾਹ ਸੈਨ, ਜਸਪਾਲ ਸਿੱਧੂ, ਜਯੋਤੀ ਮਲਹੋਤਰਾ ਸ਼ਾਮਲ ਸਨ, ਨੇ ਗਰਮਦਲੀਆਂ ਦੇ ਉਸ ਵੇਲੇ ਦੇ ਚੋਟੀ ਦੇ ਸਿਧਾਂਤਕ ਗੱਜਾ ਸਿੰਘ ਨੂੰ ਸਵਾਲਾਂ ਨਾਲ ਘੇਰਿਆ ਹੋਇਆ ਸੀ। ਚੁਬਾਰੇ ਵਿੱਚੋਂ ਮੈਂ ਥੱਲੇ ਵਿਹੜੇ ਵਿੱਚ ਵੇਖਿਆ। ਪੇਟ ਫੜੀ ਖੜੀ ਬੇਜੀ ਤਰਸ ਮੰਗਦੀਆਂ ਨਜ਼ਰਾਂ ਨਾਲ ਮੇਰੇ ਵੱਲ ਵੇਖੀ ਜਾਂਦੀ ਸੀ। ਬੇਜੀ ਦੀ ਬੇਚਾਰਗੀ ਦੇਖ ਕੇ ਪੱਤਰਕਾਰੀ ਦੇ ਕਿੱਤੇ ਦੇ ਅਸੂਲ ਤੇ ਸ਼ਿਸ਼ਟਾਚਾਰ ਮੇਰੇ ਸਿਰ ਧੂੰਆਂ ਹੋ ਗਏ। ਮੇਰੇ ਅੰਦਰ ਅਪਰਾਧ ਬੋਧ ਭਰਨ ਲੱਗਾ। ਇੰਟਰਵਿਊ ਦੇ ਖਤਮ ਹੋਣ ਉੱਤੇ ਪੱਤਰਕਾਰਾਂ ਦੇ ਕੰਮ ਮੁਕਾ ਕੇ ਚਲੇ ਜਾਣ ਤੱਕ ਉਡੀਕ ਕਰਨਾ ਮੇਰੇ ਲਈ ਮੁਸ਼ਕਲ ਹੋ ਗਿਆ। ਦੋਚਿੱਤੀ ਛੱਡ ਮੈਂ ਜਥੇਦਾਰ ਗੱਜਾ ਸਿੰਘ ਨੂੰ ਇੱਕ ਪਾਸੇ ਲੈ ਗਿਆ। ਅਸਲ ਵਿੱਚ ਇਹ ਗੱਜਾ ਸਿੰਘ ਹੀ ਸੀ, ਜੋ ਘਰ ਵਿੱਚ 'ਦੂਸਰਿਆਂ' ਨੂੰ ਲਿਆਇਆ ਸੀ। ਉਸ ਦੀ ਮੇਰੇ ਪਰਵਾਰ ਨਾਲ ਪੁਰਾਣੀ ਨੇੜਤਾ ਸੀ।

ਮੇਰੀ ਆਵਾਜ਼ ਵਿੱਚ ਕਠੋਰਤਾ ਉਤਰ ਆਈ ਸੀ। ਵਿਹੜੇ ਵਿੱਚ ਪੇਟ ਪੱਕੜੀ ਖੜ੍ਹੀ ਬੇਜੀ ਵੱਲ ਇਸ਼ਾਰਾ ਕਰ ਕੇ ਮੈਂ ਗੱਜਾ ਸਿੰਘ ਨੂੰ ਸਥਿਤੀ ਸਮਝਾਉਣ ਲੱਗਾ। ਭਲੇ ਨੂੰ ਉਸ ਨੂੰ ਨਾ ਗੱਲ ਸਮਝਣ ਵਿੱਚ ਦੇਰ ਲੱਗੀ, ਨਾ ਫੈਸਲਾ ਲੈਣ ਵਿੱਚ। ਇੰਟਰਵਿਊ ਖਤਮ ਕਰ ਦਿੱਤੀ ਗਈ। ਪੱਤਰਕਾਰ ਘਰ ਦੇ ਸਾਹਮਣੇ ਦਰਵਾਜ਼ੇ ਰਾਹੀਂ ਚਲੇ ਗਏ ਤੇ ਗੱਜਾ ਸਿੰਘ 'ਦੂਸਰਿਆਂ' ਨੂੰ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਲੈ ਗਿਆ। ਜਿਉਂ ਹੀ ਸਾਰੇ 'ਓਪਰੇ' ਘਰੋਂ ਗਏ, ਬੇਜੀ ਨੇ ਝੱਟ ਦੋਵਾਂ ਦਰਵਾਜ਼ਿਆਂ ਦੀਆਂ ਅਰਲਾਂ ਚਾੜ੍ਹ ਦਿੱਤੀਆਂ। ਹੁਣ ਤੱਕ ਪੇਟ ਉੱਤੇ ਰਹੇ ਹੱਥ ਅਚਾਨਕ ਅਰਦਾਸ ਵਿੱਚ ਉਪਰ ਉਠ ਗਏ, "ਵਾਹਗੁਰੂ ਤੇਰਾ ਲੱਖ ਲੱਖ ਸ਼ੁਕਰ ਹੈ।"

ਵਿਅੰਗ ਕਸਦਿਆਂ ਪਿਤਾ ਜੀ ਨੇ ਕਿਹਾ, "ਜੇ ਉਹ ਦੋਬਾਰਾ ਆ ਗਏ ਫੇਰ ਕੀ ਕਰੇਂਗੀ?'

'ਮੈਂ ਕਿਸੇ ਵੀ ਕੀਮਤ ਉਨ੍ਹਾਂ ਪੱਤਰਕਾਰਾਂ ਨੂੰ ਅੰਦਰ ਨਹੀਂ ਵੜਨ ਦੇਵਾਂਗੀ', ਬੇਜੀ ਨੇ ਦ੍ਰਿੜਤਾ ਨਾਲ ਕਿਹਾ।

'ਚਲੋ ਪੱਤਰਕਾਰਾਂ ਬਾਰੇ ਤਾਂ ਤੇਰੀ ਗੱਲ ਮੰਨੀ, ਪਰ ਜੇ ਉਹ 'ਦੂਸਰੇ' ਵਾਪਸ ਆ ਗਏ ਤਾਂ?' ਪਿਤਾ ਜੀ ਨੇ ਬੇਜੀ ਨੂੰ ਛੇੜਿਆ।

ਕੁਝ ਛਿਨ ਖਾਲੀ ਖਾਲੀ ਅੱਖਾਂ ਨਾਲ ਮੈਨੂੰ ਤੇ ਪਿਤਾ ਜੀ ਨੂੰ ਬੇਜੀ ਵੇਖਦੀ ਰਹੀ। ਫਿਰ ਅਚਾਨਕ ਉਸ ਦੇ ਹੱਥ ਉਠੇ ਤੇ ਉਸ ਨੇ ਆਪਣਾ ਪੇਟ ਮੁੜ ਪਕੜ ਲਿਆ।



# ਮੰਚ ਸੰਚਾਲਨ ਵੀ ਇਕ ਕਲਾ ਹੈ

-ਡਾ. ਜਵਾਹਰ ਧੀਰ

ਕਿਸੇ ਪ੍ਰੋਗਰਾਮ ਦਾ ਮੰਚ ਸੰਚਾਲਨ ਕਰਨਾ ਸੰਚਾਲਕ ਲਈ ਖੁਸ਼ੀ ਦੀ ਗੱਲ ਹੁੰਦੀ ਹੈ। ਪ੍ਰੋਗਰਾਮ ਜਦੋਂ ਬਹੁਤ ਮਹੱਤਵ ਪੂਰਨ ਹੋਵੇ ਤਾਂ ਸੰਚਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਘੱਟ ਤੋਂ ਘੱਟ ਸ਼ਬਦਾਂ ਵਿੱਚ ਵਧੀਆ ਤਰੀਕੇ ਨਾਲ ਪੇਸ਼ਕਾਰੀ ਦੇਵੇ। ਪ੍ਰੋਗਰਾਮਾਂ 'ਚ ਸ਼ਾਮਲ ਲੋਕ ਜਾਣਦੇ ਹਨ ਕਿ ਮੁੱਖ ਮਹਿਮਾਨ ਦੇ ਆਉਣ 'ਤੇ ਵੀ ਜਦੋਂ ਪ੍ਰੋਗਰਾਮ ਦਾ ਸੰਚਾਲਕ ਬੋਲਦਾ ਰਹੇ ਤਾਂ ਕੀ ਹਾਲ ਹੁੰਦਾ ਹੈ।

ਇਕ ਪ੍ਰੋਗਰਾਮ ਵਿੱਚ ਇੰਜ ਹੀ ਹੋਇਆ। ਮੰਚ ਸੰਚਾਲਕ ਕੁਝ ਜ਼ਿਆਦਾ ਦੇਰ ਬੋਲਦਾ ਰਿਹਾ ਤਾਂ ਇਕ ਔਰਤ ਕਹਿਣ ਲੱਗੀ, 'ਉਹ ਕਾਲੇ ਮੂੰਹ ਵਾਲਿਆ, ਹੁਣ ਬੱਸ ਵੀ ਕਰ। ਅਸੀਂ ਤੈਨੂੰ ਸੁਣਨ ਨਹੀਂ ਆਏ। ਉਸ ਨੂੰ ਸੱਦ, ਜਿਸ ਨੇ ਸਾਡੇ ਬੱਚਿਆਂ ਨੂੰ ਇਨਾਮ ਦੇਣੇ ਹਨ।' ਮੰਚ ਸੰਚਾਲਕ ਦੇ ਕੰਨੀਂ ਇਹ ਗੱਲ ਨਹੀਂ ਪਈ, ਪਰ ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚੋਂ ਕਿਸੇ ਨੇ ਉਸ ਤਾਈਂ ਮਾਤਾ ਦੀ ਗੱਲ ਪਹੁੰਚਾਈ ਤਾਂ ਉਸ ਨੇ ਕਹਿ ਦਿੱਤਾ ਕਿ ਇਸ ਵਿੱਚ ਮੇਰਾ ਕੀ ਕਸੂਰ ਹੈ? ਪ੍ਰਧਾਨ ਜੀ ਨੇ ਹੀ ਤਾਂ ਕਿਹਾ ਸੀ ਕਿ ਮੁੱਖ ਪ੍ਰਾਹੁਣੇ ਦੀ ਰੱਜ ਕੇ ਤਾਰੀਫ ਕਰਨੀ ਹੈ ਤਾਂ ਜੋ ਉਹ ਖੁਸ਼ ਹੋ ਕੇ ਸਕੂਲ ਲਈ ਮੋਟੀ ਰਕਮ ਦੇ ਜਾਵੇ। ਮੰਚ ਸੰਚਾਲਕ ਭੁੱਲ ਗਿਆ ਕਿ ਉਸ ਦਾ ਮਾਈਕ ਚਾਲੂ ਹੈ। ਇਹ ਗੱਲਬਾਤ ਪ੍ਰਧਾਨ ਤੇ ਮੁੱਖ ਪ੍ਰਾਹੁਣੇ ਨੇ ਵੀ ਸੁਣ ਲਈ ਤਾਂ ਉਹ ਇਕ ਦੂਜੇ ਦਾ ਮੂੰਹ ਦੇਖਣ ਲੱਗੇ।

ਮੁੱਖ ਮਹਿਮਾਨ ਉਠ ਕੇ ਮਾਈਕ 'ਤੇ ਚਲਾ ਗਿਆ ਤੇ ਕਹਿਣ ਲੱਗਿਆ, 'ਇੰਜ ਹੁੰਦਾ ਹੀ ਰਹਿੰਦਾ ਹੈ। ਹਰ ਕਿਸੇ ਨੂੰ ਸਾਡੇ ਤੋਂ ਆਸ ਹੁੰਦੀ ਹੈ। ਮੈਂ ਇਸ ਦਾ ਬੁਰਾ ਨਹੀਂ ਮੰਨਦਾ', ਪਰ ਮੰਚ ਸੰਚਾਲਕ ਦਾ ਹਾਲ ਵੇਖਣ ਵਾਲਾ ਸੀ।

ਮੈਨੂੰ ਯਾਦ ਹੈ ਕਿ ਜਦੋਂ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਬਣੇ ਤਾਂ ਜਲੰਧਰ ਵਿਖੇ ਇਕ ਵੱਡੇ ਪ੍ਰੋਗਰਾਮ ਦਾ ਕੋਈ ਉਦਘਾਟਨ ਕਰਨ ਆਏ ਸਨ। ਉਸ ਸਮਾਗਮ ਵਿੱਚ ਮੰਚ ਦੇ ਸਾਹਮਣੇ ਬਣੀ ਵੀ ਆਈ ਪੀ ਗੈਲਰੀ ਵਿੱਚ ਮੈਂ ਵੀ ਬੈਠਾ ਸਾਂ। ਉਸ ਪ੍ਰੋਗਰਾਮ ਦਾ ਸੰਚਾਲਨ ਜਲੰਧਰ ਦੇ ਮਸ਼ਹੂਰ ਰੋਟੇਰੀਅਨ ਸੁਰਿੰਦਰ ਸੇਠ ਕਰ ਰਹੇ ਸਨ। ਉਨ੍ਹਾਂ ਨੇ ਬਹੁਤ ਚੰਗੇ ਢੰਗ ਨਾਲ ਸੰਸਥਾ ਤੇ ਹਾਜ਼ਰ ਲੋਕਾਂ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੇਰ ਨਾਲ ਸ਼ੁਰੂ ਹੋਇਆ ਸੀ। ਇਸ ਲਈ ਸਮਾਂ ਤਾਂ ਲੱਗਣਾ ਹੀ ਸੀ ਤੇ ਗੁਜਰਾਲ ਸਾਹਿਬ ਨੇ ਵੀ ਸਮੇਂ ਸਿਰ ਜਾਣ ਦੀ ਗੱਲ ਪ੍ਰਬੰਧਕਾਂ ਨੂੰ ਕਹਿ ਦਿੱਤੀ ਸੀ। ਮੰਚ 'ਤੇ ਉਦੋਂ ਦੇ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਵੀ ਬੈਠੇ ਸਨ।

ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਸੁਰਿੰਦਰ ਸੇਠ ਨੇ ਸੰਬੋਧਨ ਕਰਦਿਆਂ ਕਿਹਾ ਕਿ 'ਹੁਣ ਮੈਂ ਬਲਵੰਤ ਸਿਘ ਰਾਮੂਵਾਲੀਆ ਨੂੰ ਬੇਨਤੀ ਕਰਾਂਗਾ ਕਿ ਉਹ ਦੋ ਕੁ ਮਿੰਟ ਸੰਬੋਧਨ ਕਰਨ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਸੰਬੋਧਨ ਹੋਵੇਗਾ।' ਰਾਮੂਵਾਲੀਆ ਬੋਲਣ ਲਈ ਆਏ ਤਾਂ ਉਨ੍ਹਾਂ ਮੁਸਕਰਾਉਂਦੇ ਹੋਏ ਆਪਣੀ ਘੁੱਟਵੀਂ ਆਵਾਜ਼ ਵਿੱਚ ਕਿਹਾ, 'ਲਓ ਜੀ, ਇਹ ਜਿਹੜਾ ਸਟੇਜ ਸਕੱਤਰ ਹੈ, ਇਸ ਨੇ ਮੈਨੂੰ ਦੋ ਮਿੰਟ ਬੋਲਣ ਨੂੰ ਕਿਹਾ ਹੈ। ਸਾਡਾ ਸਾਰਿਆਂ ਦਾ ਟਾਈਮ ਤਾਂ ਇਹ ਸਟੇਜ ਸਕੱਤਰ ਖਾ ਗਿਆ ਤੇ ਹੁਣ ਮੇਰੀ ਵਾਰੀ ਦੋ ਮਿੰਟ। ਭਈ ਮੈਂ ਤਾਂ ਆਪਣੀ ਮਰਜ਼ੀ ਨਾਲ ਬੋਲੂੰਗਾ, ਦੋ-ਦੂ ਮਿੰਟ ਦਾ ਕੋਈ ਮਤਲਬ ਨਹੀਂ।' ਉਨ੍ਹਾਂ ਲੰਬਾ ਭਾਸ਼ਣ ਦਿੱਤਾ। ਸੁਰਿੰਦਰ ਸੇਠ ਪਿੱਛੇ ਖੜੇ ਮੰਦ-ਮੰਦ ਮੁਸਕਰਾਉਂਦੇ ਰਹੇ ਤੇ ਅਸੀਂ ਸਾਰੇ ਸਾਹਮਣੇ ਬੈਠੇ ਮਜ਼ੇ ਲੈਂਦੇ ਰਹੇ। ਰਾਮੂਵਾਲੀਆ ਦੀ ਬੋਲਣ ਦੀ ਸ਼ੈਲੀ ਨਿਵੇਕਲੀ ਹੈ, ਕਿਉਂ ਜੋ ਉਹ ਨੱਕ ਵਿੱਚ ਬੋਲਦੇ ਹਨ। ਇਹ ਸਮਾਗਮ ਮੇਰੇ ਲਈ ਯਾਦਗਾਰੀ ਹੋ ਨਿੱਬੜਿਆ ਸੀ, ਹੋਰਨਾਂ ਨੂੰ ਵੀ ਨਹੀਂ ਭੁੱਲਿਆ ਹੋਵੇਗਾ।

ਜੀਵਨ ਇਕ ਵਗਦਾ ਦਰਿਆ ਹੈ। ਪਤਾ ਨਹੀਂ ਕਿਸ ਵੇਲੇ ਕੀ ਹੋ ਜਾਵੇ। ਮੰਚ ਸੰਚਾਲਨ ਕੋਈ ਸੌਖਾ ਕੰਮ ਨਹੀਂ। ਇਕ ਵਾਰੀ ਮੈਂ ਲਾਇਨਜ਼ ਕਲੱਬ ਦੇ ਸੈਮੀਨਾਰ ਦਾ ਮਾਸਟਰ ਆਫ ਸੈਰੇਮਨੀ ਸੀ। ਸੈਮੀਨਾਰ ਦੇ ਖਾਤਮੇ ਤੋਂ ਪਹਿਲਾਂ ਮਹਿਮਾਨਾਂ ਨੂੰ ਸਨਮਾਨਿਤ ਕਰਨਾ ਸੀ। ਚੰਡੀਗੜ੍ਹ ਤੋਂ ਆਏ ਸਾਬਕਾ ਗਵਰਨਰ ਨੂੰ ਜਦੋਂ ਮੈਂ ਬੁਲਾਇਆ ਤਾਂ ਉਹ ਇਸ ਗੱਲ ਤੋਂ ਨਾਰਾਜ਼ ਹੋ ਗਏ ਕਿ ਮੈਂ ਉਨ੍ਹਾਂ ਉਪਰ ਨਾ ਕੋਈ ਸ਼ੇਅਰ ਬੋਲਿਆ ਤੇ ਨਾ ਉਨ੍ਹਾਂ ਬਾਰੇ ਵਧੀਆ ਸ਼ਬਦ ਬੋਲੇ ਸਨ, ਪਰ ਮੈਂ ਕੀ ਕਰਦਾ, ਮੈਂ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਮੇਰੇ ਕੋਲੋਂ ਮਾਈਕ ਖੋਹ ਲਿਆ ਤੇ ਕਹਿਣ ਲੱਗੇ, 'ਧੀਰ ਸਾਹਬ, ਤੁਸੀਂ ਸਾਡੀ ਸਾਰਿਆਂ ਦੀ ਲੀਡਰਸ਼ਿਪ ਬਾਰੇ ਬਹੁਤ ਵਧੀਆ ਸ਼ਬਦਾਂ ਦੀ ਵਰਤੋਂ ਕੀਤੀ ਹੈ। ਮੈਂ ਤੁਹਾਡੀ ਕਮਾਲ ਦੀ ਸ਼ਾਇਰੀ ਅਤੇ ਸ਼ਬਦਾਂ ਦੀ ਚੋਣ ਨੂੰ ਸਲਾਮ ਕਰਦਾ ਹਾਂ। ਤੁਹਾਡੀ ਸ਼ਾਨ ਵਿੱਚ ਅਸੀਂ ਸਾਰੇ ਲਾਇਨ ਲੀਡਰ ਖੜੇ 'ਹੋ ਕੇ ਤੁਹਾਨੂੰ ਵੈਲਕਮ ਕਰਦੇ ਹਾਂ।' ਇਹ ਕਹਿੰਦੇ ਹੋਏ ਉਨ੍ਹਾਂ ਸਨਮਾਨ ਵਜੋਂ ਇਕ ਸ਼ਾਲ ਮੇਰੇ ਗਲੇ ਵਿੱਚ ਪਾ ਦਿੱਤੀ।

ਬਾਅਦ ਵਿੱਚ ਜਦੋਂ ਅਸੀਂ ਉਨ੍ਹਾਂ ਦਾ ਸਨਮਾਨ ਕੀਤਾ ਤਾਂ ਮਮੈਂਟੋ ਦੀ ਥਾਂ 'ਤੇ ਡਬਲ ਬੈਡ ਦੀ ਚਾਦਰ ਦਾ ਪੈਕੇਟ ਦਿੱਤਾ ਸੀ। ਉਨ੍ਹਾਂ ਸੈਮੀਨਾਰ ਦੇ ਖਤਮ ਹੋਣ 'ਤੇ ਕਿਹਾ, 'ਧੀਰ ਸਾਹਿਬ, ਤੁਸੀਂ ਮਮੈਂਟੋ ਨਾ ਦੇ ਕੇ ਬਹੁਤ ਵਧੀਆ ਕੀਤਾ ਹੈ। ਮਮੈਂਟੋਜ਼ ਦੇ ਭੰਡਾਰ ਤੋਂ ਦੁਖੀ ਮੇਰੀ ਘਰ ਵਾਲੀ ਮੈਨੂੰ ਉਦੋਂ ਘਰ ਵੀ ਵੜਨ ਨਹੀਂ ਦਿੰਦੀ ਤੇ ਕਹਿ ਦਿੰਦੀ ਹੈ ਕਿ ਇਕ ਹੋਰ ਲੈ ਆਏ ਓ? ਅੱਜ ਇਸ ਤੋਹਫੇ ਨੂੰ ਦੇਖ ਕੇ ਉਹ ਖੁਸ਼ ਹੋਵੇਗੀ ਤੇ ਘਰ ਅੰਦਰ ਵੀ ਵਾੜ ਲਏਗੀ।' ਅਸੀਂ ਸਾਰੇ ਉਨ੍ਹਾਂ ਦੀ ਗੱਲ ਸੁਣ ਕੇ ਖੂਬ ਹੱਸੇ।

ਗੱਲ ਮੰਚ ਸੰਚਾਲਨ ਦੀ ਯਾਦ ਕਰਦੇ ਹੋਏ ਮੇਰੇ ਲਈ ਉਹ ਦਿਨ ਕਦੇ ਭੁੱਲਣ ਵਾਲਾ ਨਹੀਂ, ਜਦੋਂ ਫਗਵਾੜਾ 'ਚ ਹੋਣ ਵਾਲੀ ਰਾਮ ਕਥਾ ਲਈ ਇਕ ਕੌਮੀ ਪੱਧਰ ਦਾ ਕਥਾਕਾਰ ਆਉਣਾ ਸੀ। ਕਥਾ ਦੇ ਮੰਚ ਸੰਚਾਲਨ ਲਈ ਜ਼ਿੰਮੇਵਾਰੀ ਮੇਰੀ ਸੀ। ਪਹਿਲੇ ਦਿਨ ਜਦੋਂ ਕਥਾ ਸ਼ੁਰੂ ਹੋਈ ਤਾਂ ਮੈਂ ਵਿਆਸ ਗੱਦੀ 'ਤੇ ਬੈਠ ਚੁੱਕੇ ਸੰਤ ਮਹਾਰਾਜ ਨੂੰ ਜੀ ਆਇਆ ਕਹਿਣ ਲਈ ਸੰਬੋਧਨ ਸ਼ੁਰੂ ਕਰਦੇ ਹੋਏ ਕਹਿ ਦਿੱਤਾ, 'ਮਾਨਨੀਏ ਸੰਤ ਸ੍ਰੀ..।' ਮੇਰੇ ਮੂੰਹ 'ਚੋਂ ਨਿਕਲੀ ਗੱਲ ਸੰਤ ਜੀ ਨੇ ਤੁਰੰਤ ਫੜ ਲਈ। ਕਹਿਣ ਲੱਗੇ, 'ਧੀਰ ਜੀ ਹਮੇਂ 'ਮਾਨਨੀਆ' ਸ਼ਬਦ ਸੇ ਮਤ ਪੁਕਾਰੇਂ। ਯੇਹ ਸ਼ਬਦ ਸੰਤੋਂ ਪਰ ਨਹੀਂ, ਲੀਡਰੋਂ ਕੇ ਲੀਏ ਹੈ। ਹਮੇਂ ਊਨ ਕੀ ਕੈਟਾਗਿਰੀ ਮੇਂ ਨਾ ਜੋੜੇ।' ਮੈਂ ਮਾਫੀ ਮੰਗਦੇ ਹੋਏ ਕਿਹਾ, 'ਮਹਾਰਾਜ, ਮਾਫ ਕਰਨਾ। ਕੁਝ ਸ਼ਬਦ ਸਨਮਾਨ ਲਈ ਯਾਦ ਹੁੰਦੇ ਹਨ, ਪਰ ਇਨ੍ਹਾਂ ਦਾ ਫਰਕ ਅੱਜ ਸਮਝ ਆਇਆ ਹੈ।'

ਮੰਚ ਸੰਚਾਲਨ ਕਰਨਾ ਕੋਈ ਸੌਖੀ ਗੱਲ ਨਹੀਂ ਹੁੰਦੀ। ਸ਼ਬਦਾਂ ਨੂੰ ਮੂੰਹੋਂ ਕੱਢਣ ਤੋਂ ਪਹਿਲਾਂ ਇਹ ਸੋਚਣਾ ਪੈਂਦਾ ਹੈ ਕਿ ਮੰਚ ਉੱਤੇ ਬੈਠਾ ਆਦਮੀ ਉਨ੍ਹਾਂ ਸ਼ਬਦਾਂ ਦੇ ਯੋਗ ਹੈ ਜਾਂ ਨਹੀਂ। ਲੀਡਰਾਂ ਨੂੰ ਜੋ ਮਰਜ਼ੀ ਕਹਿ ਕੇ ਸੰਬੋਧਨ ਕਰ ਦਿਓ, ਉਨ੍ਹਾਂ ਨੂੰ ਕਿਹੜਾ ਪਤਾ ਲੱਗਦੈ। ਉਨ੍ਹਾਂ ਨੂੰ ਖੁਸ਼ ਕਰਨਾ ਜ਼ਰੂਰੀ ਹੁੰਦਾ ਹੈ, ਕਿਉਂਕਿ ਪ੍ਰਬੰਧਕ ਇਹੋ ਚਾਹੁੰਦੇ ਹੁੰਦੇ ਹਨ ਕਿ ਉਨ੍ਹਾਂ ਦੀ ਸੰਸਥਾ ਨੂੰ ਚੰਗੀ ਰਕਮ ਮਿਲ ਜਾਵੇ।

ਬੜੀ ਪੁਰਾਣੀ ਗੱਲ ਹੈ, ਜਦੋਂ ਮੈਂ ਜੀ ਏ ਐਮ ਐਸ ਡਿਗਰੀ ਕੋਰਸ (ਆਯੁਰਵੇਦਾਚਾਰਿਆ) ਕਰਨ ਦੇ ਵਕਤ ਆਪਣੇ ਕਾਲਜ ਦਾ ਜਨਰਲ ਸਕੱਤਰ ਸੀ ਤੇ ਕਾਲਜ ਵਿੱਚ ਹੋਏ ਸਾਲਾਨਾ ਪ੍ਰੋਗਰਾਮ 'ਚ ਅਕਾਲੀ ਸਰਕਾਰ ਦੇ ਸਿਹਤ ਮੰਤਰੀ ਰਵੇਲ ਸਿੰਘ ਸਾਡੇ ਕਾਲਜ ਨੂੰ ਢਾਈ ਲੱਖ ਰੁਪਏ ਦੀ ਗ੍ਰਾਂਟ ਦੇ ਗਏ ਸਨ। ਉਨ੍ਹਾਂ ਦੀ ਸ਼ਾਨ ਵਿੱਚ ਕਸੀਦੇ ਪੜ੍ਹਨ ਵਿੱਚ ਮੈਂ ਕੋਈ ਕਸਰ ਨਹੀਂ ਸੀ ਛੱਡੀ। ਮੰਚ ਸੰਚਾਲਨ ਕਰਦੇ ਹੋਏ ਕਦੇ-ਕਦੇ ਸ਼ਬਦਾਂ ਦੀ ਹੇਰ ਫੇਰ ਹੋ ਜਾਵੇ ਤਾਂ ਕੁਝ ਦਾ ਕੁਝ ਹੋ ਜਾਂਦਾ ਹੈ। ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠਾਂ ਆਯੁਰਵੈਦਿਕ ਵਿਭਾਗ ਆਯੂਸ਼ ਮੇਲੇ ਲਾਏ ਜਾਂਦੇ ਹਨ। ਲੁਧਿਆਣਾ ਵਿਖੇ ਸੱਤ ਅੱਠ ਸਾਲ ਪਹਿਲਾਂ ਆਯੂਸ਼ ਮੇਲਾ ਲੱਗਿਆ ਤਾਂ ਉਦਘਾਟਨੀ ਸਮਾਗਮ 'ਚ ਮੰਚ ਸੰਚਾਲਨ ਕਰਦੇ ਹੋਏ ਇਕ ਮਹਿਲਾ ਡਾਕਟਰ ਨੇ ਇਕ ਸ਼ੇਅਰ ਪੜ੍ਹ ਦਿੱਤਾ, ਜਿਸ ਨੂੰ ਸੁਣ ਕੇ ਅਸੀਂ ਸਾਰੇ ਨਾ ਸਿਰਫ ਸੋਚੀਂ ਪੈ ਗਏ, ਸਗੋਂ ਇਸ ਗੱਲ 'ਤੇ ਹੈਰਾਨੀ ਹੋਈ ਕਿ ਸ਼ੇਅਰ ਪੜ੍ਹਨ ਤੋਂ ਪਹਿਲਾਂ ਪੜ੍ਹਨ ਵਾਲੇ ਨੂੰ ਉਸ ਦਾ ਅਰਥ ਪਤਾ ਹੋਣਾ ਚਾਹੀਦੈ। ਉਸ ਨੇ ਕਿਹਾ ਸੀ, 'ਕਬੀਰਾ ਜਬ ਤੁਮ ਆਏ ਜਗਤ ਮੇਂ ਜੱਗ ਹੰਸਾ ਤੁਮ ਰੋਏ, ਐਸੀ ਕਰਨੀ ਕਰ ਚਲੋ..।' ਮਹਿਕਮੇ ਦੇ ਅਫਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਫੇਰ ਕਹਿਣ ਲੱਗੀ, 'ਮੁੱਖ ਮਹਿਮਾਨ ਜੀ ਤੁਸੀਂ ਅੱਜ ਕੁਝ ਅਜਿਹਾ ਕਰ ਜਾਓ ਕਿ ਜੱਗ ਵੀ ਖੁਸ਼ ਹੋ ਜਾਵੇ ਤੇ ਮਰੀਜ਼ਾਂ ਨੂੰ ਦਵਾਈਆਂ ਵੀ ਖੂਬ ਮਿਲਣ।' ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੂੰ ਇਹ ਸ਼ੇਅਰ ਕਿਉਂ ਪੜ੍ਹਿਆ ਤਾਂ ਉਹ ਕਹਿਣ ਲੱਗੀ, 'ਮੈਨੂੰ ਤਾਂ ਡਾ. ਮਿੱਤਲ ਨੇ ਲਿਖ ਕੇ ਦਿੱਤਾ ਸੀ।'

# ਖਤਰਨਾਕ ਹੈ ਡੇਰਿਆਂ ਪ੍ਰਤੀ ਵਧਦਾ ਰੁਝਾਨ

-ਗੁਰਵੀਰ ਸਿੰਘ

ਪੰਜਾਬ ਵਿੱਚ ਡੇਰਿਆਂ ਤੇ ਡੇਰੇਦਾਰਾਂ ਦੇ ਕੱਟੜ ਪੈਰੋਕਾਰਾਂ ਦੀ ਭਰਮਾਰ ਹੈ। ਕਈ ਸਦੀਆਂ ਪਹਿਲਾਂ ਮਨੂ ਵੱਲੋਂ ਨਿਰਧਾਰਤ ਕੀਤੀ ਵਰਣ ਵੰਡ ਡੇਰਿਆਂ ਵੱਲ ਵਹੀਰਾਂ ਘੱਤ ਕੇ ਜਾਂਦੇ ਸ਼ਰਧਾਲੂਆਂ ਅੰਦਰ ਵੀ ਸਾਫ ਝਲਕਦੀ ਹੈ। ਦੂਸਰੇ ਸ਼ਬਦਾਂ ਵਿੱਚ ਆਪਾਂ ਕਹਿ ਸਕਦੇ ਹਾਂ ਕਿ ਕਿਸੇ ਨਾ ਕਿਸੇ ਹੱਦ ਤੱਕ ਸਮਾਜ ਦੇ ਉਚ ਵਰਗ ਤੇ ਨਿਮਨ ਵਰਗ ਦੇ ਆਪੋ ਆਪਣੇ ਡੇਰੇਦਾਰ ਗੁਰੂ ਹਨ। ਮਿਸਾਲ ਦੇ ਤੌਰ ਉੱਤੇ ਮਾਝੇ ਵਿੱਚ ਇਕ ਪ੍ਰਮੁੱਖ ਡੇਰੇ ਦੇ ਬਹੁਗਿਣਤੀ ਸ਼ਰਧਾਲੂ ਸ਼ਹਿਰੀ ਤੇ ਪੇਂਡੂ ਖੇਤਰਾਂ ਦੇ ਖਾਂਦੇ ਪੀਂਦੇ ਪਰਵਾਰ ਹਨ। ਇਹ ਡੇਰਾ ਕਿਸੇ ਵੀ ਤਰ੍ਹਾਂ ਦੀ ਸਿਆਸੀ ਦਖਲ ਨਾ ਕਰਨ ਕਰ ਕੇ ਵੀ ਜਾਣਿਆਂ ਜਾਂਦਾ ਹੈ। ਦੂਜੇ ਪਾਸੇ ਹਰਿਆਣਾ ਵਿਖੇ ਸਿਰਸਾ ਵਿਖੇ ਇੱਕ ਡੇਰੇ ਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਮਾਲਵੇ ਦੇ ਪੇਂਡੂ ਖੇਤਰ ਦੇ ਗਰੀਬ ਤਬਕੇ ਦੇ ਲੋਕਾਂ ਦੀ ਹੈ।

ਸਿੱਖ ਵਿਦਵਾਨਾਂ ਦੀ ਆਮ ਧਾਰਨਾ ਹੈ ਕਿ ਗੁਰਦੁਆਰਿਆਂ ਵਿੱਚ ਜਾਤੀ ਪ੍ਰਥਾ ਉੱਤੇ ਆਧਾਰਤ ਵਿਤਕਰੇਬਾਜ਼ੀ ਹੀ ਸਮਾਜ ਵੱਲੋਂ ਹਾਸ਼ੀਏ ਉੱਤੇ ਧੱਕੇ ਵਰਗਾਂ ਵੱਲੋਂ ਡੇਰਿਆਂ ਵੱਲ ਮੁਹਾਰਾਂ ਮੋੜਨ ਦਾ ਇਕ ਪ੍ਰਮੁੱਖ ਕਾਰਨ ਬਣਦੀ ਹੈ। ਬੇਸ਼ੱਕ ਪੇਂਡੂ ਖੇਤਰਾਂ ਵਿੱਚ 'ਜੱਟਵਾਦ' ਸਿੱਖ ਸਿਧਾਂਤਾਂ ਉੱਤੇ ਆਧਾਰਤ ਸਮਾਜਿਕ ਸਮਾਨਤਾ ਨੂੰ ਢਾਹ ਲਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਂਦਾ ਹੈ। ਵਰਤਮਾਨ ਮਾਹੌਲ ਵਿੱਚ ਹੈਂਕੜ ਭਰਪੂਰ ਜੱਟਪੁਣੇ ਨੂੰ ਵਧਾਉਣ ਵਿੱਚ ਪੰਜਾਬੀ ਦੇ ਸੰਗੀਤ ਦਾ ਵੀ ਯੋਗਦਾਨ ਵੇਖਣ ਨੂੰ ਮਿਲ ਰਿਹਾ ਹੈ।

ਉਪਰੋਕਤ ਤੋਂ ਇਲਾਵਾ ਪੰਜਾਬ ਵਿੱਚ ਇਕ ਵੱਡੀ ਗਿਣਤੀ ਸਿੱਖ ਡੇਰੇਦਾਰਾਂ ਦੀ ਪਾਈ ਜਾਂਦੀ ਹੈ, ਜੋ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਦਾ ਦਾਅਵਾ ਕਰਦੇ ਹਨ। ਸਿੱਖ ਡੇਰੇਦਾਰਾਂ ਨੇ ਆਪਣੀ ਇਕ ਜਥੇਬੰਦੀ ਬਣਾਈ ਹੋਈ ਹੈ 'ਸੰਤ ਸਮਾਜ'। ਵਿਚਾਰਨ ਵਾਲੀ ਗੱਲ ਇਹ ਹੈ ਕਿ ਧਰਮੀ ਮਹਾਂਪੁਰਸ਼ਾਂ ਦੀ ਆਬਾਦੀ ਇੰਨੀ ਹੋ ਗਈ ਹੈ ਕਿ ਉਹ ਸਮਾਜ ਦਾ ਹਿੱਸਾ ਨਾ ਹੋ ਕੇ ਇਕ ਵੱਖਰੇ ਸੰਤ ਸਮਾਜ ਦੇ ਰੂਪ ਵਿੱਚ ਵਿਚਰਦੇ ਹਨ। ਸੰਤਾਂ ਦੇ ਸਮਾਜ ਦੇ ਸੰਦਰਭ ਵਿੱਚ ਆਮ ਲੋਕਾਂ/ ਸੰਗਤ ਦਾ ਸਮਾਜ ਕੀ ਸਥਾਨ ਹੈ? ਕੀ ਹੁਣ ਦੋ ਵੱਖੋ ਵੱਖਰੇ ਸਮਾਜ ਹਨ? ਜਨ ਸਾਧਾਰਨ ਦੇ ਸਮਾਜ ਨੂੰ ਤਾਂ ਫਿਰ 'ਸੰਗਤ ਸਮਾਜ' ਜਿਹਾ ਕੋਈ ਢੁਕਵਾਂ ਰੁਤਬਾ ਮਿਲ ਜਾਣਾ ਚਾਹੀਦਾ ਹੈ। ਬਠਿੰਡਾ ਜ਼ਿਲੇ ਨਾਲ ਸਬੰਧਤ ਇਕ ਡੇਰੇ ਵਿੱਚ ਲੰਗਰ ਛਕਾਉਣ ਵੇਲੇ ਵੀ ਜਾਤੀ ਪ੍ਰਥਾ ਦਾ ਪੂਰਾ ਮਾਣ ਰੱਖਿਆ ਜਾਂਦਾ ਹੈ। ਇਸ ਹਾਲਤ ਨੂੰ ਵੇਖਦਿਆਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮਨੂਵਾਦੀ ਵਿਚਾਰਧਾਰਾ ਇਕ ਵੱਖਰਾ ਲਿਬਾਸ ਅਤੇ ਅੰਦਾਜ਼ ਧਾਰਨ ਕਰਕੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਮਨੁੱਖਤਾਵਾਦੀ ਸਿਧਾਂਤ ਨੂੰ ਲਲਕਾਰ ਰਹੀ ਹੋਵੇ।


ਹੁਣ ਗੱਲ ਕਰੀਏ ਡੇਰੇਦਾਰਾਂ ਤੇ ਸਿਆਸਤ ਦੇ ਖਿਡਾਰੀਆਂ ਦੀ ਸਾਂਝ ਭਿਆਲੀ ਦੀ। ਇਹ ਗੱਲ ਬੜੀ ਸਪੱਸ਼ਟ ਹੈ ਕਿ ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਡੇਰੇਦਾਰਾਂ ਨੂੰ ਭਰਮਾਉਣ ਦਾ ਟਿੱਲ ਲਾਉਂਦੀਆਂ ਹਨ, ਪਰ ਅਜਿਹੇ ਦੌਰ ਤੇ ਹਾਲਾਤਾਂ ਦੌਰਾਨ ਵੀ ਜਦੋਂ ਸਿਆਸਤਦਾਨ ਸੱਤਾ ਪ੍ਰਾਪਤੀ ਵਾਸਤੇ ਕਿਸੇ ਵੀ ਹੱਦ ਤੱਕ ਜਾਣ ਨੂੰ ਤਤਪਰ ਰਹਿੰਦੇ ਹਨ। ਖੱਬੇ ਪੱਖੀ ਪਾਰਟੀਆਂ ਆਪਣੀ ਵਿਚਾਰਧਾਰਾ 'ਤੇ ਦ੍ਰਿੜਤਾ ਨਾਲ ਪਹਿਰਾ ਦੇਂਦੀਆਂ ਹਨ। ਇਹ ਇਕ ਵੱਖਰਾ ਵਿਸ਼ਾ ਹੈ ਕਿ ਕੋਝੇ ਹੱਥਕੰਡੇ ਅਪਣਾਉਣ ਤੋਂ ਨਿਰਲੇਪ ਖੱਬੀਆਂ ਧਿਰਾਂ ਨੂੰ ਪੰਜਾਬੀਆਂ ਨੇ ਕੋਈ ਤਵੱਕੋ ਨਹੀਂ ਦਿੱਤੀ।

ਪੰਜਾਬ ਦੀ ਧਰਤੀ 'ਤੇ ਗੁਰੂ ਨਾਨਕ ਦੇਵ ਨੇ ਮਨੁੱਖਤਾ ਨੂੰ ਇਕ ਅਸਲੋਂ ਹੀ ਨਵੀਂ ਵਿਚਾਰਧਾਰਾ ਪ੍ਰਦਾਨ ਕੀਤੀ। ਮੌਜੂਦਾ ਸਮੇਂ ਸ਼ਬਦ ਗੁਰੂ ਦੇ ਸੰਕਲਪ ਨੂੰ ਸਮਰਪਿਤ ਭਾਈਚਾਰੇ ਦੀ ਨੁਮਾਇੰਦਾ ਜਮਾਤ ਵਜੋਂ ਜਾਣੀ ਜਾਂਦੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕ ਵਿਵਾਦਤ ਡੇਰੇਦਾਰ ਤੋਂ ਖੁੱਲ੍ਹਮ ਖੁੱਲ੍ਹਾ ਸਮਰਥਨ ਹਾਸਲ ਕਰਨਾ ਵੱਡੇ ਸਵਾਲਾਂ ਨੂੰ ਜਨਮ ਦਿੰਦਾ ਹੈ ਕਿ ਕੀ ਅਕਾਲੀ ਆਗੂ ਉਸ ਖਾਸ ਡੇਰੇ ਦੇ ਪੈਰੋਕਾਰਾਂ ਨੂੰ ਆਮ ਲੋਕਾਂ ਤੋਂ ਵੱਧ ਪਹਿਲ ਦੇਣਗੇ? ਕੀ ਅਕਾਲੀ ਆਗੂ ਇਕ ਡੇਰੇਦਾਰ ਦੀਆਂ ਰਬੜ ਦੀਆਂ ਮੋਹਰਾਂ ਬਣ ਕੇ ਸਿਆਸੀ ਪੱਖੋਂ ਵਿਚਰਨਗੇ? ਅਖਬਾਰਾਂ ਵਿੱਚ ਛਪ ਚੁੱਕਾ ਡੇਰੇ ਦੇ ਸਿਆਸੀ ਵਿੰਗ ਦੇ ਮੁਖੀ ਦਾ ਅਕਾਲੀ ਦਲ 'ਤੇ ਅਹਿਸਾਨ ਜਤਾਉਂਦਾ ਬਿਆਨ ਉਪਰੋਕਤ ਸਵਾਲਾਂ ਦੀ ਤਾਈਦ ਕਰਦਾ ਹੈ। ਇਸ ਬਿਆਨਬਾਜ਼ੀ ਦਾ ਸਪੱਸ਼ਟ ਸੰਕੇਤ ਹੈ ਕਿ ਡੇਰੇਦਾਰ ਤੇ ਉਨ੍ਹਾਂ ਦੇ ਪੈਰੋਕਾਰ ਅਕਾਲੀ ਦਲ ਦੀ ਬਾਂਹ ਮਰੋੜ ਕੇ ਸਰਕਾਰ ਕੋਲੋਂ ਆਪਣੇ ਕਾਰਜ ਸਿੱਧ ਕਰਵਾਉਣ ਵਾਸਤੇ ਘਾਤ ਲਾਈ ਬੈਠੇ ਹਨ।

ਪੰਜਾਬ ਦੀ ਸਿਆਸਤ ਨੇ ਸਿਧਾਂਤਾਂ ਤੇ ਵਿਚਾਰਧਾਰਾਵਾਂ ਨੂੰ ਬੜੇ ਅਰਸੇ ਤੋਂ ਬੇਦਾਵਾ ਦਿੱਤਾ ਪਿਆ ਹੈ। ਸਿਆਸੀ ਆਗੂਆਂ ਦੀ ਰਾਜਨੀਤਕ ਇਖਲਾਕੀ ਗਿਰਾਵਟ ਤੇ ਬੇਪ੍ਰਤੀਤੇ ਕਿਰਦਾਰ ਨੇ ਸਿਆਸੀ ਕਦਰਾਂ ਕੀਮਤਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਇਸ ਸਿਧਾਂਤਕ ਦੀਵਾਲੀਏਪਣ ਦੇ ਦੌਰ ਵਿੱਚ ਪੰਜਾਬ ਦੇ ਬੁੱਧੀਜੀਵੀ ਕਹਾਉਂਦੇ ਵਰਗ ਨੇ ਸਿਆਸੀ ਆਗੂਆਂ ਨੂੰ ਸਿਧਾਂਤਕ ਮਸ਼ਵਰਾ ਦੇਣ ਦੀ ਕੋਈ ਖਾਸ ਕੋਸ਼ਿਸ਼ ਨਹੀਂ ਕੀਤੀ। ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਵਿਦਵਾਨ ਆਪਣੇ ਆਕਾਵਾਂ ਦ ਖੁਸ਼ੀ ਵਿੱਚ ਖੁਸ਼ ਰਹਿਣਾ ਬਾਖੂਬੀ ਸਿੱਖ ਗਏ ਹਨ।

ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਇਕ ਡੇਰੇ ਵੱਲੋਂ ਬੇਬਾਕ ਸਿਆਸੀ ਹਮਾਇਤ ਦੇਣ ਨਾਲ ਸੂਬੇ ਦੀ ਸਿਆਸੀ ਤੇ ਸਮਾਜਿਕ ਫਿਜ਼ਾ ਨੇ ਇਕ ਮੁਕੰਮਲ ਵੱਖਰਾ ਰੰਗ ਫੜ ਲਿਆ ਹੈ। ਕਿਹਾ ਜਾ ਸਕਦਾ ਹੈ ਕਿ ਸਾਰੇ ਘਟਨਾਕ੍ਰਮ ਸਦਕਾ ਪੰਜਾਬ ਦੀ ਸਿਆਸਤ ਵਿੱਚ ਨਵਾਂ ਦੌਰ ਸ਼ੁਰੂ ਹੋਣ ਵਾਲਾ ਹੈ। ਇਕ ਪ੍ਰਮੁੱਖ ਸਵਾਲ ਉਭਰ ਰਿਹਾ ਹੈ, ਧਰਮ ਨਿਰਪੱਖ ਕਦਰਾਂ ਕੀਮਤਾਂ ਦੇ ਹਾਮੀ ਕਹਾਉਂਦੇ ਭਾਰਤ ਅੰਦਰ ਡੇਰੇਦਾਰਾਂ ਦੀਆਂ ਅਜਿਹੀਆਂ ਫਿਰਕੂ ਚਾਲਾਂ ਸਮਾਜ ਨੂੰ ਕਿਹੋ ਜਿਹੀ ਸੇਧ ਦੇਣਗੀਆਂ? ਡੇਰੇਦਾਰਾਂ ਅਤੇ ਸਿਆਸਤਦਾਨਾਂ ਦੀ ਜੁਗਲਬੰਦੀ ਕਿਸੇ ਵੀ ਕਿਸਮ ਦੀ ਉਸਾਰੂ ਸੋਚ ਜਾਂ ਕਾਰਜਾਂ ਨੂੰ ਪ੍ਰਫੁੱਲਤ ਨਹੀਂ ਕਰਦੀ, ਕਿਉਂਕਿ ਇਹ ਸਿਰਫ ਲੈਣ ਦੇਣ ਦੇ ਸੰਕਲਪ 'ਤੇ ਆਧਾਰਤ ਸੌਦੇਬਾਜ਼ੀ ਹੀ ਹੁੰਦੀ ਹੈ।

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd | Mcvean Dr | Gore Rd | DENTISTRY | Squire Ellis Dr | Countryside Dr

# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
## OPEN HOUSE
Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

*We have confirmed job offers from Canadian Employers for:*

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

